# ck nwtk q isPr nwtk

## ਮੂਲ ਪਾਠ ਅਤੇ ਰੰਗਮੰਚਕੀ ਵੇਰਵੇ



**ਰਵਿੰਦਰ ਰਵੀ**

## ਰਵਿੰਦਰ ਰਵੀ ਰਚਿਤ ਪੁਸਤਕਾਂ

**ਕਵਿਤਾ** : ਦਿਲ ਦਰਿਆ ਸਮੁੰਦਰੋਂ ਡੂੰਘੇ, ਬੁੱਕਲ ਦੇ ਵਿਚ ਚੋਰ, ਬਿੰਦੂ, ਮੌਨ ਹਾਦਸੇ, ਦਿਲ-ਟ੍ਰਾਂਸਪਲਾਟ ਤੋਂ ਬਾਅਦ, ਸ਼ਹਿਰ ਜੰਗਲੀ ਹੈ, ਮੇਰੇ ਮੌਸਮ ਦੀ ਵਾਰੀ, ਜਲ ਭਰਮ-ਜਲ, ਚਿੱਟੇ ਕਾਲੇ ਧੱਬੇ, ਸੀਮਾਂ ਆਕਾਸ਼, ਸ਼ੀਸ਼ੇ 'ਤੇ ਦਸਤਕ, ਆਪਣੇ ਖ਼ਿਲਾਫ਼, ਸੂਰਜ ਤੇਰਾ ਮੇਰਾ, ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਛਾਵਾਂ ਤੇ ਪਰਛਾਵੇਂ, ਬਾਜ਼ ਦੀ ਨਜ਼ਰ, ਨਵੀਂ ਸਦੀ ਦੀ ਨਵੀਂ ਨਸਲ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ, ਫੇਸਬੁੱਕ ਕਵਿਤਾ, ਮੈਂ-ਕਾਲ : ਤ੍ਰੈਕਾਲ, ਪਾਰ ਗਾਥਾ

**ਸਮੁੱਚੀ ਕਵਿਤਾ** : ਅਕੱਥ-ਕਥਾ, ਸੈਂਚੀ ਪਹਿਲੀ, 1955-66 (ਭਾਰਤ), ਵਣ-ਵਾਣੀ, ਸੈਂਚੀ ਦੂਜੀ, 1967-74 (ਕੀਨੀਆ), ਪਿਆਸਾ ਬੱਦਲ, ਸੈਂਚੀ ਤੀਜੀ 1975-86 (ਕੈਨੇਡਾ), ਸ਼ਬਦ ਸਾਗਰ, ਸੈਂਚੀ ਚੌਥੀ, 1986-2003 (ਕੈਨੇਡਾ), ਪਿੰਡ ਬ੍ਰਹਮੰਡ, ਸੈਂਚੀ ਪੰਜਵੀਂ, 2003-2014 (ਕੈਨੇਡਾ)

**ਕਾਵਿ-ਨਾਟਕ** : ਬੀਮਾਰ ਸਦੀ, ਦਰ ਦੀਵਾਰਾਂ, ਅੱਧੀ ਰਾਤ ਦੁਪਹਿਰ, ਚੌਕ ਨਾਟਕ, ਰੂਹ ਪੰਜਾਬ ਦੀ, ਸਿਫ਼ਰ ਨਾਟਕ, ਤਿੰਨ ਨਾਟਕ ('ਮੱਕੜੀ ਨਾਟਕ', 'ਰੁਕੇ ਹੋਏ ਯਥਾਰਥ' ਤੇ 'ਪਛਾਣ ਨਾਟਕ'), ਮਨ ਦੇ ਹਾਣੀ, ਮਖੌਟੇ ਤੇ ਹਾਦਸੇ, ਚੱਕ੍ਰਵਯੂਹ ਤੇ ਪਿਰਾਮਿਡ, ਆਪੋ ਆਪਣੇ ਦਰਿਆ, ਹੋਂਦ ਨਿਹੋਂਦ, ਪਰਤੱਖ ਤੋਂ ਅਗਾਂਹ (ਦੋ ਕਾਵਿ ਨਾਟਕ : 'ਭਰਮ-ਜਲ' ਅਤੇ 'ਸਿਆਸੀ ਦੰਦ-ਕਥਾ')

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਮੇਰੇ ਕਾਵਿ-ਨਾਟਕ-1 (1974-1983), ਮੇਰੇ ਕਾਵਿ- ਨਾਟਕ-2 (1984-1987), ਮੇਰੇ ਕਾਵਿ-ਨਾਟਕ-3 (1990-2005), ਮੇਰੇ ਕਾਵਿ-ਨਾਟਕ-4 (2008-2010)

**ਤ੍ਰੈਲੜੀ ਨਾਟਕ** : ਸੂਰਜ ਨਾਟਕ (1974-1983)

**ਨਾਟਕ ਤੇ ਰੰਗਮੰਚ** : ਦੋ ਨਾਟਕ ਤੇ ਰੰਗਮੰਚ, ਦਰ ਦੀਵਾਰਾਂ ਤੇ ਸਿਆਸੀ ਦੰਦ-ਕਥਾ : ਮੂਲ-ਪਾਠ ਅਤੇ ਰੰਗਮੰਚਕੀ ਵੇਰਵੇ (2019), ਚੌਕ ਨਾਟਕ ਤੇ ਸਿਫ਼ਰ ਨਾਟਕ : ਮੂਲ ਪਾਠ ਅਤੇ ਰੰਗਮੰਚਕੀ ਵੇਰਵੇ (2020)

**ਕਹਾਣੀ** : ਚਰਾਵੀ, ਜੁਰਮ ਦੇ ਪਾਤਰ, ਸ਼ਹਿਰ ਵਿਚ ਜੰਗਲ, ਕੋਨ ਪ੍ਰਤੀਕੋਨ, ਮੈਲੀ ਪੁਸਤਕ, ਜਿੱਥੇ ਦੀਵਾਰਾਂ ਨਹੀਂ, ਕੰਪਿਊਟਰ ਕਲਚਰ, ਆਪਣੇ ਆਪਣੇ ਟਾਪੂ, ਗੋਰੀਆਂ ਸ਼ਹੀਦੀਆਂ

**ਸਮੁੱਚੀ ਕਹਾਣੀ** : ਅਘਰਵਾਸੀ (1955-1984), ਮੇਰੀ ਕਹਾਣੀ (1955-2005), ਮੇਰੀਆਂ ਸਾਰੀਆਂ ਕਹਾਣੀਆਂ (1955-2010)

**ਚਰਚਤ ਕਹਾਣੀ** : ਸਮੇਂ ਦੇ ਨਾਲ ਨਾਲ (1955-1989)

**ਪ੍ਰਤਿਨਿਧ ਕਹਾਣੀ**: ਖੰਭਾਂ ਵਾਲੇ ਪਿੰਜਰੇ (1955-2000), ਚੋਣਵੀਆਂ ਕਹਾਣੀਆਂ (ਇਸਤਰੀ ਮਰਦ ਪ੍ਰਸੰਗ), ਚੋਣਵੀਆਂ ਕਹਾਣੀਆਂ-2 (ਬ੍ਰਹਮੰਡਕ ਸਰੋਕਾਰ)

**ਸਫ਼ਰਨਾਮਾ** : ਸਿਮਰਤੀਆਂ ਦੇ ਦੇਸ਼

**ਵਾਰਤਕ** : ਮੇਰੀ ਸਾਹਿਤਕ ਸਵੈ-ਜੀਵਨੀ, ਐਟਸੈਟਰਾ-2, ਐਟਸੈਟਰਾ-3, ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸ੍ਵੈ ਜੀਵਨੀ), ਐਟਸੈਟਰਾ-4

**ਸਮੀਖਿਆ** : ਪ੍ਰਯੋਗਸ਼ੀਲ ਕਾਵਿ-ਦਰਪਨ, ਮੇਰਾ ਕਾਵਿ-ਨਾਟ-ਲੋਕ, ਐਟਸੈਟਰਾ-1, ਮੇਰਾ ਥੀਏਟਰ ਤੇ ਇੱਕੀਵੀਂ ਸਦੀ, ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ, ਸਿਧਾਂਤਕ ਤੇ ਤਕਨੀਕੀ ਪਰਿਪੇਖ

**ਸੰਪਾਦਨ** : ਵਿਸ਼ਵ ਪੰਜਾਬੀ ਸਾਹਿਤ, ਕਵਿਤਾ ਸਨਮੁਖ, ਕਥਾ ਸਨਮੁਖ, ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ), ਕਥਾ ਸਨਮੁਖ-2
Wind Song (Poetry), Wind Song-2 (Poetry)

**ਅੰਗਰੇਜ਼ੀ** : Restless Soul (Poetry), Cosmic Symphony (Short Stories)

**ਹੋਰਨਾਂ ਨਾਲ ਸਾਂਝੀਆਂ** : The Rebel Sound (Poetry)
The Voices of Dissent (Poetry), Green Snow (Poetry)

**ਹਿੰਦੀ** : ਅੰਧੇਰਾ ਯੂਕਲਿਪਟਸ ਔਰ ਆਗ (ਕਹਾਣੀਆਂ), ਸੂਰਜ ਕਾ ਤਕੀਆ (ਕਵਿਤਾ)।

**ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)**

**ਕਾਵਿ-ਸੰਗ੍ਰਹਿ** : ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ, ਨਵੀਂ ਸਦੀ ਦੀ ਨਵੀਂ ਨਸਲ

**ਚੋਣਵੀਂ ਕਵਿਤਾ** : ਹੀਰਿਆਂ ਦਾ ਚੋਗ (1974-89)

**ਚੋਣਵੀਂ ਕਹਾਣੀ** : ਖੰਭਾਂ ਵਾਲੇ ਪਿੰਜਰੇ (1955-2000), ਵਗਦੇ ਦਰਿਆ (1967-2010)

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਕਾਵਿ-ਨਾਟਕ : ਮਨ ਦੇ ਹਾਣੀ (2005)

# ck nwtk q isPr nwtk

## ਮੂਲ ਪਾਠ ਅਤੇ ਰੰਗਮੰਚਕੀ ਵੇਰਵੇ

### ਰਵਿੰਦਰ ਰਵੀ


**ਨੈਸ਼ਨਲ ਬੁਕ ਸ਼ਾਪ**
ਪਲੱਈਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ-110 006

**CHOWK NAATAK TE SIFER NAATAK**

Mool Paath Ate RangManchaki Verve

Written by Ravinder Ravi (R.S. Gill)

© Ravinder Ravi (R. S. GILL)
116 - 3530 Kalum Street
Terrace, B.C., Canada V8G 2P2
Telephone : (250) 635 4455
E-mail: **ravi37@telus.net** and **ravinderravi37@gmail.com**
My Personal Blog/Website : **www.ravinder-ravi.com**

Art : K.S. Manupuria, (India) and Donna Caplette (Canada)
Photographs : 'Manch RangManch' (Amritsar) Photographers & Bir Inder Pal Singh
Typesetting : Kuldeep Singh (India) (M. 9811544085)

ਰੂਪਕਾਰ : ਕੇ. ਐੱਸ. ਮਾਨੂੰਪੁਰੀਆ (ਭਾਰਤ) ਅਤੇ ਡੌਨਾ ਕੈਪਲੈਟ (ਕੈਨੇਡਾ)
ਫੋਟੋ : ਮੰਚ ਰੰਗਮੰਚ (ਅੰਮ੍ਰਿਤਸਰ) ਦੇ ਫੋਟੋਗ੍ਰਾਫਰ ਅਤੇ ਬੀਰ ਇੰਦਰ ਪਾਲ ਸਿੰਘ
ਟਾਈਪਸੈਟਿੰਗ : ਕੁਲਦੀਪ ਸਿੰਘ (ਭਾਰਤ) (ਮੋ. 9811544085)

First Edition : 2020

ISBN 978-81-7116-734-0

**PRICE : Rs. 550.00**

Published by :
**NATIONAL BOOK SHOP**
Pleasure Garden Market, Near Gauri Shankar Mandir,
Chandni Chowk, Delhi-110006
Ph. : 011-45555610, 9891996919, 9811337763
Email:nbs.bookstore@gmail.com

Printer :
**B.K. OFFSET,** Delhi-110032

**ਡਾ. ਸੁਰਜੀਤ ਸਿੰਘ ਸੇਠੀ**

**ਦੇ ਨਾਂ**

**ਜਿਸ ਨੇ 1976 ਵਿੱਚ ਮੇਰੇ ਪਹਿਲੇ ਕਾਵਿ–ਨਾਟਕ**
**"ਬੀਮਾਰ ਸਦੀ" ਦਾ ਮੰਚਨ ਕਰ ਕੇ**
**ਮੈਨੂੰ ਤੇ ਮੇਰੇ ਕਾਵਿ–ਨਾਟਕਾਂ ਨੂੰ ਰੰਗਮੰਚ ਨਾਲ ਜੋੜਿਆ**

# ਤਰਤੀਬ


ਰਵਿੰਦਰ ਰਵੀ ਦਾ ਜੀਵਨ-ਬਿਓਰਾ 9

"ਚੌਕ ਨਾਟਕ" ਤੇ "ਸਿਫਰ ਨਾਟਕ" : ਆਰੰਭਕ ਸ਼ਬਦ -ਰਵਿੰਦਰ ਰਵੀ 15

ਮੇਰੇ ਕਾਵਿਨਾਟਕਾਂ ਦਾ ਮੰਚਨ : ਸੰਖੇਪ ਜਾਣਕਾਰੀ -ਰਵਿੰਦਰ ਰਵੀ 17

ਪ੍ਰਕਾਸ਼ਨ-ਸਾਲ-ਕ੍ਰਮ ਅਨੁਸਾਰ ਮੇਰੇ ਕਾਵਿਨਾਟਕਾਂ ਦੇ
ਮੰਚਨ ਦਾ ਵੇਰਵਾ : ਪੰਛੀ ਝਾਤ -ਰਵਿੰਦਰ ਰਵੀ 21


## ਚੌਕ ਨਾਟਕ : ਮੂਲ-ਪਾਠ


"ਚੌਕ ਨਾਟਕ" ਨਾਲ ਚੌਕ ਵਿਚ ਰਵਿੰਦਰ ਰਵੀ 27

ਨਾਟ-ਕ੍ਰਮ ਤੇ ਪਾਤਰ 29

ਆਦਿ-ਦ੍ਰਿਸ਼ (Prologue) : ਮੰਚੋਂ ਬਾਹਰ ਹੋਰ ਪਾਤਰ 31

ਕਾਵਿਨਾਟਕ "ਚੌਕ ਨਾਟਕ" ਦਾ ਮੂਲ ਪਾਠ 33-116

"ਚੌਕ ਨਾਟਕ" ਦੀ ਅੰਤਿਕਾ : ਕਰਤਾਰ ਸਿੰਘ ਦੁੱਗਲ, ਡਾ. ਮੋਹਨਜੀਤ,
ਡਾ. ਸੁਤਿੰਦਰ ਸਿੰਘ ਨੂਰ, ਡਾ. ਕੁਲਬੀਰ ਸਿੰਘ ਕਾਂਗ, ਕੇ.ਐਲ. ਗਰਗ
ਅਤੇ ਡਾ. ਉਪਦੇਸ਼ ਕੌਰ 117-142


## ਸਿਫਰ ਨਾਟਕ : ਮੂਲ-ਪਾਠ


ਕੁਝ "ਸਿਫਰ ਨਾਟਕ" ਬਾਰੇ ਰਵਿੰਦਰ ਰਵੀ 145

"ਸਿਫਰ ਨਾਟਕ" ਦੇ ਪਾਤਰ 148

ਕਾਵਿਨਾਟਕ "ਸਿਫਰ ਨਾਟਕ" ਦਾ ਮੂਲ ਪਾਠ 149-190

"ਸਿਫਰ ਨਾਟਕ" ਦੀ ਅੰਤਿਕਾ : ਡਾ. ਦੇਵਿੰਦਰ ਕੌਰ, ਅਵਤਾਰ ਜੌੜਾ
ਅਤੇ ਡਾ. ਬਖਸ਼ੀਸ਼ ਸਿੰਘ 193-201

## ਚੌਕ ਨਾਟਕ ਤੇ ਸਿਫਰ ਨਾਟਕ ਦਾ 2019 ਵਿਚ ਮੰਚਨ

ਮੰਚਨ-ਵੇਰਵੇ, '16ਵਾਂ ਪੰਜਾਬ ਥੀਏਟਰ ਫੈਸਟੀਵਲ', ਦੇ ਬਰੋਸ਼ਰ ਦੇ ਕੁਝ ਪੰਨੇ, 203
ਅਖਬਾਰੀ ਰੀਵਿਊ 209

## ਅੰਤਿਕਾ

ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ 215
ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ 218
ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ 220
ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ 222
ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ, ਉਸ ਦੇ ਵੈਬਸਾਈਟ ਉੱਤੇ : **www.ravinder-ravi.com** 223
ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ 224
ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ.ਐੱਚ.ਡੀ. ਪੱਧਰ ਦਾ ਖੋਜ-ਕਾਰਜ 227
ਰਵਿੰਦਰ ਰਵੀ ਦੇ ਸਾਹਿਤ ਉੱਤੇ ਐੱਮ.ਫਿਲ. ਪੱਧਰ ਦਾ ਤੇ ਐੱਮ.ਏ. ਦਾ ਖੋਜ-ਕਾਰਜ 229
ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ 231
ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ 234
ਇਆਪਾ (I.A.P.A.A.) ਵਲੋਂ ਦਿੱਤੇ ਗਏ ਪੁਰਸਕਾਰ 236

## ਪੁਸਤਕ ਦਰਸ਼ਨ

ਰਵਿੰਦਰ ਰਵੀ ਦੇ ਕਾਵਿਨਾਟਕ 'ਚੱਕ੍ਰਵਯੂਹ ਤੇ ਪਿਰਾਮਿਡ' ਦਾ ਯੂਨਾਨੀ ਨਾਟ-ਸ਼ੈਲੀ ਦੇ ਪ੍ਰਸੰਗ ਵਿਚ ਅਧਿਐਨ (ਖੋਜ ਨਿਬੰਧ) -ਨਿਸ਼ਾਨ ਸਿੰਘ 241
ਫੇਸਬੁੱਕ ਕਵਿਤਾ-2018 : ਡੂੰਘੇ ਅਰਥਾਂ ਵਾਲੀ ਸ਼ਾਇਰੀ -ਡਾ. ਸੁਰਿੰਦਰ ਸਿੰਘ ਗਿੱਲ 252



# ਰਵਿੰਦਰ ਰਵੀ ਦਾ ਜੀਵਨ ਬਿਓਰਾ

| | | |
|---|---|---|
| ਜਨਮ | : | ਮਾਰਚ 8, 1937, ਸਿਆਲਕੋਟ (ਪਾਕਿਸਤਾਨ) |
| ਜਨਮ-ਮਿਤੀ | : | ਸਰਕਾਰੀ ਰੀਕਾਰਡ ਵਿਚ ਮਾਰਚ 8, 1938 ਦਰਜ ਹੈ |
| ਪਿਤਾ | : | ਪ੍ਰੋ. ਪਿਆਰਾ ਸਿੰਘ ਗਿੱਲ |
| ਮਾਤਾ | : | ਚਰਨਜੀਤ ਕੌਰ |
| ਪਤਨੀ | : | ਕਸ਼ਮੀਰ ਕੌਰ |
| ਪੁੱਤਰ | : | ਅੰਮ੍ਰਿਤਪਾਲ ਅਤੇ ਸਹਿਜਪਾਲ |
| ਨੂੰਹਾਂ | : | ਪਲਬਿੰਦਰ ਤੇ ਮਨਵੀਨ |
| ਪੋਤਰੀਆਂ | : | ਮਨਪ੍ਰੀਯਾ ਤੇ ਮੋਹਨਾਮ |
| ਪੋਤਰੇ | : | ਈਮਾਨ, ਕੁਰਬਾਨ ਤੇ ਸਾਗਰ |
| ਵਿੱਦਿਆ | : | ਐਮ. ਏ., ਬੀ. ਏ. (ਆਨਰਜ਼), ਬੀ. ਟੀ. |
| ਜੱਦੀ ਪਿੰਡ | : | ਜਗਤਪੁਰ (ਨਵਾਂ ਸ਼ਹਿਰ) |

ਰਵੀ ਨੇ ਮੁੱਢਲੀ ਵਿੱਦਿਆ ਸਿਆਲਕੋਟ ਦੇ ਖਾਲਸਾ ਸਕੂਲ ਵਿਚ ਪ੍ਰਾਪਤ ਕੀਤੀ ਅਤੇ ਚੌਥੀ ਸ਼੍ਰੇਣੀ ਵਿਚ ਡਿਸਟ੍ਰਿਕਟ ਬੋਰਡ ਦਾ ਵਜ਼ੀਫ਼ਾ ਵੀ ਹਾਸਿਲ ਕੀਤਾ। ਉਸ ਦੇ ਪਿਤਾ ਉਸ ਸਮੇਂ ਮਰੇ ਕਾਲਜ ਸਿਆਲਕੋਟ ਵਿਚ ਪੰਜਾਬੀ ਦੇ ਅਧਿਆਪਕ ਸਨ। 1947 ਦੇ ਬਟਵਾਰੇ ਉਪਰੰਤ ਰਵਿੰਦਰ ਰਵੀ ਸਿਆਲਕੋਟ ਨੂੰ ਛੱਡ ਕੇ ਆਪਣੇ ਪਰਵਾਰ ਸਮੇਤ, ਆਪਣੇ ਜੱਦੀ ਪਿੰਡ ਜਗਤਪੁਰ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਆ ਵੱਸਿਆ। ਏਥੋਂ ਡੇਢ ਕੁ ਮੀਲ 'ਤੇ ਸਥਿਤ ਸਰਹਾਲ ਕਾਜ਼ੀਆਂ ਦੇ ਖਾਲਸਾ ਹਾਈ ਸਕੂਲ ਤੋਂ ਉਸ ਨੇ, 1952 ਵਿਚ, ਮੈਟ੍ਰਿਕੁਲੇਸ਼ਨ ਦਾ ਇਮਤਿਹਾਨ ਪਾਸ ਕੀਤਾ ਅਤੇ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਚ ਐਫ. ਐਸ. ਸੀ. (ਮੈਡੀਕਲ) ਵਿਚ ਦਾਖ਼ਲਾ ਲੈ ਲਿਆ। ਉਨ੍ਹਾਂ ਦਿਨਾਂ ਵਿਚ ਉਸ ਦੇ ਪਿਤਾ ਪ੍ਰੋਫੈਸਰ ਪਿਆਰਾ ਸਿੰਘ ਗਿੱਲ, ਇਸ ਕਾਲਜ ਵਿਚ ਪੰਜਾਬੀ ਦੇ

ਅਧਿਆਪਕ ਸਨ। ਉਨ੍ਹਾਂ ਦੀ ਇੱਛਾ ਸੀ ਕਿ ਰਵੀ ਐਮ. ਬੀ. ਬੀ. ਐਸ. ਕਰਕੇ ਡਾਕਟਰ ਬਣੇ। ਪਰ ਰਵੀ ਨੂੰ ਮੈਡੀਕਲ ਸਾਇੰਸ ਦੇ ਇਨ੍ਹਾਂ ਵਿਸ਼ਿਆਂ ਵਿਚ ਕੋਈ ਦਿਲਚਸਪੀ ਨਹੀਂ ਸੀ। ਐਫ. ਐਸ. ਸੀ. 'ਚੋਂ ਦੋ ਕੁ ਵਾਰ ਫੇਲ੍ਹ ਹੋ ਕੇ, 1955 ਵਿਚ ਉਸ ਨੇ ਜਲੰਧਰ ਦੇ ਦੋਆਬਾ ਖਾਲਸਾ ਹਾਈ ਸਕੂਲ ਵਿਚ ਜੇ. ਬੀ. ਟੀ. (ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ) ਵਿਚ ਦਾਖ਼ਲਾ ਲੈ ਲਿਆ। 14 ਮਈ, 1956 ਨੂੰ, ਜੇ. ਬੀ. ਟੀ. ਪਾਸ ਕਰਨ ਉਪਰੰਤ, ਉਹ ਆਪਣੇ ਜੱਦੀ ਪਿੰਡ ਜਗਤਪੁਰ ਦੇ ਸਕੂਲ ਵਿਚ ਅਧਿਆਪਕ ਲੱਗ ਗਿਆ। ਅਗਲੇ 8 ਕੁ ਸਾਲਾਂ ਵਿਚ ਏਥੇ ਪੜ੍ਹਾਉਂਦਿਆਂ ਹੀ ਉਸ ਨੇ ਗਿਆਨੀ, ਬੀ. ਏ., ਐਮ. ਏ. ਅਤੇ ਬੀ. ਟੀ. ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਇਸ ਉਪਰੰਤ 6 ਕੁ ਮਹੀਨੇ ਜਲੰਧਰ ਦੇ ਗੌਰਮੈਂਟ ਮਾਡਲ ਹਾਇਰ ਸੈਕੰਡਰੀ ਸਕੂਲ ਵਿਚ ਅਤੇ ਦੋ ਕੁ ਸਾਲ ਤਲਵਣ, ਜ਼ਿਲ੍ਹਾ ਜਲੰਧਰ ਦੇ ਗੌਰਮੈਂਟ ਹਾਇਰ ਸੈਕੰਡਰੀ ਸਕੂਲ ਵਿਚ ਉਸ ਨੇ ਅੰਗਰੇਜ਼ੀ ਅਤੇ ਪੰਜਾਬੀ ਦਾ ਅਧਿਆਪਨ ਕੀਤਾ।

ਇਸ ਤਰ੍ਹਾਂ ਰਵਿੰਦਰ ਰਵੀ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਲਗਭਗ ਦਸ ਸਾਲ ਅਧਿਆਪਨ ਉਪਰੰਤ ਜਨਵਰੀ 1967 ਵਿਚ ਕੀਨੀਆਂ ਚਲਾ ਗਿਆ। ਅਗਲੇ ਅੱਠ ਸਾਲ ਕੀਨੀਆਂ ਵਿਚ ਅਧਿਆਪਨ ਦੇ ਦੌਰਾਨ ਉਸ ਨੇ ਯੂਰਪ, ਉੱਤਰੀ ਅਮਰੀਕਾ, ਅਫ਼ਰੀਕਾ ਤੇ ਏਸ਼ੀਆ ਦੇ ਕਈ ਦੇਸ਼ਾਂ ਦਾ ਵਿਸ਼ਾਲ ਦੇਸ਼ਾਟਨ ਕੀਤਾ।

1974 ਦੇ ਅੰਤ ਵਿਚ ਉਹ ਮੱਧ ਪੂਰਬ, ਯੂਰਪ ਤੇ ਇੰਗਲੈਂਡ ਦੀ ਗਰਦੌਰੀ ਕਰਦਾ, ਪੱਕੇ ਤੌਰ 'ਤੇ ਕੈਨੇਡਾ ਆ ਗਿਆ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਪ੍ਰਾਂਤ ਦੇ ਵਿੱਦਿਅਕ ਮੰਤਰਾਲੇ ਤੋਂ ਉਸ ਨੇ 1975 ਵਿਚ ਪ੍ਰੋਫੈਸ਼ਨਲ ਟੀਚਿੰਗ ਸਰਟੀਫਿਕੇਟ ਪ੍ਰਾਪਤ ਕੀਤਾ ਤੇ ਬੀ. ਸੀ. ਕਾਲਜ ਆਫ ਟੀਚਰਜ਼ ਦਾ ਮੈਂਬਰ ਬਣ ਗਿਆ। ਬਾਅਦ ਵਿਚ ਉਸ ਨੇ ਸ਼ਿਕਾਰ ਖੇਡਣ (Hunting) ਦਾ ਡਿਪਲੋਮਾ ਵੀ ਪ੍ਰਾਪਤ ਕੀਤਾ।

ਏਥੇ ਸੈਕੰਡਰੀ ਸਕੂਲ ਵਿਚ ਅੰਗੇਰਜ਼ੀ ਤੇ ਸਮਾਜ-ਸ਼ਾਸਤਰ ਵਿਭਾਗ ਦੇ ਮੁਖੀ ਦੇ ਤੌਰ 'ਤੇ ਗਿਆਰਾਂ ਕੁ ਸਾਲ ਅੰਗਰੇਜ਼ੀ ਭਾਸ਼ਾ, ਅੰਗਰੇਜ਼ੀ ਸਾਹਿਤ, ਪੱਤਰਕਾਰੀ ਤੇ ਸਾਹਿਤ-ਰਚਨਾ ਪੜ੍ਹਾਉਣ ਉਪਰੰਤ ਡਿਸਟ੍ਰਿਕਟ ਰੀਸੋਰਸ ਸੈਂਟਰ ਦਾ ਕੋਆਰਡੀਨੇਟਰ ਬਣ ਕੇ ਉਹ ਖੋਜ-ਵਿੱਦਿਆ ਪੜ੍ਹਾਉਂਦਾ ਰਿਹਾ। ਸਤੰਬਰ, 1991 ਤੋਂ 30 ਜੂਨ, 2003 ਤਕ, ਉਸ ਨੇ ਨਿਸਗਾ ਟੀਚਰਜ਼ ਯੂਨੀਅਨ ਦੇ ਕੁਲਵਕਤੀ ਪ੍ਰਧਾਨ ਦੇ ਤੌਰ 'ਤੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਅਧਿਆਪਕ ਰਾਜਨੀਤੀ ਅਤੇ ਟ੍ਰੇਡ ਯੂਨੀਅਨ ਮੂਵਮੈਂਟ ਵਿਚ ਸਰਗਰਮ ਹਿੱਸਾ ਲਿਆ ਤੇ ਆਪਣਾ ਯੋਗਦਾਨ ਪਾਇਆ। 1 ਜਲਾਈ, 2003 ਤੋਂ ਉਹ ਅਧਿਆਪਨ ਦੇ ਇਸ ਕਿੱਤੇ ਤੋਂ ਪੂਰਨ ਤੌਰ 'ਤੇ ਸੇਵਾ-ਮੁਕਤ ਹੋ ਕੇ ਕੁਲਵਕਤੀ ਲੇਖਕ ਬਣ ਗਿਆ।

ਰਵੀ ਸਭ ਤੋਂ ਪਹਿਲਾ ਪਰਵਾਸੀ ਲੇਖਕ ਹੈ, ਜਿਸ ਨੂੰ ਭਾਸ਼ਾ ਵਿਭਾਗ ਪੰਜਾਬ ਤੇ ਪੰਜਾਬ ਆਰਟਸ ਕੌਂਸਲ ਨੇ, 1980 ਵਿਚ ਸ਼੍ਰੋਮਣੀ ਸਾਹਿਤਕਾਰ ਦੇ



ਪੁਰਸਕਾਰਾਂ ਨਾਲ ਸਨਮਾਨਿਆ। ਉਸਦੇ ਨਾਟਕ "ਅੱਧੀ ਰਾਤ ਦੁਪਹਿਰ" (1983) ਨੂੰ ਭਾਸ਼ਾ ਵਿਭਾਗ ਪੰਜਾਬ ਨੇ 'ਈਸ਼ਵਰ ਚੰਦਰ ਨੰਦਾ ਪੁਰਸਕਾਰ' ਨਾਲ ਸਨਮਾਨਤ ਕੀਤਾ। 1992 ਵਿਚ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨੇ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਨਾਲ, 1993 ਵਿਚ ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ (ਡੈਨਮਾਰਕ) ਨੇ ਬਾਬਾ ਬੁੱਲ੍ਹੇ ਸ਼ਾਹ ਪੁਰਸਕਾਰ ਨਾਲ ਤੇ 1994 ਵਿਚ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਅਮਰੀਕਾ) ਨੇ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਸਨਮਾਨਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 2000 ਵਿਚ ਪ੍ਰੋ. ਪੂਰਨ ਸਿੰਘ ਦਹਿਸਦੀ (ਮਿਲੇਨੀਅਮ) ਪੁਰਸਕਾਰ ਨਾਲ ਅਤੇ 2001 ਵਿਚ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਨਾਲ ਸਨਮਾਨਤ ਕੀਤਾ। ਜੂਨ, 2003 ਵਿਚ ਨਿਸਗਾ ਸਕੂਲ-ਜ਼ਿਲ੍ਹੇ ਦੇ ਸਕੂਲ ਬੋਰਡ ਨੇ ਅਤੇ ਜਨਵਰੀ, 2004 ਵਿਚ ਨਿਸਗਾ ਟੀਚਰਜ਼ ਯੂਨੀਅਨ ਨੇ ਉਸ ਦਾ ਵਿਸ਼ੇਸ਼ ਅਭਿਨੰਦਨ ਕੀਤਾ। 22 ਅਗਸਤ, 2004 ਨੂੰ ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੈਲੇਫੋਰਨੀਆਂ ਯੂ. ਐਸ. ਏ. ਨੇ ਤੇ 2005 ਵਿਚ ਇੰਡੋ ਕਨੇਡੀਅਨ ਕਲਚਰਲ ਐਸੋਸੀਏਸ਼ਨ (ਕੈਨੇਡਾ) ਨੇ ਰਵੀ ਨੂੰ ਸਮੁੱਚੀ ਸਾਹਿਤਿਕ ਦੇਣ ਲਈ ਸਨਮਾਨਿਆ।

22 ਜਨਵਰੀ, 2006 ਨੂੰ ਲਾਹੌਰ ਪਾਕਿਸਤਾਨ ਵਿਚ, ਰਵਿੰਦਰ ਰਵੀ ਨੂੰ "ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ" ਨੇ "ਜੀਵਨ-ਕਾਲ-ਪ੍ਰਾਪਤੀ-ਪੁਰਸਕਾਰ" ਨਾਲ, "ਵਰਲਡ ਇਨਸਟੀਚਿਊਟ ਆਫ਼ ਪੰਜਾਬੀ ਲਿਟਰੇਚਰ ਐਂਡ ਹੈਰੀਟੇਜ" ਨੇ "ਤਮਗ਼ਾ-ਏ-ਹੁਸਨ-ਏ-ਕਾਰਕਰਦਗੀ" ਨਾਲ, "ਐਸੋਸੀਏਸ਼ਨ ਆਫ਼ ਰਾਈਟਰਜ਼ ਐਂਡ ਆਰਟਿਸਟਸ" ਨੇ "ਗੋਲਡ ਮੈਡਲ" ਨਾਲ ਅਤੇ ਲਾਹੌਰ ਦੇ ਪੰਜਾਬੀ ਪੱਤਰਕਾਰਾਂ ਦੀ ਸੰਸਥਾ ਨੇ "ਸ਼ਾਲ" ਨਾਲ ਅਭਿਨੰਦਤ ਕੀਤਾ। ਇਸੇ ਸਾਲ ਭਾਰਤ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਤੇ ਪੰਜਾਬੀ ਲੇਖਕ ਸਭਾ, ਜਗਤਪੁਰ (ਰਜਿ:) ਨੇ ਵੀ ਉਸ ਦਾ ਉਚੇਚਾ ਸਨਮਾਨ ਕੀਤਾ। ਸਾਲ 2006 ਵਿਚ ਹੀ ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ (ਕੈਨੇਡਾ) ਨੇ ਆਪਣੇ ਸੌ ਸਾਲਾ ਯਾਦਗਾਰੀ ਦਿਵਸ ਦੇ ਸਮਾਗਮ ਸਮੇਂ ਰਵੀ ਨੂੰ ਉਸਦੀਆਂ ਸਮੁੱਚੀਆਂ ਸਾਹਿਤਿਕ ਪ੍ਰਾਪਤੀਆਂ ਲਈ "ਵਿਲੱਖਣ-ਪ੍ਰਾਪਤੀ-ਪੁਰਸਕਾਰ" ਨਾਲ ਸਨਮਾਨਤ ਕੀਤਾ। 2007 ਵਿਚ ਵੀ ਉਸਨੂੰ ਪੰਜਾਬੀ ਅਕਾਦਮੀ, ਲਿਸਟਰ (ਇੰਗਲੈਂਡ), ਸਿਪਸਾ ਤੇ ਅਦਾਰਾ ਵੀਯਨਜ਼ ਆਫ਼ ਪੰਜਾਬ ਟੀ.ਵੀ., ਟਰਾਂਟੋ, ਕੈਨੇਡਾ ਨੇ ਸਨਮਾਨਤ ਕੀਤਾ। 2008 ਵਿਚ ਕੈਨੇਡਾ ਦੇ 'ਪਰਵਾਸੀ ਮੀਡੀਆ ਗਰੁੱਪ' ਨੇ ਉਸ ਨੂੰ "ਸਰਬ-ਸ੍ਰੇਸ਼ਟ ਸਾਹਿਤਕਾਰ ਪੁਰਸਕਾਰ" ਭੇਟ ਕੀਤਾ। 2011 ਵਿਚ ਜੇ ਪੰਜਾਬੀ ਨਾਟਕ ਅਕਾਦਮੀ (ਲੁਧਿਆਣਾ, ਭਾਰਤ) ਨੇ ਰਵਿੰਦਰ ਰਵੀ ਨੂੰ "ਨਾਟ ਸ਼੍ਰੋਮਣੀ" ਪੁਰਸਕਾਰ ਨਾਲ ਸਨਮਾਨਣ ਦੀ ਘੋਸ਼ਨਾ ਕੀਤੀ ਤਾਂ "ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ (UBC)", ਵੈਨਕੂਵਰ, ਕੈਨੇਡਾ ਅਤੇ "ਕੇਂਦਰੀ ਪੰਜਾਬੀ

ਲੇਖਕ ਸਭਾ (ਉੱਤਰੀ ਅਮਰੀਕਾ) ਸਰੀ, ਕੈਨੇਡਾ" ਨੇ ਉਸ ਨੂੰ "ਜੀਵਨ-ਕਾਲ ਪ੍ਰਾਪਤੀ" ਪੁਰਸਕਾਰਾਂ ਨਾਲ ਸਨਮਾਨਿਆ। ਸਾਲ 2012 ਵਿਚ "ਅਰਪਨ ਲਿਖਾਰੀ ਸਭਾ", ਕੈਲਗਰੀ (ਅਲਬਰਟਾ, ਕੈਨੇਡਾ) ਨੇ ਰਵੀ ਨੂੰ "ਇਕਬਾਲ ਅਰਪਨ ਯਾਦਗਾਰੀ ਜੀਵਨ-ਕਾਲ ਪ੍ਰਾਪਤੀ ਪੁਰਸਕਾਰ" ਨਾਲ ਅਭਿਨੰਦਤ ਕੀਤਾ। 2013 ਵਿਚ "ਪੰਜਾਬੀ ਆਰਸੀ ਰਾਈਟਰਜ਼ ਕਲੱਬ (ਕੈਨੇਡਾ)" ਨੇ ਉਸ ਨੂੰ 'ਜੀਵਨ-ਕਾਲ ਪ੍ਰਾਪਤੀ ਪੁਰਸਕਾਰ' ਦਿੱਤਾ।

ਉਹ ਇਆਪਾ ਦਾ ਮੋਢੀ ਪ੍ਰਧਾਨ ਤੇ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦਾ ਸੰਚਾਲਕ ਹੈ। ਰਵਿੰਦਰ ਰਵੀ ਪਾਕਿਸਤਾਨ ਤੋਂ ਬਾਹਰ ਵੱਸਦਾ ਪਹਿਲਾ ਗ਼ੈਰ-ਪਾਕਿਤਸਾਨੀ ਲੇਖਕ ਹੈ—ਜਿਸਦੀਆਂ ਪੁਸਤਕਾਂ ਕਾਇਦੇ ਆਜ਼ਮ ਯੂਨੀਵਰਸਿਟੀ, ਇਸਲਾਮਾਬਾਦ ਵਿਚ ਐਮ. ਏ. (ਪੰਜਾਬੀ) ਦੇ ਕੋਰਸ ਵਿਚ ਲੱਗੀਆਂ ਰਹੀਆਂ ਹਨ। ਪਾਕਿਸਤਾਨ ਵਿਚ ਉਸ ਦੇ ਕਾਵਿ-ਨਾਟਕਾਂ ਉੱਤੇ ਪੀ.ਐੱਚ.ਡੀ. ਪੱਧਰ ਦਾ ਖੋਜ-ਕਾਰਜ ਵੀ ਹੋ ਚੁੱਕਾ ਹੈ। ਪੰਜਾਬੀ ਡਰਾਮੇ ਉੱਤੇ ਆਪਣਾ ਇਹ ਖੋਜ-ਕਾਰਜ, ਡਾ. ਨਿਗਹਤ ਖ਼ੁਰਸ਼ੀਦ ਨਾਰੂ ਨੇ, 2009 ਵਿਚ, ਪੰਜਾਬ ਯੂਨੀਵਰਸਿਟੀ, ਲਾਹੌਰ, ਨੂੰ ਪ੍ਰਸਤੁਤ ਕੀਤਾ।

ਡਾ. ਰਵਿੰਦਰ ਕੌਰ ਬੇਦੀ ਨੇ "ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ-ਵਿਗਿਆਨਕ ਅਧਿਐਨ", ਵਿਸ਼ੇ ਉੱਤੇ, ਆਪਣਾ ਖੋਜ-ਕਾਰਜ, 2008 ਵਿਚ, ਦਿੱਲੀ ਯੂਨੀਵਰਸਿਟੀ (ਭਾਰਤ) ਨੂੰ ਪ੍ਰਸਤੁਤ ਕਰਕੇ, ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ, ਜੋ ਪੁਸਤਕ ਰੂਪ ਵਿਚ 2014 ਵਿਚ ਛਪੀ। ਡਾ. ਕਿਰਨਦੀਪ ਕੌਰ ਨੇ "ਰਵਿੰਦਰ ਰਵੀ ਦਾ ਰਚਨਾ-ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ", ਵਿਸ਼ੇ ਉੱਤੇ ਆਪਣਾ ਖੋਜ-ਕਾਰਜ, 2013 ਵਿਚ ਸੰਪੂਰਨ ਕਰਕੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ, ਭਾਰਤ ਤੋਂ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਸ ਦਾ ਇਹ ਖੋਜ-ਕਾਰਜ ਪੁਸਤਕ-ਰੂਪ ਵਿਚ ਵੀ ਛਪ ਚੁੱਕਾ ਹੈ।

ਪੰਜਾਬੀ ਕਾਵਿ-ਨਾਟਕ ਦੇ ਖੇਤਰ ਵਿਚ ਰਵਿੰਦਰ ਰਵੀ ਨੇ ਇਕ ਨਵਾਂ ਤੇ ਵਿਲੱਖਣ ਇਤਿਹਾਸ ਸਿਰਜਿਆ ਹੈ। ਉਸ ਨੇ ਹੁਣ ਤਕ, 16 ਕਾਵਿ-ਨਾਟਕ ਲਿਖੇ ਹਨ ਅਤੇ 16 ਦੇ 16 ਹੀ 1976 ਤੋਂ 2018 ਤਕ ਦੇ 42 ਸਾਲਾਂ ਵਿਚ ਭਾਰਤ ਦੇ ਨਾਮਵਰ ਰੰਗਕਰਮੀਆਂ ਵੱਲੋਂ ਖੇਡੇ ਜਾ ਚੁੱਕੇ ਹਨ।

2015 ਵਿਚ CIPSA (Canadian International Punjabi Sahit Academy - Brampton, ONT, Canada) ਨੇ ਰਵਿੰਦਰ ਰਵੀ ਨੂੰ "ਬਲਵੰਤ ਗਾਰਗੀ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ਼ ਡਿਸਟਿੰਕਸ਼ਨ" ਨਾਲ ਸਨਮਾਨਤ ਕੀਤਾ। ਇਹ ਪੁਰਸਕਾਰ ਉਸ ਨੂੰ ਕਾਵਿ-ਨਾਟਕ ਅਤੇ ਥੀਏਟਰ ਦੇ ਖੇਤਰ ਵਿਚ ਪਾਏ ਇਤਿਹਾਸਕ ਯੋਗਦਾਨ ਲਈ ਦਿੱਤਾ ਗਿਆ।


Final dummy

# 'ਚੌਕ ਨਾਟਕ' ਤੇ 'ਸਿਫਰ ਨਾਟਕ' : ਆਰੰਭਕ ਸ਼ਬਦ




Final dummy

## ਸੰਤ ਸਿੰਘ ਸੇਖੋਂ ਦੇ ਪੱਤਰ ਵਿੱਚੋਂ ਇਕ ਟੂਕ :

"ਨਾਟਕ ਵਿਚ ਮੈਂ ਤੇਰੀ ਪ੍ਰਵਿਧੀ ਤੇ ਤਕਨੀਕੀ ਨਿਪੁੰਨਤਾ ਦਾ ਕਾਇਲ ਹਾਂ, ਤੇ ਇਸ ਦੀ ਕਦਰ ਵੀ ਕਰਦਾ ਹਾਂ। You are a genius."

**–ਸੰਤ ਸਿੰਘ ਸੇਖੋਂ**

| | |
|---|---|
| ਪੁਸਤਕ | : "ਮੰਚ ਨਾਟਕ" (1974–1990) ਪੰਨਾ 3 |
| ਕਾਵਿ ਨਾਟਕਕਾਰ | : ਰਵਿੰਦਰ ਰਵੀ |
| ਪ੍ਰਕਾਸ਼ਕ | : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਭਾਰਤ |
| ਪ੍ਰਕਾਸ਼ਨ–ਸਾਲ | : 1993 |

* "ਮੰਚ ਨਾਟਕ" ਮੇਰੇ ਪਹਿਲੇ ਦੌਰ ਦੇ 9 ਕਾਵਿਨਾਟਕਾਂ ਦਾ ਸਮੁੱਚਾ ਸੰਗ੍ਰਹਿ ਹੈ, ਜੁ ਪਾਕਿਸਤਾਨ ਵਿਚ ਵੀ, ਸ਼ਾਹਮੁਖੀ ਲਿੱਪੀ ਵਿਚ, ਪ੍ਰਕਾਸ਼ਕ : 'ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫਤ', ਲਾਹੌਰ, ਨੇ 2001 ਵਿਚ ਪ੍ਰਕਾਸ਼ਤ ਕੀਤਾ ਸੀ।
* ਪੰਜਾਬ ਯੂਨੀਵਰਸਿਟੀ, ਲਾਹੌਰ, ਪਾਕਿਸਤਾਨ ਲਈ, ਡਾ. ਨਿਗਹਤ ਖੁਰਸ਼ੀਦ ਨੇ, 2009 ਵਿਚ, "ਮੰਚ ਨਾਟਕ" ਨੂੰ ਆਪਣੇ ਖੋਜ–ਕਾਰਜ ਵਿਚ ਸ਼ਾਮਿਲ ਕਰ ਕੇ, ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ ਸੀ।



Final dummy

## 'ਚੌਕ ਨਾਟਕ' ਤੇ 'ਸਿਫਰ ਨਾਟਕ'
## ਆਰੰਭਕ ਸ਼ਬਦ



'ਚੌਕ ਨਾਟਕ' ਤੇ 'ਸਿਫਰ ਨਾਟਕ' ਦੇ ਏਸ ਐਡੀਸ਼ਨ ਵਿਚ, ਇਨ੍ਹਾਂ ਦੋਹਾਂ ਕਾਵਿਨਾਟਕਾਂ ਦੇ ਮੂਲ ਪਾਠ ਦੇ ਨਾਲ, ਹੇਠ ਲਿਖੀ ਸਾਮਗਰੀ ਵੀ ਸ਼ਾਮਿਲ ਕੀਤੀ ਗਈ ਹੈ, ਤਾਂ ਕਿ ਥੀਏਟਰ ਦੇ ਨਾਲ ਦਿਲਚਸਪੀ ਰੱਖਣ ਵਾਲੇ ਪਾਠਕਾਂ, ਅਧਿਆਪਕਾਂ ਤੇ ਖੋਜਾਰਥੀਆਂ ਲਈ, ਇਨ੍ਹਾਂ ਦਾ ਗਹਿਨ ਅਧਿਅਨ ਸੰਭਵ ਹੋ ਸਕੇ :

1. ਇਨ੍ਹਾਂ ਕਾਵਿਨਾਟਕਾਂ ਬਾਰੇ, ਮੇਰੇ ਲਿਖੇ ਮੁੱਖਬੰਧ, ਇਨ੍ਹਾਂ ਦੇ ਆਰੰਭ ਵਿਚ ਦਿੱਤੇ ਗਏ ਹਨ।
2. ਇਨ੍ਹਾਂ ਕਾਵਿਨਾਟਕਾਂ ਬਾਰੇ ਲਿਖੇ, ਨਾਮਵਰ ਨਾਟ–ਆਲੋਚਕਾਂ ਦੇ ਰੀਵੀਊ ਅਤੇ ਖੋਜ–ਨਿਬੰਧ, ਇਨ੍ਹਾਂ ਦੀ ਅੰਤਿਕਾ ਵਿਚ ਦੇ ਦਿੱਤੇ ਗਏ ਹਨ।
3. ਇਨ੍ਹਾਂ ਕਾਵਿਨਾਟਕਾਂ ਦੀਆਂ 2019 ਵਿਚ ਪ੍ਰਸਤੁਤ ਕੀਤੀਆਂ ਪੇਸ਼ਕਾਰੀਆਂ ਦੇ ਪੂਰੇ ਪੂਰੇ ਵੇਰਵੇ, ਅੰਕੜੇ, ਤਸਵੀਰਾਂ ਅਤੇ ਅਖਬਾਰੀ ਰੀਵੀਊ ਆਦਿ ਵੀ ਦਿੱਤੇ ਗਏ ਹਨ।

ਇਹ ਦੋਵੇਂ ਕਾਵਿਨਾਟਕ ਪਹਿਲਾਂ ਵੀਹਵੀਂ ਸਦੀ ਵਿਚ, ਨਾਮਵਰ ਰੰਗਕਰਮੀਆਂ ਵਲੋਂ ਖੇਡੇ ਗਏ ਸਨ ਅਤੇ ਹੁਣ ਫਿਰ ਇੱਕੀਵੀਂ ਸਦੀ ਵਿਚ, ਦੋਬਾਰਾ ਖੇਡੇ ਗਏ ਹਨ। ਕੇਵਲ ਧਾਲੀਵਾਲ ਦੇ ਨਿਰਦੇਸ਼ਨ ਹੇਠ, ਇਹ ਦੋਵੇਂ ਕਾਵਿਨਾਟਕ ਜੁਲਾਈ 1, 2019 ਨੂੰ, ਵਿਰਸਾ ਵਿਹਾਰ, ਅੰਮ੍ਰਿਤਸਰ (ਭਾਰਤ) ਵਿਚ ਖੇਡੇ ਗਏ।

'ਚੌਕ ਨਾਟਕ' ਸਭ ਤੋਂ ਪਹਿਲਾਂ, ਨਾਮਵਰ ਨਾਟਕਕਾਰ ਤੇ ਰੰਗਕਰਮੀ, ਡਾ. ਸੁਰਜੀਤ ਸਿੰਘ ਸੇਠੀ ਦੇ ਨਿਰਦੇਸ਼ਨ ਹੇਠ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਟਕ ਕਲਾ ਵਿਭਾਗ ਦੇ ਵਿਦਿਆਰਥੀਆਂ ਵਲੋਂ, ਮੁੰਬਈ ਵਿਚ, ਹੇਠ ਲਿਖੇ ਅਨੁਸਾਰ ਖੇਡਿਆ ਗਿਆ :



Final dummy

ਮੰਚਨ-ਮਿਤੀ : 28, ਮਈ, 1986
ਮੰਚਨ-ਸਥਾਨ : ਬੰਗਾਲੀ ਸਕੂਲ, ਦਾਦਰ, ਮੁੰਬਈ
ਮੰਚਨ-ਮਿਤੀ : 29 ਮਈ, 1986
ਮੰਚਨ-ਸਥਾਨ : ਕੋਲੀਵਾੜਾ, ਮੁੰਬਈ

ਬਾਅਦ ਵਿਚ ਇਹ ਕਾਵਿਨਾਟਕ ਗੋਆ ਵਿਚ ਵੀ ਖੇਡਿਆ ਗਿਆ।

ਡਾ. ਕਮਲੇਸ਼ ਉੱਪਲ ਅਨੁਸਾਰ, ਸੁਭਾਸ਼ ਪੁਰੀ ਨੇ ਵੀ 'ਚੌਕ ਨਾਟਕ', 1987 ਵਿਚ, ਪਟਿਆਲਾ ਵਿਚ ਖੇਡਿਆ।

ਆਯੁਰਵੈਦਿਕ ਕਾਲਜ, ਪਟਿਆਲਾ ਦੇ ਵਿੱਦਿਆਰਥੀਆਂ ਨੇ, ਸੁਭਾਸ਼ ਪੁਰੀ ਦੇ ਨਿਰਦੇਸ਼ਨ ਹੇਠ ਹੀ, ਇਹ ਕਾਵਿਨਾਟਕ, ਦੋਬਾਰਾ 1987 ਦੇ ਯੁਵਕ ਮੇਲੇ ਵਿਚ ਵੀ ਖੇਡਿਆ ਗਿਆ ਤੇ ਇਹ ਜੇਤੂ ਰਿਹਾ।

ਡਾ. ਕਮਲੇਸ਼ ਉੱਪਲ ਅਨੁਸਾਰ 'ਸਿਫਰ ਨਾਟਕ' ਵੀ ਸੁਭਾਸ਼ ਪੁਰੀ ਨੇ, 1987 ਤੇ 1988 ਦੌਰਾਨ ਪੰਜਾਬ ਵਿਚ ਖੇਡਿਆ।

ਇੱਕੀਵੀਂ ਸਦੀ ਵਿਚ, 'ਸਿਫਰ ਨਾਟਕ', ਨਾਮਵਰ ਰੰਗਕਰਮੀ ਕੇਵਲ ਧਾਲੀਵਾਲ ਨੇ, ਜੁਲਾਈ 1, 2019 ਨੂੰ ਵਿਰਸਾ ਵਿਹਾਰ, ਅੰਮ੍ਰਿਤਸਰ (ਭਾਰਤ) ਵਿਚ ਦੋਬਾਰਾ ਖੇਡਿਆ।

ਕਿਸੇ ਵੀ ਨਾਟਕਕਾਰ ਦੇ ਨਾਟਕਾਂ ਦਾ, ਉਸ ਦੇ ਜੀਵਨ-ਕਾਲ ਵਿਚ ਹੀ, ਦੋ ਸਦੀਆਂ ਵਿਚ ਖੇਡਿਆ ਜਾਣਾ, ਆਪਣੇ ਆਪ ਵਿਚ ਇਕ ਮਹੱਤਵਪੂਰਨ ਘਟਨਾ ਹੈ।

ਮੇਰਾ ਪਹਿਲਾ ਕਾਵਿਨਾਟਕ : 'ਬੀਮਾਰ ਸਦੀ', ਜੁ ਮੈਂ ਕੀਨੀਆਂ ਵਿਚ ਰਹਿੰਦਿਆਂ, 1974 ਵਿਚ ਪ੍ਰਕਾਸ਼ਤ ਕੀਤਾ ਸੀ, ਸਭ ਤੋਂ ਪਹਿਲਾਂ, ਡਾ. ਸੁਰਜੀਤ ਸਿੰਘ ਸੇਠੀ ਨੇ ਹੀ, 1976 ਵਿਚ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਮੰਚਤ ਕੀਤਾ ਸੀ।

ਨਾਮਵਰ ਰੰਗਕਰਮੀ ਕੀਰਤੀ ਕਿਰਪਾਲ ਨੇ 'ਬੀਮਾਰ ਸਦੀ', ਇੱਕੀਵੀਂ ਸਦੀ ਵਿਚ, ਦੋਬਾਰਾ ਫਿਰ, 6 ਸਤੰਬਰ, 2015 ਨੂੰ, ਵਿਰਸਾ ਵਿਹਾਰ, ਅੰਮ੍ਰਿਤਸਰ ਵਿਚ ਖੇਡਿਆ।

1974 ਤੋਂ 2017 ਤਕ ਮੈਂ ਕੁਲ 16 ਕਾਵਿਨਾਟਕ ਲਿਖੇ ਹਨ ਅਤੇ ਇਹ ਸਭ 1976 ਤੋਂ 2019 ਵਿਚਕਾਰ ਸਫਲਤਾ ਸਹਿਤ ਖੇਡੇ ਗਏ ਸਨ। ਆਪਣੇ ਆਪ ਵਿਚ ਇਹ ਇਕ ਇਤਿਹਾਸਕ ਰੀਕਾਰਡ ਹੈ, ਜੁ ਹੁਣ ਤਕ, ਮੇਰੇ ਹਿੱਸੇ ਹੀ ਆਇਆ ਹੈ। ਵਿਸ਼ਵ ਪੱਧਰ ਉੱਤੇ ਕਿਸੇ ਵੀ ਹੋਰ ਪੰਜਾਬੀ ਕਾਵਿਨਾਟਕਕਾਰ ਨੇ ਨਾ ਤਾਂ ਏਨੇ ਕਾਵਿਨਾਟਕ ਲਿਖੇ ਹਨ ਅਤੇ ਨਾ ਹੀ ਕਿਸੇ ਦੇ ਏਨੇ ਖੇਡੇ ਗਏ ਹਨ।

**ਰਵਿੰਦਰ ਰਵੀ**



# ਮੇਰੇ ਕਾਵਿਨਾਟਕਾਂ ਦਾ ਮੰਚਨ : ਸੰਖੇਪ ਜਾਣਕਾਰੀ

1974 ਤੋਂ 2017 ਤਕ ਦੇ 43 ਸਾਲਾਂ ਵਿਚ, ਮੈਂ 16 ਕਾਵਿਨਾਟਕ ਪ੍ਰਕਾਸ਼ਤ ਕੀਤੇ ਹਨ। 1976 ਤੋਂ 2019 ਤਕ ਦੇ, 43 ਸਾਲਾਂ ਵਿਚ, ਇਹ 16 ਦੇ 16 ਕਾਵਿਨਾਟਕ, ਭਾਰਤ ਦੇ ਨਾਮਵਰ ਰੰਗਕਰਮੀਆਂ ਵਲੋਂ ਖੇਡੇ ਜਾ ਚੁੱਕੇ ਹਨ।

ਆਪਣੇ ਕਾਵਿਨਾਟਕਾਂ ਦੇ ਪਹਿਲੇ ਦੌਰ (1974-1990) ਵਿਚ ਮੈਂ 9 ਕਾਵਿਨਾਅਕ ਪ੍ਰਕਾਸ਼ਤ ਕੀਤੇ ਅਤੇ 1993 ਵਿਚ ਮੈਂ ਇਨ੍ਹਾਂ ਨੂੰ 'ਮੰਚ ਨਾਟਕ' ਦੇ ਨਾਮ ਹੇਠ, ਸਮੁੱਚੇ ਸੰਗ੍ਰਹਿ ਦੇ ਰੂਪ ਵਿਚ ਪ੍ਰਕਾਸ਼ਤ ਕਰ ਦਿੱਤਾ। ਮੇਰੇ ਕਾਵਿਨਾਟਕਾਂ ਦਾ ਦੂਜਾ ਦੌਰ 2005 ਵਿਚ 'ਮਨ ਦੇ ਹਾਣੀ' ਨਾਲ ਆਰੰਭ ਹੁੰਦਾ ਹੈ ਅਤੇ 2017 ਵਿਚ ਲਿਖਿਆ 'ਸਿਆਸੀ ਦੰਦ-ਕਥਾ', ਇਸ ਦੌਰ ਦਾ, ਹੁਣ ਤਕ, ਆਖਿਰੀ ਕਾਵਿਨਾਟਕ ਹੈ।

ਏਥੇ, ਮੇਰੇ ਉਨ੍ਹਾਂ ਕਾਵਿਨਾਟਕਾਂ ਦਾ ਵੇਰਵਾ ਵੀ ਮੌਜੂਦ ਹੈ, ਜੁ ਸਭ ਤੋ ਪਹਿਲਾਂ ਵੀਹਵੀਂ ਸਦੀ ਵਿਚ ਖੇਡੇ ਗਏ ਸਨ, ਤੇ ਹੁਣ ਫੇਰ, ਇੱਕੀਵੀਂ ਸਦੀ ਵਿਚ ਵੀ ਖੇਡੇ ਗਏ ਹਨ। ਇਨ੍ਹਾਂ ਵਿਚ 'ਬੀਮਾਰ ਸਦੀ', 'ਚੌਕ ਨਾਟਕ' ਅਤੇ 'ਸਿਫਰ ਨਾਟਕ' ਨੂੰ ਗਿਣਿਆ ਜਾ ਸਕਦਾ ਹੈ। 20ਵੀਂ ਸਦੀ ਵਿਚ, ਮੇਰੇ 6 ਕਾਵਿਨਾਟਕ ਖੇਡੇ ਗਏ ਅਤੇ 21ਵੀਂ ਸਦੀ ਵਿਚ 13.

ਮੇਰੇ ਇਨ੍ਹਾਂ ਕਾਵਿਨਾਟਕਾਂ ਦੇ ਮੰਚਨ ਬਾਰੇ, ਸੰਖੇਪ ਜਾਣਕਾਰੀ, ਹੇਠਾਂ, ਇਨ੍ਹਾਂ ਦੇ ਮੰਚਨ-ਸਾਲ-ਕ੍ਰਮ ਅਨੁਸਾਰ ਦਿੱਤੀ ਗਈ ਹੈ। ਮੇਰਾ ਪਹਿਲਾ ਕਾਵਿਨਾਟਕ 'ਬੀਮਾਰ ਸਦੀ' 1976 ਵਿਚ ਖੇਡਿਆ ਗਿਆ ਸੀ ਅਤੇ ਆਖਿਰੀ 'ਸਿਆਸੀ ਦੰਦ-ਕਥਾ' 2017 ਵਿਚ।

## 1. ਬੀਮਾਰ ਸਦੀ (The Sick Century - 1974)

ਸਭ ਤੋਂ ਪਹਿਲਾਂ, ਇਹ ਕਾਵਿ-ਨਾਟਕ, ਡਾ. ਸੁਰਜੀਤ ਸਿੰਘ ਸੇਠੀ ਦੇ ਨਿਰਦੇਸ਼ਨ ਹੇਠ ਸਰਬ-ਭਾਰਤੀ ਨਾਟ-ਨਿਰਦੇਸ਼ਕਾਂ ਦੀ ਵਰਕਸ਼ਾਪ ਦੌਰਾਨ, 1976

ਵਿਚ, ਪੰਜਾਬੀ ਯੂਨੀਵਰਸਿਟੀ (ਪਟਿਆਲਾ, ਭਾਰਤ) ਵਿਚ ਖੇਡਿਆ ਗਿਆ। ਫਿਰ ਸੁਭਾਸ਼ ਪੁਰੀ ਦੇ ਨਿਰਦੇਸ਼ਨ ਹੇਠ, 1977 ਵਿਚ, ਮਲੇਰਕੋਟਲਾ ਅਤੇ ਯਮੁਨਾ ਨਗਰ ਵਿਚ ਇਸ ਦੇ ਦੋ ਸ਼ੋ ਪੇਸ਼ ਕੀਤੇ ਗਏ। 1986 ਵਿਚ, ਸੁਭਾਸ਼ ਪੁਰੀ ਨੇ ਹੀ ਇਹ ਕਾਵਿ-ਨਾਟਕ ਮੁੰਬਈ ਵਿਚ ਖੇਡਿਆ। ਐਸ. ਡੀ. ਕਾਲਜ, ਅੰਬਾਲਾ ਦੇ ਵਿੱਦਿਆਰਥੀਆਂ ਨੇ, ਇਸ ਕਾਵਿ-ਨਾਟਕ ਨੂੰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਯੁਵਕ ਮੇਲੇ ਵਿਚ ਖੇਡਿਆ ਅਤੇ ਪ੍ਰਥਮ ਦਰਜਾ ਹਾਸਿਲ ਕੀਤਾ। ਇਹ ਨਾਟਕ ਪ੍ਰੀਤਮ ਸਿੰਘ ਢੀਂਡਸਾ ਦੇ ਨਿਰਦੇਸ਼ਨ ਹੇਠ ਵੀ ਕਈ ਵਾਰ ਖੇਡਿਆ ਗਿਆ। ਪ੍ਰੀਤਮ ਸਿੰਘ ਢੀਂਡਸਾ ਨੇ ਹੀ, ਇਸ ਨਾਟਕ ਵਿਚ, ਡਾ. ਸੁਰਜੀਤ ਸਿੰਘ ਸੇਠੀ ਦੇ ਨਿਰਦੇਸ਼ਨ ਹੇਠ, 'ਮਰਦ' ਪਾਤਰ ਦੀ ਮੁੱਖ ਭੂਮਿਕਾ ਨਿਭਾਈ ਸੀ ਅਤੇ ਬਾਅਦ ਵਿਚ ਉਹ ਫਿਲਮਾਂ ਵਿਚ ਚਲੇ ਗਿਆ।

**1.1** 1.1.1977 ਨੂੰ, 'ਬੀਮਾਰ ਸਦੀ', ਪ੍ਰੋ. ਰਤਨ ਸਿੰਘ ਢਿੱਲੋਂ ਦੇ ਨਿਰਦੇਸ਼ਨ ਹੇਠ, ਐਸ. ਡੀ. ਕਾਲਜ, ਅੰਬਾਲਾ, ਭਾਰਤ ਦੇ ਵਿੱਦਿਆਰਥੀਆਂ ਨੇ, ਹਰਿਆਣਾ ਦੇ 'ਯੂਥ ਫੈਸਟੀਵਲ' ਵਿਚ ਖੇਡਿਆ ਅਤੇ ਪਹਿਲੇ ਦਰਜੇ ਦਾ ਇਨਾਮ ਜਿੱਤਿਆ। ਹਰਿਆਣਾ ਵਿਚ ਇਸ ਨਾਟਕ ਦੇ ਹੋਰ ਸ਼ੋ ਵੀ ਪ੍ਰਸਤੁਤ ਕੀਤੇ ਗਏ। ਪ੍ਰੋ. ਹਿੰਮਤ ਸਿੰਘ ਸੋਢੀ ਦੀ ਸਪੁੱਤਰੀ ਸ਼ੈਲੀ ਨੇ, ਇਨ੍ਹਾਂ ਪੇਸ਼ਕਾਰੀਆਂ ਵਿਚ, 'ਔਰਤ' ਦੀ ਯਾਦਗਾਰੀ ਭੂਮਿਕਾ ਅਦਾ ਕੀਤੀ।

**1.2** ਭਾਰਤ ਦੇ ਨਾਮਵਰ ਰੰਗਕਰਮੀਂ ਕੀਰਤੀ ਕਿਰਪਾਲ ਨੇ, ਮੇਰੇ ਪਹਿਲੇ ਕਾਵਿਨਾਟਕ : 'ਬੀਮਾਰ ਸਦੀ' ਦਾ, ਇਕ ਵਾਰੀ ਫਿਰ, 6 ਸਤੰਬਰ, 2015 ਨੂੰ, ਵਿਰਸਾ ਵਿਹਾਰ, ਅੰਮ੍ਰਿਤਸਰ (ਭਾਰਤ) ਵਿਖੇ, ਸ਼ਾਨਦਾਰ ਮੰਚਨ ਕੀਤਾ। ਇੱਕੀਵੀਂ ਸਦੀ ਵਿਚ, ਇਸ ਕਾਵਿਨਾਟਕ ਦੀ ਇਹ ਪਹਿਲੀ ਪੇਸ਼ਕਾਰੀ ਸੀ।

## 2. ਚੌਕ ਨਾਟਕ (The Play at the Cross Roads-1984)

ਡਾ. ਸੁਰਜੀਤ ਸਿੰਘ ਸੇਠੀ ਨੇ 28 ਤੇ 29 ਮਈ, 1986 ਨੂੰ ਮੁੰਬਈ ਵਿਚ ਇਸ ਨਾਟਕ ਦੇ ਦੋ ਸ਼ੋ ਪ੍ਰਸਤੁਤ ਕੀਤੇ ਅਤੇ ਬਾਅਦ ਵਿਚ ਗੋਆ ਵਿਚ ਵੀ ਖੇਡਿਆ। 1987 ਵਿਚ, ਇਹ ਨਾਟਕ, ਆਯੁਰਵੈਦਿਕ ਕਾਲਜ, ਪਟਿਆਲਾ ਦੇ ਵਿਦਿਆਰਥੀਆਂ ਵਲੋਂ, ਯੁਵਕ ਮੇਲੇ ਵਿਚ ਖੇਡਿਆ ਗਿਆ ਤੇ ਜੇਤੂ ਰਿਹਾ। ਬਾਅਦ ਵਿਚ, ਸੁਭਾਸ਼ ਪੁਰੀ ਨੇ ਇਸ ਕਾਵਿ-ਨਾਟਕ ਦੇ ਕਈ ਸ਼ੋ ਪ੍ਰਸਤੁਤ ਕੀਤੇ। ਡਾ. ਕਮਲੇਸ਼ ਉੱਪਲ ਦੀ ਟਿੱਪਣੀ ਅਨੁਸਾਰ 'ਚੌਕ ਨਾਟਕ', ਸੁਭਾਸ਼ ਪੁਰੀ ਦੇ ਨਿਰਦੇਸ਼ਨ ਹੇਠ ਸਟੇਜ ਕੀਤਾ ਗਿਆ ਸੀ।

**2.1** ਭਾਰਤ ਦੇ ਨਾਮਵਰ ਰੰਗਕਰਮੀਂ ਕੇਵਲ ਧਾਲੀਵਾਲ ਨੇ, ਮੇਰੇ ਕਾਵਿਨਾਟਕ 'ਚੌਕ ਨਾਟਕ' ਦਾ, 1 ਜੁਲਾਈ, 2019 ਨੂੰ, ਵਿਰਸਾ ਵਿਹਾਰ,



Final dummy

ਅੰਮ੍ਰਿਤਸਰ (ਭਾਰਤ) ਵਿਖੇ, ਮਿਸਾਲੀ ਮੰਚਨ ਕੀਤਾ। 21ਵੀਂ ਸਦੀ ਵਿਚ, ਇਸ ਕਾਵਿਨਾਟਕ ਦੀ, ਇਹ ਪਹਿਲੀ ਪੇਸ਼ਕਾਰੀ ਸੀ।

## 3. ਰੂਹ ਪੰਜਾਬ ਦੀ (The Soul of the Punjab - 1984)

ਗੁਰਸ਼ਰਨ ਸਿੰਘ ਨੇ, ਆਪਣੇ ਨਿਰਦੇਸ਼ਨ ਹੇਠ 'ਅੰਮ੍ਰਿਤਸਰ ਕਲਾ ਕੇਂਦਰ' ਵਲੋਂ, ਪੰਜਾਬੀ ਅਕਾਦਮੀ, ਦਿੱਲੀ ਦੁਆਰਾ ਆਯੋਜਤ ਨਾਟਕ ਮੇਲੇ ਵਿਚ, ਇਹ ਗੀਤ-ਨਾਟਕ 26 ਸਤੰਬਰ, 1987 ਨੂੰ ਨਵੀਂ ਦਿੱਲੀ ਵਿਚ ਮੰਚਤ ਕੀਤਾ। ਇਸ ਤੋਂ ਪਹਿਲਾਂ ਤੇ ਇਸ ਤੋਂ ਬਾਅਦ ਵੀ ਗੁਰਸ਼ਰਨ ਸਿੰਘ ਤੇ ਕੇਵਲ ਧਾਲੀਵਾਲ ਨੇ ਇਸ ਗੀਤ-ਨਾਟਕ ਦੇ ਕਈ ਸ਼ੋ, ਪੰਜਾਬ ਦੇ ਸ਼ਹਿਰਾਂ ਤੇ ਪਿੰਡਾਂ ਵਿਚ ਪੇਸ਼ ਕੀਤੇ। 1988 ਵਿਚ, ਇਹ ਗੀਤ-ਨਾਟਕ, ਸੁਭਾਸ਼ ਪੁਰੀ ਦੇ ਨਿਰਦੇਸ਼ਨ ਹੇਠ, ਯੁਵਕ ਮੇਲੇ ਵਿਚ ਖੇਡਿਆ ਗਿਆ ਤੇ ਜੇਤੂ ਰਿਹਾ। ਸੁਭਾਸ਼ ਪੁਰੀ ਨੇ ਹੀ ਇਸ ਗੀਤ-ਨਾਟਕ ਦੇ ਕਈ ਹੋਰ ਸ਼ੋ ਪੇਸ਼ ਕੀਤੇ। ਇਸ ਗੀਤ-ਨਾਟਕ ਦੀ ਲੋਕ ਸੰਪਰਕ ਵਿਭਾਗ (ਪੰਜਾਬ) ਨੇ ਵੀਡੀਓ ਫਿਲਮ ਵੀ ਬਣਾਈ। ਡਾ. ਮਨਜੀਤਪਾਲ ਕੌਰ ਨੇ, 2 ਫਰਵਰੀ, 1995 ਨੂੰ, ਇਸ ਗੀਤ-ਨਾਟਕ ਦਾ, 'ਪੰਜਾਬ ਆਰਟਸ ਕੌਂਸਲ', ਚੰਡੀਗੜ੍ਹ ਦੇ ਮੰਚ ਉੱਤੇ, ਇਕ ਹੋਰ ਸ਼ੋ ਪ੍ਰਸਤੁਤ ਕੀਤਾ।

## 4. ਸਿਫ਼ਰ ਨਾਟਕ (The Zero Play - 1987)

ਇਹ ਕਾਵਿ-ਨਾਟਕ, ਸੁਭਾਸ਼ ਪੁਰੀ ਦੇ ਨਿਰਦੇਸ਼ਨ ਹੇਠ, 1987 ਤੇ 1988 ਵਿਚ ਕਈ ਵਾਰ ਮੰਚਤ ਕੀਤਾ ਗਿਆ। ਡਾ. ਕਮਲੇਸ਼ ਉੱਪਲ ਦੀ ਟਿਪਣੀ ਅਨੁਸਾਰ 'ਸਿਫ਼ਰ ਨਾਟਕ', ਸੁਭਾਸ਼ ਪੁਰੀ ਦੇ ਨਿਰਦੇਸ਼ਨ ਹੇਠ ਮੰਚਤ ਕੀਤਾ ਗਿਆ ਸੀ।

**4.1** ਕੇਵਲ ਧਾਲੀਵਾਲ ਨੇ, ਮੇਰੇ ਕਾਵਿਨਾਟਕ : 'ਸਿਫਰ ਨਾਟਕ' ਦਾ, 1 ਜੁਲਾਈ, 2019 ਨੂੰ, ਵਿਰਸਾ ਵਿਹਾਰ, ਅੰਮ੍ਰਿਤਸਰ (ਭਾਰਤ) ਵਿਖੇ, ਸ਼ਾਨਦਾਰ ਮੰਚਨ ਕੀਤਾ। 21ਵੀਂ ਸਦੀ ਵਿਚ, ਇਸ ਕਾਵਿਨਾਟਕ ਦੀ, ਇਹ ਪਹਿਲੀ ਪੇ ਸ਼ਕਾਰੀ ਸੀ।

## 5. ਮੱਕੜੀ ਨਾਟਕ (The Spider Play - 1989)

ਇਹ ਕਾਵਿ-ਨਾਟਕ, ਅਜਮੇਰ ਸਿੰਘ ਔਲਖ ਨੇ 12 ਨਵੰਬਰ, 1989 ਨੂੰ ਮਾਨਸਾ, 14 ਨਵੰਬਰ 1989 ਨੂੰ ਲੰਬੀ ਅਤੇ 15 ਨਵੰਬਰ, 1989 ਨੂੰ ਸਰਦੂਲ ਗੜ੍ਹ ਵਿਚ ਖੇਡਿਆ। ਲੰਬੀ ਵਾਲੀ ਪੇਸ਼ਕਾਰੀ ਦਾ 6000 ਦੇ ਕਰੀਬ ਦਰਸ਼ਕਾਂ ਨੇ ਆਨੰਦ ਮਾਣਿਆ। ਇਹ ਕਾਵਿ-ਨਾਟਕ, 1990 ਵਿਚ "ਤਿੰਨ ਨਾਟਕ"



Final dummy

ਪੁਸਤਕ ਵਿਚ ਛਪਣ ਤੋਂ ਪਹਿਲਾਂ ਹੀ, ਹੱਥ-ਲਿਖਤ ਸਕ੍ਰਿਪਟ (ਖਰੜੇ) ਤੋਂ, 1989 ਵਿਚ, ਖੇਡਿਆ ਗਿਆ। "ਮੱਕੜੀ ਨਾਟਕ", ਮੰਚਨ-ਤਸਵੀਰਾਂ ਅਤੇ ਮੰਚਨ-ਵੇਰਵੇ ਸਮੇਤ, "ਤਿੰਨ ਨਾਟਕ" ਦੇ 1990 ਵਿਚ ਛਪੇ ਪਹਿਲੇ ਐਡੀਸ਼ਨ ਵਿਚ ਛਪਿਆ।

## 6. ਪਛਾਣ ਨਾਟਕ (The Identity Play - 1990)

ਡਾ. ਮਨਜੀਤਪਾਲ ਕੌਰ ਦੇ ਨਿਰਦੇਸ਼ਨ ਹੇਠ, ਇਹ ਕਾਵਿ-ਨਾਟਕ, 6 ਅਪ੍ਰੈਲ, 1993 ਨੂੰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਵਿਚ ਮੰਚਤ ਕੀਤਾ ਗਿਆ।

## 7. ਮਨ ਦੇ ਹਾਣੀ (The Mind Mates - 2005)

ਡਾ. ਸਾਹਿਬ ਸਿੰਘ (ਹੀਰ) ਦੇ ਨਿਰਦੇਸ਼ਨ ਹੇਠ, ਇਸ ਕਾਵਿ-ਨਾਟਕ ਦੇ, ਹੁਣ ਤਕ, ਸੱਤ ਸ਼ੋ ਪ੍ਰਸਤੁਤ ਕੀਤੇ ਜਾ ਚੁੱਕੇ ਹਨ। 3 ਦਸੰਬਰ, 2008 ਨੂੰ ਚੰਡੀਗੜ੍ਹ, 30 ਜਨਵਰੀ, 2009 ਨੂੰ ਬਠਿੰਡਾ, 31 ਜਨਵਰੀ, 2009 ਨੂੰ ਮੁੱਲਾਂਪੁਰ (ਦਾਖਾ), 20 ਫਰਵਰੀ, 2009 ਨੂੰ ਸ੍ਰੀ ਰਾਮ ਸੈਂਟਰ, ਦਿੱਲੀ, 4 ਮਾਰਚ, 2009 ਨੂੰ ਚੰਡੀਗੜ੍ਹ, 9 ਅਕਤੂਬਰ, 2009 ਨੂੰ ਅੰਮ੍ਰਿਤਸਰ ਅਤੇ 22 ਅਕਤੂਬਰ, 2009 ਨੂੰ ਫਿਰ ਇਹ ਕਾਵਿ-ਨਾਟਕ ਅੰਮ੍ਰਿਤਸਰ ਵਿਚ ਮੰਚਤ ਕੀਤਾ ਗਿਆ।

## 8. ਮਖੌਟੇ ਤੇ ਹਾਦਸੇ (The Masks and the Accidents - 2008)

ਕੇਵਲ ਧਾਲੀਵਾਲ ਦੇ ਨਿਰਦੇਸ਼ਨ ਹੇਠ, ਇਸ ਕਾਵਿ-ਨਾਟਕ ਦਾ ਮੰਚਨ, 'ਨੈਸ਼ਨਲ ਸਕੂਲ ਆਫ ਡਰਾਮਾ' (ਦਿੱਲੀ) ਅਤੇ 'ਵਿਰਸਾ ਵਿਹਾਰ' (ਅੰਮ੍ਰਿਤਸਰ) ਦੇ ਸਹਿਯੋਗ ਨਾਲ, 1 ਜੁਲਾਈ, 2009 ਨੂੰ, 'ਕਰਤਾਰ ਸਿੰਘ ਦੁੱਗਲ ਆਡੀਟੋਰੀਅਮ', ਅੰਮ੍ਰਿਤਸਰ ਵਿਚ ਕੀਤਾ ਗਿਆ।

## 9. ਚੱਕ੍ਰਵਯੂਹ ਤੇ ਪਿਰਾਮਿਡ (The Chakravyuh and the Pyramid - 2010)

ਇਹ ਕਾਵਿ-ਨਾਟਕ, ਕੇਵਲ ਧਾਲੀਵਾਲ ਦੇ ਨਿਰਦੇਸ਼ਨ ਹੇਠ, 'ਨੈਸ਼ਨਲ ਸਕੂਲ ਆਫ ਡਰਾਮਾ' (ਦਿੱਲੀ) ਅਤੇ 'ਵਿਰਸਾ ਵਿਹਾਰ' (ਅੰਮ੍ਰਿਤਸਰ) ਦੇ ਸਹਿਯੋਗ ਨਾਲ 5 ਜੁਲਾਈ, 2012 ਨੂੰ 'ਕਰਤਾਰ ਸਿੰਘ ਦੁੱਗਲ ਆਡੀਟੋਰੀਅਮ', ਅੰਮ੍ਰਿਤਸਰ ਵਿਚ ਖੇਡਿਆ ਗਿਆ।



## 10. ਅੱਧੀ ਰਾਤ ਦੁਪਹਿਰ (Noon at Midnight - 1983)

ਇਸ ਕਾਵਿ-ਨਾਟਕ ਨੂੰ ਨਿਰਦੇਸ਼ਕ ਕੇਵਲ ਧਾਲੀਵਾਲ ਨੇ 'ਵਿਰਸਾ ਵਿਹਾਰ' (ਅੰਮ੍ਰਿਤਸਰ) ਦੇ ਸਹਿਯੋਗ ਨਾਲ, 4 ਜੁਲਾਈ, 2013 ਨੂੰ, 'ਕਰਤਾਰ ਸਿੰਘ ਦੁੱਗਲ ਆਡੀਟੋਰੀਅਮ' ਅੰਮ੍ਰਿਤਸਰ ਵਿਚ ਪ੍ਰਸਤੁਤ ਕੀਤਾ।

## 11. ਰੁਕੇ ਹਏ ਯਥਾਰਥ (The Frozen Realities - 1980)

ਇਸ ਕਾਵਿ-ਨਾਟਕ ਨੂੰ ਨਿਰਦੇਸ਼ਕ ਕੇਵਲ ਧਾਲੀਵਾਲ ਨੇ 'ਵਿਰਸਾ ਵਿਹਾਰ' (ਅੰਮ੍ਰਿਤਸਰ) ਦੇ ਸਹਿਯੋਗ ਨਾਲ, 4 ਜੁਲਾਈ, 2013 ਨੂੰ 'ਕਰਤਾਰ ਸਿੰਘ ਦੁੱਗਲ ਆਡੀਟੋਰੀਅਮ', ਅੰਮ੍ਰਿਤਸਰ ਵਿਚ ਮੰਚਤ ਕੀਤਾ।

## 12. ਹੋਂਦ ਨਿਹੋਂਦ (Being and Nothingness - 2016)

"ਹੋਂਦ ਨਿਹੋਂਦ", 2 ਜੁਲਾਈ, 2016 ਨੂੰ 'ਮੰਚ-ਰੰਗਮੰਚ' (ਅੰਮ੍ਰਿਤਸਰ) ਦੇ ਕਲਾਕਾਰਾਂ ਵਲੋਂ, ਨਾਮਵਰ ਰੰਗਕਰਮੀ ਕੇਵਲ ਧਾਲੀਵਾਲ ਦੇ ਨਿਰਦੇਸ਼ਨ ਹੇਠ, 'ਵਿਰਸਾ ਵਿਹਾਰ', ਅੰਮ੍ਰਿਤਸਰ (ਭਾਰਤ) ਵਿਖੇ ਮੰਚਤ ਕੀਤਾ ਗਿਆ।

## 13. ਭਰਮ-ਜਲ (Illusion - 2017)

"ਭਰਮ-ਜਲ", ਸੁਪ੍ਰਸਿੱਧ ਰੰਗਕਰਮੀ ਕੇਵਲ ਧਾਲੀਵਾਲ ਦੇ ਨਿਰਦੇਸ਼ਨ ਹੇਠ, 14ਵੇਂ ਪੰਜਾਬੀ ਥੀਏਟਰ ਫੈਸਟੀਵਲ ਵਿੱਚ, "ਮੰਚ ਰੰਗਮੰਚ (ਅੰਮ੍ਰਿਤਸਰ)" ਦੇ ਕਲਾਕਾਰਾਂ ਵਲੋਂ, 1 ਜੁਲਾਈ, 2017 ਨੂੰ, ਵਿਰਸਾ ਵਿਹਾਰ, ਅੰਮ੍ਰਿਤਸਰ (ਭਾਰਤ) ਵਿਖੇ ਮੰਚਿਤ ਕੀਤਾ ਗਿਆ।

## 14. ਆਪ 'ਆਪਣੇ ਦਰਿਆ (My River, My Existence - 2015)

"ਆਪੋ ਆਪਣੇ ਦਰਿਆ", ਨਾਮਵਰ ਰੰਗਕਰਮੀ ਕੇਵਲ ਧਾਲੀਵਾਲ ਦੇ ਨਿਰਦੇਸ਼ਨ ਹੇਠ, 14ਵੇਂ ਪੰਜਾਬੀ ਥੀਏਟਰ ਫੈਸਟੀਵਲ ਵਿੱਚ, "ਮੰਚ ਰੰਗਮੰਚ (ਅੰਮ੍ਰਿਤਸਰ)" ਦੇ ਕਲਾਕਾਰਾਂ ਵਲੋਂ, 3 ਜੁਲਾਈ, 2017 ਨੂੰ ਵਿਰਸਾ ਵਿਹਾਰ, ਅੰਮ੍ਰਿਤਸਰ (ਭਾਰਤ) ਵਿਖੇ ਖੇਡਿਆ ਗਿਆ।

## 15. ਦਰ ਦੀਵਾਰਾਂ (Doors & Walls - 1981)

ਨਾਮਵਰ ਰੰਗਕਰਮੀ ਕੇਵਲ ਧਾਲੀਵਾਲ ਦੇ ਨਿਰਦੇਸ਼ਨ ਹੇਠ, "12ਵੇਂ ਪੰਜਾਬੀ ਰੰਗਮੰਚ ਉਤਸਵ" ਵਿਚ, 'ਮੰਚ ਰੰਗਮੰਚ' ਦੇ ਕਲਾਕਾਰਾਂ ਵੱਲੋਂ, ਜੁਲਾਈ 1, 2018 ਨੂੰ, ਵਿਰਸਾ ਵਿਹਾਰ, ਅੰਮ੍ਰਿਤਸਰ (ਭਾਰਤ) ਵਿਖੇ ਖੇਡਿਆ ਗਿਆ।

## 16. ਸਿਆਸੀ ਦੰਦ-ਕਥਾ (Political Gossip - 2017)

ਨਾਮਵਰ ਰੰਗਕਰਮੀ ਕੇਵਲ ਧਾਲੀਵਾਲ ਦੇ ਨਿਰਦੇਸ਼ਨ ਹੇਠ, "12ਵੇਂ ਪੰਜਾਬੀ ਰੰਗਮੰਚ ਉਤਸਵ" ਵਿਚ, 'ਮੰਚ ਰੰਗਮੰਚ' ਦੇ ਕਲਾਕਾਰਾਂ ਵੱਲੋਂ, ਜੁਲਾਈ 1, 2018 ਨੂੰ, ਵਿਰਸਾ ਵਿਹਾਰ, ਅੰਮ੍ਰਿਤਸਰ (ਭਾਰਤ) ਵਿਖੇ ਖੇਡਿਆ ਗਿਆ।

**ਵਿਸ਼ੇਸ਼ ਨੋਟ :**

ਮੇਰੇ ਕਾਵਿਨਾਟਕਾਂ ਦੇ ਪੂਰੇ ਪੂਰੇ ਵੇਰਵੇ, ਵਿਸਥਾਰ ਵਿਚ, ਪੜ੍ਹਨ ਲਈ,, ਮੇਰੀਆਂ ਹੇਠ ਲਿਖੀਆਂ ਪੁਸਤਕਾਂ ਦੇ 'ਮੇਰੇ ਕਾਵਿਨਾਟਕ ਅਤੇ ਰੰਗਮੰਚ' ਭਾਗ, ਹਵਾਲੇ ਲਈ ਵੇਖੇ ਜਾ ਸਕਦੇ ਹਨ :

1. ਦਰ ਦੀਵਾਰਾਂ ਤੇ ਸਿਆਸੀ ਦੰਦ-ਕਥਾ : ਮੂਲ ਪਾਲ ਅਤੇ ਰੰਗਮੰਚਕੀ ਵੇਰਵੇ - 2019
2. ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ, ਸਿਧਾਂਤਕ ਤੇ ਤਕਨੀਕੀ ਪਰਿਪੇਖ - 2018

   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ,<br>
   ਪਲੱਈਅਰ ਗਾਰਡਨ ਮਾਰਕਿਟ, ਚਾਂਦਨੀ ਚੌਕ,<br>
   ਦਿੱਲੀ-110006, ਭਾਰਤ

**ਰਵਿੰਦਰ ਰਵੀ**



# ਪ੍ਰਕਾਸ਼ਨ-ਸਾਲ-ਕ੍ਰਮ ਅਨੁਸਾਰ ਮੇਰੇ ਕਾਵਿਨਾਟਕਾਂ ਦਾ ਮੰਚਨ-ਵੇਰਵਾ : ਪੰਛੀ-ਝਾਤ

| | *ਕਾਵਿਨਾਟਕ/ ਪ੍ਰਕਾਸ਼ਨ-ਸਾਲ* | *ਖੇਡਣ-ਸਾਲ* | *ਨਿਰਦੇਸ਼ਕ* |
|---|---|---|---|
| 1. | ਬੀਮਾਰ ਸਦੀ-1974 | 1976, 1977, 1986, 2015 | ਡਾ. ਸੁਰਜੀਤ ਸਿੰਘ ਸੇਠੀ, ਪ੍ਰੀਤਮ ਸਿੰਘ ਢੀਂਡਸਾ, ਪ੍ਰੋ. ਰਤਨ ਸਿੰਘ ਢਿੱਲੋਂ, ਸੁਭਾਸ਼ ਪੁਰੀ, ਕੀਰਤੀ ਕਿਰਪਾਲ |
| 2. | ਦਰ ਦੀਵਾਰਾਂ-1981 | 2018 | ਕੇਵਲ ਧਾਲੀਵਾਲ |
| 3. | ਅੱਧੀ ਰਾਤ ਦੁਪਹਿਰ-1983 | 2013 | ਕੇਵਲ ਧਾਲੀਵਾਲ |
| 4. | ਚੌਕ ਨਾਟਕ-1984 | 1986, 1987, 2019 | ਡਾ. ਸੁਰਜੀਤ ਸਿੰਘ ਸੇਠੀ, ਸੁਭਾਸ਼ ਪੁਰੀ, ਕੇਵਲ ਧਾਲੀਵਾਲ |
| 5. | ਰੂਹ ਪੰਜਾਬ ਦੀ-1984 | 1987, 1988, 1995 | ਗੁਰਸ਼ਰਨ ਸਿੰਘ, ਸੁਭਾਸ਼ ਪੁਰੀ, ਡਾ. ਮਨਜੀਤਪਾਲ ਕੌਰ |
| 6. | ਸਿਫਰ ਨਾਟਕ-1987 | 1987, 2019 | ਸੁਭਾਸ਼ ਪੁਰੀ, ਕੇਵਲ ਧਾਲੀਵਾਲ |
| 7. | ਮੱਕੜੀ ਨਾਟਕ-1989 | 1989 | ਅਜਮੇਰ ਸਿੰਘ ਔਲਖ |

8. ਰੁਕੇ ਹੋਏ ਯਥਾਰਥ-1990 2013 ਕੇਵਲ ਧਾਲੀਵਾਲ

9. ਪਛਾਣ ਨਾਟਕ-1990 1993 ਡਾ. ਮਨਜੀਤਪਾਲ ਕੌਰ

*(ਕਾਵਿਨਾਟਕ ਨੰਬਰ 7, 8 ਤੇ 9 'ਤਿੰਨ ਨਾਟਕ' ਪੁਸਤਕ ਵਿਚ, 1990 ਵਿਚ ਛਪੇ ਸਨ)*

10. ਮਨ ਦੇ ਹਾਣੀ-2005 2008, 2009 ਡਾ. ਸਾਹਿਬ ਸਿੰਘ

11. ਮਖੌਟੇ ਤੇ ਹਾਦਸੇ-2009 2009 ਕੇਵਲ ਧਾਲੀਵਾਲ

12. ਚੱਕ੍ਰਵਯੂਹ ਤੇ ਪਿਰਾਮਿਡ-2010 2012 ਕੇਵਲ ਧਾਲੀਵਾਲ

13. ਆਪੋ ਆਪਣੇ ਦਰਿਆ-2015 2017 ਕੇਵਲ ਧਾਲੀਵਾਲ

14. ਹੋਂਦ ਨਿਹੋਂਦ-2016 2016 ਕੇਵਲ ਧਾਲੀਵਾਲ

15. ਭਰਮ-ਜਲ-2017 2017 ਕੇਵਲ ਧਾਲੀਵਾਲ

16. ਸਿਆਸੀ ਦੰਦ-ਕਥਾ-2017 2018 ਕੇਵਲ ਧਾਲੀਵਾਲ

*(ਕਾਵਿਨਾਟਕ 15 ਤੇ 16 'ਪਰਤੱਖ ਤੋਂ ਅਗਾਂਹ' ਪੁਸਤਕ ਵਿਚ, 2017 ਵਿਚ ਛਪੇ ਸਨ)*

**ਰਵਿੰਦਰ ਰਵੀ**



# ਚੌਕ ਨਾਟਕ ਨਾਲ ਚੌਕ ਵਿਚ



## ਪੰਜਾਬੀ ਕਾਵਿਨਾਟਕ ਦਾ ਮੀਲ-ਪੱਥਰ : ਰਵਿੰਦਰ ਰਵੀ

ਵੀਹਵੀਂ ਸਦੀ ਦੇ ਅੱਧ ਤੋਂ ਪੰਜਾਬੀ ਕਾਵਿਨਾਟਕਾਂ ਵਿਚ ਲਗਾਤਾਰ ਵਾਧਾ ਹੁੰਦਾ ਗਿਆ। ਇਨ੍ਹਾਂ ਵਿਚ ਮੀਲ ਪੱਥਰ ਵਾਂਗ 1974 ਵਿਚ ਰਵਿੰਦਰ ਰਵੀ ਦਾ ਕਾਵਿਨਾਟਕ "ਬੀਮਾਰ ਸਦੀ" ਸ਼ਾਮਲ ਹੋਇਆ। ਰਵੀ ਨੇ ਦਰਜਨ ਦੇ ਲਗਭਗ ਕਾਵਿਨਾਟਕ ਲਿਖੇ ਤੇ ਛਪਵਾਏ ਹਨ ਜਿਨ੍ਹਾਂ ਨੂੰ ਇੱਕੀਵੀਂ ਸਦੀ ਵਿਚ ਵੀ ਮੰਚਤ ਹੋਣ ਦਾ ਅਵਸਰ ਪ੍ਰਾਪਤ ਹੋਇਆ ਹੈ। ਵੀਹਵੀਂ ਸਦੀ ਦੇ ਅੱਧ ਕੁ ਤੋਂ ਵਿਗਸਣ ਤੇ ਮੌਲਣ ਵਾਲੀ ਕਾਵਿਨਾਟ ਵਿਧਾ ਨੂੰ ਰਵਿੰਦਰ ਰਵੀ ਨੇ ਧ੍ਰੋਹਰ ਵਾਂਗ ਪਾਲਿਆ ਹੈ। ਰਵੀ ਨੇ ਆਪ ਹੀ ਯਤਨ ਕਰਕੇ ਆਪਣੇ ਨਾਟਕਾਂ ਦੀ ਚਰਚਾ, ਪੜਚੋਲ, ਉਲੇਖ, ਟਿਪਣੀ ਆਦਿ ਸਭ ਤਰ੍ਹਾਂ ਦੀ ਪ੍ਰਕਿਰਿਆ ਦਾ ਲੇਖਾ-ਜੋਖਾ ਸਮੇਂ ਸਿਰ ਆਪਣੇ ਹੱਥੀਂ ਪੁਸਤਕਾਂ ਵਿਚ ਸਾਂਭ ਦਿੱਤਾ ਹੈ। ਰਵੀ ਦੇ ਕਾਵਿਨਾਟਕਾਂ ਨੂੰ ਅਜਮੇਰ ਔਲਖ, ਸੁਰਜੀਤ ਸਿੰਘ ਸੇਠੀ, ਗੁਰਸ਼ਰਨ ਸਿੰਘ ਅਤੇ ਸਭ ਤੋਂ ਵੱਧ ਸਫਲਤਾ ਨਾਲ ਕੇਵਲ ਧਾਲੀਵਾਲ ਨੇ ਖਿਡਵਾਇਆ ਹੈ। ਰਵੀ ਨੂੰ ਉਸ ਦੇ ਸਮੀਖਿਅਕਾਂ ਨੇ ਗਲੋਬਲੀ ਚੇਤਨਾ ਦਾ ਅਤੇ ਬ੍ਰਹਮੰਡੀ ਵਿਸਥਾਰਾਂ ਦਾ ਨਾਟਕਕਾਰ ਗਰਦਾਨਿਆ ਹੈ। ਇਹ ਨਾਟਕ ਥੀਮ, ਤਕਨੀਕ, ਸ਼ਿਲਪ ਅਤੇ ਵਿਸ਼ਾ ਆਦਿ ਤਮਾਮ ਪੱਖਾਂ ਤੋਂ ਆਪਣੇ ਸਮੇਂ ਨਾਲੋਂ ਅੱਗੇ ਲੰਘਣ ਵਾਲੇ ਨਾਟਕ ਕਹੇ ਜਾ ਸਕਦੇ ਹਨ। ਇਨ੍ਹਾਂ ਨਾਟਕਾਂ ਦਾ ਵਿਸ਼ਾ ਅਧਿਆਤਮਕ ਹੈ ਅਤੇ ਸਰੂਪ ਅਜੋਕੇ ਵਿਗਿਆਨਕ ਅਤੇ ਤਕਨੀਕੀ ਯੁੱਗ ਦੇ ਨਾਟਕ ਵਾਲਾ ਹੈ। ਇਹ ਕਾਵਿਨਾਟਕ ਤਕਨੀਕ ਪੱਖੋਂ ਅਤੇ ਮੰਚਣ ਵਿਧੀ ਪੱਖੋਂ ਵੀ ਵਿਲੱਖਣ ਹਨ।

**ਕਮਲੇਸ਼ ਉੱਪਲ, ਡਾ.**

ਲੇਖ : ਇੱਕੀਵੀਂ ਸਦੀ ਦਾ ਪੰਜਾਬੀ ਨਾਟਕ : ਵਰਤਮਾਨ ਅਤੇ ਅਤੀਤ ਦੀ ਸੰਵਾਦਕਤਾ
ਪੁਸਤਕ : ਇੱਕੀਵੀਂ ਸਦੀ ਦਾ ਪੰਜਾਬੀ ਨਾਟਕ : ਸਰੂਪ ਤੇ ਸੰਭਾਵਨਾ – ਪੰਨਾ 22
ਸੰਪਾਦਕ : ਹਰਭਜਨ ਸਿੰਘ ਭਾਟੀਆ, ਡਾ.
ਪ੍ਰਕਾਸ਼ਕ : ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
ਛਪਣ ਸਾਲ : 2015


Final dummy

## * ਚੌਕ ਨਾਟਕ ਨਾਲ ਚੌਕ ਵਿਚ

ਇਹ ਨਾਟਕ ਅਪਰੈਲ-ਮਈ 1983 ਦਾ ਲਿਖਿਆ ਪਿਆ ਸੀ। ਮਸ਼ੀਨੀ ਜ਼ਿੰਦਗੀ, ਰੋਟੀ ਰੋਜ਼ੀ ਦੇ ਚੱਕਰ, ਮਾਨਸਿਕ ਉੱਥਲ ਪੁੱਥਲ, ਟੁੱਟ ਭੱਜ, ਉਧੇੜ ਬੁਣ, 'ਮਨ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ' ਵਾਲੀ ਜੜ੍ਹ-ਹੀਣਤਾ, ਜੀਵਨ ਮੌਤ ਦੀਆਂ ਵਿਰੋਧੀ ਸ਼ਕਤੀਆਂ ਵਿਚਕਾਰ ਖਿੱਚ ਹੋ ਟੁੱਟਣ ਤਕ ਤਣੀ ਹੋਂਦ ਅਤੇ ਨਿਰੰਤਰ ਸੰਘਰਸ਼ ਦੀ ਭਾਵਨਾ ਦੇ ਵਿਚਕਾਰ ਵਿਚਰਦਿਆਂ ਏਨੀ ਵਿਹਲ ਹੀ ਨਾ ਮਿਲੀ ਕਿ ਸੋਧ ਕੇ ਇਸ ਦਾ ਖਰੜਾ ਤਿਆਰ ਕਰ ਸਕਦਾ। ਪਰ ਆਪਣੇ ਆਪ ਤੋਂ, ਆਪਣੀ ਰਚਨਾ ਤੋਂ, ਕੋਈ ਕਿੰਨੀ ਕੁ ਦੇਰ ਨਜ਼ਰ ਚੁਰਾ ਸਕਦਾ ਹੈ ?

ਚੌਗਿਰਦੇ ਦੇ 'ਮੈਡਿੰਗ ਕਰਾਊਡ' ਤੇ ਸ਼ੋਰੋ-ਗੁੱਲ ਨੂੰ ਇਕ ਵਾਰੀ ਫੇਰ ਝਕਾਨੀ ਦੇ ਕੇ, ਮੈਂ ਆਪਣੇ ਦੁਆਲੇ ਆਪੇ ਦੀ ਵਲਗਣ ਦੀਵਾਰ ਵਾਂਗ ਵਲ ਲਈ ਅਤੇ ਇਸ ਨਾਟਕ ਨੂੰ ਮੁੜ ਪੜ੍ਹਨ, ਸੋਧ ਕੇ ਲਿਖਣ ਲਈ ਬੈਠ ਗਿਆ। ਸ਼ੁਕਰ ਹੈ ਕਿ ਚੌਗਿਰਦੇ ਦੇ ਸ਼ੋਰ ਵਿਚ ਇਕ ਵਾਰੀ ਫਿਰ ਗੁੰਮ ਗੁਆਚ ਜਾਣ ਤੋਂ ਪਹਿਲਾਂ ਪਹਿਲਾਂ ਇਹ ਕੰਮ ਨੇਪਰੇ ਚੜ੍ਹ ਗਿਆ ਹੈ।

ਇਹ ਨਾਟਕ ਲਿਖਦੇ ਤੇ ਮੁੜ ਸੋਧਦੇ ਸਮੇਂ ਮੈਨੂੰ ਇੰਜ ਪ੍ਰਤੀਤ ਹੋਇਆ ਸੀ ਜਿਵੇਂ ਇਸ ਦੇ ਸਭ ਨਾਟ-ਦ੍ਰਿਸ਼ਾਂ ਦਾ ਕਾਰਜ ਵੱਖ ਵੱਖ ਚੌਕਾਂ ਵਿਚ ਨਾਲੋ ਨਾਲ ਵਾਪਰ ਰਿਹਾ ਹੋਵੇ। ਭਾਸ਼ਾ ਤੇ ਮੰਚ ਦੀ ਇਹ ਸੀਮਾ ਹੈ ਕਿ ਇਸ ਨੂੰ ਨਾਲੋ ਨਾਲ ਸਮੁੱਚ ਵਿਚ ਖੇਡ ਹੁੰਦਾ ਨਹੀਂ ਪ੍ਰਸਤੁਤ ਕੀਤਾ ਜਾ ਸਕਦਾ। ਜਿਸ ਤਰ੍ਹਾਂ ਕਿਸੇ ਨਗਰ ਦਾ ਸਮੁੱਚਾ ਬਿੰਬ ਪਕੜਨ ਲਈ ਹਵਾਈ-ਫੋਟੋ ਲੈਣੀ ਪੈਂਦੀ ਹੈ, ਵਾਈਡ ਐਂਗਲ ਤੇ ਦੂਰਦਰਸ਼ੀ ਲੈਨਜ਼ ਦੀ ਵਰਤੋਂ ਕਰਨੀ ਪੈਂਦੀ ਹੈ, ਉਸੇ ਤਰ੍ਹਾਂ ਇਸ ਨਾਟਕ ਦੇ ਕਾਰਜ ਨੂੰ ਨਾਲੋ ਨਾਲ ਵਾਪਰਦਿਆਂ, ਸਮੁੱਚ ਵਿਚ ਵੇਖਣ ਲਈ, ਕਲਪਨਾ-ਸ਼ਕਤੀ ਦੀ ਲੋੜ ਹੈ, ਜੁ ਆਸਮਾਨੀ ਅੱਖ ਬਣ ਕੇ, ਇਹ ਸਭ ਕੁਝ ਵੇਖ ਸਕੇ; ਹਵਾਈ-ਦ੍ਰਿਸ਼ ਵਾਂਗ ਇਸ ਨੂੰ ਦੂਰਦਰਸ਼ੀ ਵਾਈਡ ਐਂਗਲ ਲੈਨਜ਼ ਵਿਚ ਪਕੜ ਸਕੇ।

* ਪਹਿਲੇ ਐਡੀਸ਼ਨ ਦੀ ਭੂਮਿਕਾ


Final dummy

ਚੌਕ ਤੋਂ ਚੌਕ ਤਕ ਦੀ ਏਸ ਸਥਿਤੀ ਵਿਚ ਆਪਸੀ ਰਿਸ਼ਤਿਆਂ ਦੀ ਹੀ ਨਹੀਂ, ਸਗੋਂ ਮਿੱਥ ਦੀ ਪੁਨਰ-ਪਹਿਚਾਣ ਵੀ ਜ਼ਰੂਰੀ ਹੈ।

ਮੇਰੇ ਪਹਿਲੇ ਤਿੰਨ ਕਾਵਿ-ਨਾਟਕ : 'ਬੀਮਾਰ ਸਦੀ', 'ਦਰ ਦੀਵਾਰਾਂ' ਅਤੇ 'ਅੱਧੀ ਰਾਤ ਦੁਪਹਿਰ' ਇਕ ਥੀਮਕੀ ਤ੍ਰੈ-ਲੜੀ ਹਨ। ਇਹ ਤ੍ਰੈ-ਲੜੀ ਪ੍ਰਤੀਕ ਤੋਂ ਪ੍ਰਤੀਕ ਤੱਕ ਦਾ ਸਫ਼ਰ ਕਰਦੀ ਹੋਈ, ਪਾਤਰਾਂ ਤੇ ਸਥਿਤੀਆਂ ਦੇ ਵਿਕਾਸ-ਪ੍ਰਸੰਗਾਂ ਨੂੰ ਥੀਮਕੀ ਏਕਤਾ ਪ੍ਰਦਾਨ ਕਰਦੀ ਹੈ। 'ਅੱਧੀ ਰਾਤ ਦੁਪਹਿਰ' ਦੇ ਰੀਵੀਊ ਵਿਚ ਅਜਾਇਬ ਕਮਲ ਨੇ ਏਸ ਤੱਥ ਵੱਲ ਸੰਕੇਤ ਕੀਤਾ ਹੈ। ਨੇੜ ਭਵਿੱਖ ਵਿਚ ਮੈਂ ਇਸ ਥੀਮਕੀ ਤ੍ਰੈ-ਲੜੀ ਨੂੰ, ਇਕ ਸਾਂਝਾ ਸ਼ੀਰਸ਼ਕ* 'ਸੂਰਜ ਨਾਟਕ' ਦੇ ਕੇ ਇਕ ਜਿਲਦ ਹੇਠ ਪ੍ਰਕਾਸ਼ਤ ਕਰਵਾਉਣ ਦਾ ਇਰਾਦਾ ਰੱਖਦਾ ਹਾਂ, ਤਾਂ ਕਿ ਨਾਟ-ਰਸੀਏ ਇਨ੍ਹਾਂ ਤਿੰਨਾਂ ਨਾਟਕਾਂ ਨੂੰ ਏਸ ਪ੍ਰਸੰਗ ਵਿਚ ਅਤੇ ਏਸ ਕੋਣ ਤੋਂ ਇਕੱਠਿਆਂ, ਇਕ ਲੜੀ ਵਿਚ, ਪੜ੍ਹ ਤੇ ਮਾਣ ਸਕਣ। ਏਥੇ ਇਹ ਗੱਲ ਵੀ ਉਲੇਖਨੀਯ ਹੈ ਕਿ ਜਿੱਥੇ ਇਹ ਨਾਟਕ ਪੰਜਾਬੀ ਵਿਚ ਪਰਚੱਲਤ 'ਜਣੇ ਖਣੇ ਦੇ ਨਾਟਕ' ਦੀ ਪ੍ਰੰਪਰਾ ਤੋਂ ਹਟ ਕੇ ਲਿਖੇ ਗਏ ਹਨ, ਉੱਥੇ ਇਨ੍ਹਾਂ ਨਾਲ ਪੰਜਾਬੀ ਵਿਚ ਪਹਿਲੀ ਵਾਰੀ 'ਪੌਢ ਬਾਲਗ਼ਾਂ ਦੇ ਥਿਏਟਰ' ਦਾ ਮੁੱਢ ਵੀ ਬੱਝਦਾ ਹੈ। ਏਸ ਤ੍ਰੈ-ਲੜੀ ਨੂੰ ਇੱਕੋ ਜਿਲਦ ਹੇਠ ਛਾਪਣ ਦਾ ਸੁਫਨਾ ਵੇਖੋ ਕਦੋਂ ਸਾਕਾਰ ਹੁੰਦਾ ਹੈ।

ਆਖਦੇ ਨੇ ਕਿ ਸੁਫਨੇ ਹਕੀਕਤ ਦਾ ਪੂਰਵ-ਰੂਪ ਹੁੰਦੇ ਹਨ; ਹੋਣਗੇ। ਸੁਫ਼ਨੇ ਲੈਣ ਵਿਚ ਆਪਣਾ ਹੀ ਮਜ਼ਾ ਹੈ। ਆਪਣੇ ਏਸ 'ਚੌਕ ਨਾਟਕ' ਨਾਲ ਮੈਂ ਆਪਣਾ ਇਕ ਹੋਰ ਸੁਫ਼ਨਾ, ਅੱਜ ਫੇਰ, ਤੁਹਾਡੇ ਹਵਾਲੇ ਕਰ ਰਿਹਾ ਹਾਂ।

ਇਹ ਨਾਟਕ ਨਿਰੋਲ ਨਿਰਦੇਸ਼ਕਾਂ ਤੇ ਕਲਾਕਾਰਾਂ ਦਾ ਨਾਟਕ ਹੈ। ਏਸ ਦੀ ਵਿਸ਼ਾਲ ਨਾਟ-ਪ੍ਰਕਿਰਤੀ ਵਿਚ ਦੋਹਾਂ ਲਈ ਆਪੋ ਆਪਣੀ ਕਲਾ ਦੇ ਜੌਹਰ ਵਿਖਾਉਣ ਦਾ ਹਰ ਸੰਭਵ ਸਾਮਾਨ ਮੌਜੂਦ ਹੈ।

ਮੇਰੀ ਇਹ ਬੜੀ ਪ੍ਰਬਲ ਇੱਛਾ ਹੈ ਕਿ 'ਬੀਮਾਰ ਸਦੀ' ਵਾਂਗ ਹੀ ਇਸ ਨੂੰ ਵੀ ਯੋਗ ਨਿਰਦੇਸ਼ਕ ਤੇ ਕਲਾਕਾਰ ਸਿਰਜਣਾਤਮਿਕ ਵਿਧੀ ਨਾਲ ਮੰਚ ਉੱਤੇ ਪ੍ਰਸਤੁਤ ਕਰਨ; ਤਾਂ ਹੀ ਮੇਰੀ ਘਾਲਣਾ ਸਫਲ ਹੋਵੇਗੀ। ਤਾਂ ਹੀ 'ਜਾਗੋ' ਤੋਂ 'ਜਾਗੋ' ਤੱਕ ਦਾ ਇਹ ਸਫ਼ਰ ਦਰਸ਼ਕਾਂ ਵਿਚ ਆਪਣੀ ਵੱਖਰੀ ਪਹਿਚਾਣ ਕਾਇਮ ਕਰ ਸਕੇਗਾ।

**-ਰਵਿੰਦਰ ਰਵੀ**

116-3530 Kalum Street,
Terrace, B.C.,
Canada V8G 2P2
Ph. (250) 635-4455

---

* 'ਸੂਰਜ ਨਾਟਕ' ਦੇ ਦੋ ਐਡੀਸ਼ਨ ਛਪ ਚੁੱਕੇ ਹਨ।



# ਨਾਟ-ਕ੍ਰਮ ਤੇ ਪਾਤਰ

**ਸਥਾਨ : ਚੌਕ—ਸਮਾਂ : ਅੱਜ**

ਆਦਿ-ਦ੍ਰਿਸ਼ ਰਵਿੰਦਰ ਰਵੀ

ਦ੍ਰਿਸ਼-1 ਜਾਗੋ-ਪਾਤਰ,
ਸੋਤਾ-ਪਾਤਰ।

ਦ੍ਰਿਸ਼-2 ਸੂਤਰਧਾਰ, ਕੈਨੇਡੀ, ਰੇਗਨ, ਨਿਕਸਨ, ਹਿਟਲਰ, ਗਾਂਧੀ, ਮਾਰਟਨ ਲੂਥਰ ਕਿੰਗ, ਚੰਗੇਜ਼ ਖ਼ਾਂ, ਹਲਾਕੂ, ਸਿਕੰਦਰ, ਟੋਜੋ, ਮਸੋਲੀਨੀ, ਨੈਪੋਲੀਅਨ, ਚਰਚਲ, ਨਹਿਰੂ, ਨਾਸਰ, ਹੋਚੀ ਮਿੰਨ੍ਹ, ਲੈਨਿਨ, ਮਾਓ, ਹੈਮਿੰਗਵੇ, ਬੁੱਢਾ ਮਾਹੀਗੀਰ, ਯੂਲੇਸਿਜ਼ ਅਤੇ ਹੋਰ ਸਮਕਾਲੀ ਲੇਖਕ, ਕਲਾਕਾਰ, ਰਾਜਸੀ ਆਗੂ ਤੇ ਪ੍ਰਸਿੱਧ ਇਸਤਰੀ, ਪੁਰਸ਼।

ਦ੍ਰਿਸ਼-3 ਸੂਤਰਧਾਰ, ਨਟ, ਨਟੀ।

ਦ੍ਰਿਸ਼-4 ਸੂਤਰਧਾਰ, ਆਦਮ, ਹੱਵਾ।

ਦ੍ਰਿਸ਼-5 ਛੱਲਾ-ਗਾਇਕ।

ਦ੍ਰਿਸ਼-6 ਸੂਤਰਧਾਰ, ਮੁਜਰਮ-1, ਮੁਜਰਮ-2, ਮੁਜਰਮ-3।

ਦ੍ਰਿਸ਼-7 ਸੂਤਰਧਾਰ, ਅੰਨ੍ਹਾ, ਬੋਲਾ, ਗੂੰਗਾ, ਪੈਗੰਬਰ।

ਦ੍ਰਿਸ਼-8 ਸੂਤਰਧਾਰ, ਪਾਗਲ-1, ਪਾਗਲ-2, ਪਾਗਲ-3, ਪਾਗਲ-4।

ਦ੍ਰਿਸ਼-9 ਹੀਰ-ਗਾਇਕ।

ਦ੍ਰਿਸ਼-10 ਸੂਤਰਧਾਰ, ਪਰਵਾਸੀ ਕਵੀ, ਕਵੀ-1, ਕਵੀ-2, ਕਵੀ-3,ਕਵੀ-4, ਕਵੀ-5, ਕਵੀ-6, ਕਵੀ-7, ਕਵੀ-8, ਕਵੀ-9, ਕਵੀ-10, ਕਵੀ-11।

ਦ੍ਰਿਸ਼-11 ਮਾਹੀਆ ਗਾਇਕ, ਟੋਲੀ-1, ਟੋਲੀ-2।

ਦ੍ਰਿਸ਼-12 ਸੂਤਰਧਰ, ਮਰਦ, ਔਰਤ।

ਦ੍ਰਿਸ਼-13 ਸੂਤਰਧਾਰ, ਦੀਪਕ, ਰੌਸ਼ਨੀ।

ਅੰਤ-ਦ੍ਰਿਸ਼ ਏਸ ਨਾਟਕ ਦੇ ਸਾਰੇ ਪਾਤਰ।



# ਆਦਿ-ਦ੍ਰਿਸ਼ (Prologue)
## ਮੰਚੋਂ ਬਾਹਰ ਹੋਰ ਪਾਤਰ

**ਵਿਸ਼ੇਸ਼ ਨੋਟ :**

ਇਸ ਆਦਿ-ਦ੍ਰਿਸ਼ ਦਾ ਪਾਤਰ ਮੈਂ, ਨਾਟਕਕਾਰ, ਆਪ ਹਾਂ। ਮੇਰੀ ਥਾਂ ਨਿਰਦੇਸ਼ਕ ਜਾਂ ਹੋਰ ਕੋਈ ਪਾਤਰ ਵੀ ਲੈ ਸਕਦਾ ਹੈ।

ਇਸ 'ਚੌਕ ਨਾਟਕ' ਨੂੰ ਸ਼ੁਰੂ ਕਰਨ ਲਈ ਆਦਿ-ਦ੍ਰਿਸ਼ ਨਿਰਦੇਸ਼ਕ ਦੀ ਚੋਣ ਲਈ ਇਕ ਬਦਲ ਮਾਤਰ ਹੀ ਹੈ। ਉਂਜ ਇਹ ਨਾਟਕ ਇਸ ਤੋਂ ਬਿਨਾਂ ਵੀ ਮੁਕੰਮਲ ਹੈ। ਕਿਉਂਕਿ ਇਹ 'ਜਾਗੋ' ਤੋਂ 'ਜਾਗੋ' ਤੱਕ ਦੀ ਖੇਡ ਹੈ। ਇਸ ਸੂਰਤ ਵਿਚ ਇਹ ਆਦਿ-ਦ੍ਰਿਸ਼ ਇਕ ਭੂਮਿਕਾ ਦਾ ਕੰਮ ਦੇਵੇਗਾ।

ਜੇ ਨਿਰਦੇਸ਼ਕ ਇਹ ਚੋਣ ਕਰ ਲਵੇ, ਤਾਂ ਮੇਰੇ ਰੂਪ ਵਿਚ ਉਹ ਆਪ ਖੁਦ ਜਾਂ ਕੋਈ ਹੋਰ ਪਾਤਰ ਮੰਚ ਦੇ ਅਗਵਾੜੇ ਜਾਂ ਦਰਸ਼ਕਾਂ ਦੇ ਪਿਛਵਾੜੇ, ਸਪਾਟਲਾਈਟ ਹੇਠਾਂ, ਮੇਰਾ ਰੋਲ ਅਦਾ ਕਰ ਸਕਦਾ ਹੈ। ਇਸ ਸਮੇਂ ਥਿਏਟਰ ਵਿਚ ਮੁਕੰਮਲ ਅਨ੍ਹੇਰਾ ਹੈ ਅਤੇ ਪਿਛੋਕੜ 'ਚੋਂ ਹਲਕੇ ਸਨਾਤਨੀ ਸੰਗੀਤ ਦੀਆਂ ਸੁਰਾਂ ਉੱਭਰ ਰਹੀਆਂ ਹਨ।

### ਆਦਿ-ਦ੍ਰਿਸ਼

ਇਸ ਨਾਟਕ ਨੂੰ ਵੇਖਣਾ ਨਾ ਵੇਖਣਾ ਤੁਹਾਡੀ ਚੋਣ ਹੈ।

ਜੇ ਤੁਸੀਂ ਇਹ ਚੋਣ ਕਰ ਹੀ ਬੈਠੇ ਹੋ, ਤਾਂ ਏਸ 'ਚੌਕ ਨਾਟਕ' ਵਿਚ ਤੁਸੀਂ ਬਰਾਬਰ ਦੇ ਸ਼ਰੀਕ ਹੋ। ਹੁਣ ਤੁਸੀਂ ਸਭ ਆਪਣੇ ਅੰਦਰ ਦੇ ਪਾਗ਼ਲ ਤੇ ਪੈਗ਼ੰਬਰ, ਜਾਬਰ ਤੇ ਮਜ਼ਲੂਮ, ਹਾਕਮ ਤੇ ਮਹਿਕੂਮ, ਨਾਇਕ ਤੇ ਖਲਨਾਇਕ, ਜੀਵਨ ਤੇ ਮੌਤ, ਜੁਰਮ ਤੇ ਨਿਆਏ, ਚੁੱਪ ਤੇ ਸ਼ੋਰ, ਇਤਿਹਾਸ ਤੇ ਅਣ-ਇਤਿਹਾਸ ਨੂੰ ਆਪਣੇ ਆਪਣੇ ਅੰਦਰੋਂ ਬਾਹਰ ਨਿਕਲ ਕੇ ਏਸ ਨਾਟਕ ਦੇ ਕਾਰਜ ਦੇ ਪਾਤਰ ਬਣਨ ਦਿਓ। ਆਪ ਤੁਸੀਂ ਵਸਤੂ-ਨਿਸ਼ਠ ਹੋ ਕੇ, ਦਰਸ਼ਕਾਂ ਵਾਂਗ, ਨਿੱਠ ਕੇ ਬੈਠ ਜਾਓ।

ਜੇ ਨਾਟਕ ਸੁਨੇਹਾ ਹੈ, ਤਾਂ ਉਹ ਤੁਸੀਂ ਦੇਣਾ ਹੈ।
ਜੇ ਨਾਟਕ ਮਨੋਰੰਜਨ ਹੈ, ਤਾਂ ਉਹ ਤੁਸੀਂ ਬਣਨਾ ਹੈ।
ਮੌਨ ਤੋਂ ਬਾਅਦ ਸੋਚ ਹੈ,
ਸੋਚ ਤੋਂ ਬਾਅਦ ਕਾਰਜ ਹੈ—
ਤਾਂ ਇਹ ਸਭ ਵੀ ਤੁਹਾਡੀ ਗਤੀ ਵਿਧੀ ’ਚੋਂ ਹੀ ਪ੍ਰਗਟ ਹੋਣਾ ਹੈ।
ਜੇ ਨਾਟਕ ਕਲਾ ਹੈ, ਸੁਹਜ ਹੈ—
ਤਾਂ ਇਹ ਸਭ ਵੀ ਤੁਹਾਡੇ ’ਤੇ ਹੀ ਘਟਨਾ ਹੈ।

ਚੌਕ ਤੋਂ ਚੌਕ ਤਕ ਦਾ ਇਹ ਸਫ਼ਰ, ਤੁਹਾਡਾ ਸਫ਼ਰ ਹੈ। ਮੈਂ ਤਾਂ ਏਧਰੋਂ, ਓਧਰੋਂ ਕੁਝ ਬਿੰਬ, ਚਿੰਨ੍ਹ, ਪ੍ਰਤੀਕ, ਸਥਿਤੀਆਂ, ਪਾਤਰ, ਪਾਤਰ-ਅੰਸ਼, ਅਧੂਰੇ, ਪੂਰੇ, ਬਣੇ, ਅਨਬਣੇ, ਬੋਲ ਕੁਬੋਲ, ਚੁੱਪ ਤੇ ਸ਼ੋਰ ਵਸਤੂ-ਨਿਸ਼ਠ ਸਮਵਾਏ ਮਾਤਰ ਇਕੱਠੇ ਕਰਕੇ ਤੁਹਾਨੂੰ ਸੌਂਪ ਰਿਹਾ ਹਾਂ।

ਅੱਖ ਤੁਹਾਡੀ ਹੈ, ਨਜ਼ਾਰਾ ਵੀ ਤੁਸੀਂ ਹੀ ਬਣਨਾ ਹੈ।
ਸੋਚ ਤੁਹਾਡੀ ਹੈ, ਇਸ਼ਾਰਾ ਵੀ ਤੁਸੀਂ ਹੀ ਕਰਨਾ ਹੈ।
ਅੱਗ ਤੁਹਾਡੀ ਹੈ, ਲੰਬ ਵੀ, ਸ਼ਰਾਰਾ ਵੀ ਤੁਸੀਂ ਹੀ ਬਣਨਾ ਹੈ।

ਮਘਦੀਆਂ ਸੋਚਾਂ ਤੇ ਜਾਗਦੀਆਂ ਨਜ਼ਰਾਂ ਦੇ ਵਿਚਕਾਰ ਤੁਸੀਂ ਹੀ ਪੂਰਨ ਸ੍ਰੋਤ ਹੋ। ਤੁਸੀਂ ਹੀ ਆਸਮਾਨੀ ਅੱਖ ਹੋ।

ਜਿੰਨੀ ਕੁ ਤੁਹਾਡੀ ਸਮਰੱਥਾ ਹੈ, ਓਨਾ ਕੁ ਹੀ ਇਹ ਨਾਟਕ ਤੁਹਾਡਾ ਹੈ।
ਇਹ ਚੌਕ ਨਾਟਕ ਹੈ, ਚੌਕ ਤੋਂ ਚੌਕ ਤੱਕ ਦਾ...ਤੁਹਾਡੇ ਤੱਕ ਦਾ ਸਫਰ...
ਤੁਸੀਂ ਪੂਰਨ ਰੂਪ ਵਿਚ ਸਮਰੱਥਾਵਾਨ ਬਣੋ ਤੇ ਮੈਨੂੰ ਆਗਿਆ ਦਿਓ...

*(ਪਿਛੋਕੜ ’ਚੋਂ ਜਾਗੋ ਗੀਤ ਦੀਆਂ ਧੁਨਾਂ ਉੱਭਰਦੀਆਂ ਹਨ।)*

**–ਫੇਡ ਆਊਟ–**



Final dummy

ਮੰਚ * ਉਤੇ ਅਨ੍ਹੇਰਾ ਹੈ। ਪਿਛੋਕੜ ਵਿਚੋਂ ‘ਜਾਗੋ’ ਸੰਗੀਤ ਦੀਆਂ ਧੁਨਾਂ ਉਭਰਦੀਆਂ ਹਨ। ਹੋਰ ਨੇੜੇ, ਹੋਰ ਨੇੜੇ ਆ ਰਹੀਆਂ ਹਨ। ਏਸ ਨਾਟ-ਦ੍ਰਿਸ਼ ਦੇ ਪਾਤਰ ਟਰੈਡੀਸ਼ਨਲ ਪੰਜਾਬੀ ਕਾਸਟਿਊਮਜ਼ ਪਹਿਨੀ, ਮਸ਼ਾਲਾਂ ਤੇ ਸਾਜ਼ ਸੰਗੀਤ ਨਾਲ ਲੈਸ ਹੋ ਕੇ ਅਤੇ ਆਟੇ ਦੇ ਦੀਵਿਆਂ ਦੀ ਜਾਗੋ ਜਗਾਈ ਨ੍ਰਿਤ ਦੀਆਂ ਮੁਦ੍ਰਾਵਾਂ ਕਰਦੇ ਮੰਚ ’ਤੇ ਉਸਾਰੇ ਚੌਕ ਵਿਚ ਪਰਵੇਸ਼ ਕਰਦੇ ਹਨ। ਮੰਚ ਜਗਮਗ, ਜਗਮਗ ਹੋ ਜਾਂਦਾ ਹੈ।

ਸ਼ੋਖ ਰੰਗਾਂ ਦੀਆਂ ਰੰਗਾ ਰੰਗ ਕਾਸਟਿਊਮਜ਼ ਉੱਤੇ ਗੋਟਾ, ਕਿਨਾਰੀ, ਸਿਲਮੇਂ, ਸਿਤਾਰੇ, ਝਿਲਮਿਲ, ਝਿਲਮਿਲ ਕਰਦੇ ਹਨ। ਜਾਗੋ-ਪਾਤਰ ਗੀਤ, ਨ੍ਰਿਤ, ਸੰਗੀਤ, ਨਾਟਕੀ ਮੁਦ੍ਰਾਵਾਂ ਤੇ ਅਭਿਨਯ-ਕਲਾ ਦੁਆਰਾ ਏਸ ਲੋਕ-ਗੀਤ-ਨ੍ਰਿਤ-ਨਾਟ ਦਾ ਨਜ਼ਾਰਾ ਬੰਨ੍ਹਦੇ ਹਨ।

ਕਹਿਣ ਹਵਾਵਾਂ,
ਸਗਲ ਦਿਸ਼ਾਵਾਂ
ਸੁੰਨੀਆਂ ਰਾਹਵਾਂ
ਜਾਗੋ ਲੋਕੋ ਵੇ
ਚੌਰਾਹਾ ਛੱਡੋ
ਜਾਗੋ ਲੋਕ ਵੇ
ਜਾਗੋ ਆਈ ਐ
ਸ਼ਾਵਾ ਬਈ ਹੁਣ
ਜਾਗੋ ਆਈ ਐ
ਰੁੱਸੀ ਨੂੰ ਮਨਾ ਲੈ
ਸੁੱਤੀ ਨੂੰ ਜਗਾ ਲੈ

* ਸੰਭਵ ਹੋਵੇ ਤਾਂ ਇਸ ਦ੍ਰਿਸ਼ ਨੂੰ ਫਿਲਮਾ ਕੇ, ਪਾਤਰਾਂ ਦੇ ਮੰਚ-ਕਾਰਜ ਦੇ ਪਿਛੋਕੜ, ਪਿੱਠ-ਭੂਮੀ ਦੇ ਪਰਦੇ ਉੱਤੇ ਸਲੋ ਮੋਸ਼ਨ ਵਿਚ ਵਿਖਾਇਆ ਜਾ ਸਕਦਾ ਹੈ।



Final dummy

ਸੋਨ - ਚਿੜੀ
ਗਲ ਲਾ ਲੈ ਵੇ
ਜਾਗੋ ਆਈ ਐ ...
... ... ... ...
... ... ... ...

ਆਪਣੀ ਹੋਂਦ 'ਚ
ਆਪਾ ਕੈਦੀ
ਧਾਰੋ ਲੋਕੋ
ਸੋਚ ਅਲਹਿਦੀ
ਆਖਣ ਨਦੀਆਂ
ਸਗਲ ਨਜ਼ਾਰੇ
ਫੁੱਲ ਬਹਾਰਾਂ
ਚੰਦ ਤੇ ਤਾਰੇ
ਜਾਗੋ ਲੋਕੋ ਵੇ
ਚੌਰਾਹਾ ਛੱਡੋ
... ... ... ...
... ... ... ...

ਸ਼ਾਵਾ ਵਈ
ਹੁਣ ਜਾਗੋ ਆਈ ਐ
ਉੱਠ ਕੇ ਦਰਸ਼ਨ ਪਾ
ਲੈ ਵੇ
ਜਾਗੋ ਆਈ ਐ
ਸ਼ਾਵਾ ਵਈ
ਹੁਣ ਜਾਗੋ ਆਈ ਐ
ਰੁੱਸੀ ਨੂੰ ਮਨਾ ਲੈ ...
... ... ... ...
... ... ... ...
ਆਪੂੰ ਰੁਕਿਆਂ
ਰਾਹ ਨਹੀਂ ਖੜ੍ਹਦਾ




ਝਰਨੇ ਦਾ ਸੰਗੀਤ
ਸਦੀਵੀ ਸੂਰਜ ਚੜ੍ਹਦਾ
ਅੰਦਰ ਰਾਹਵਾਂ
ਬਾਹਰ ਰਾਹਵਾਂ
ਤੀਜੀ ਅੱਖ ਦੀਆਂ
ਕਹਿਣ ਸੁਆਵਾਂ :
ਜਾਗੋ ਲੋਕੋ ਵੇ
ਚੌਰਾਹਾ ਛੱਡੋ
... ... ... ...
... ... ... ...

ਸ਼ਾਵਾ ਵਈ
ਹੁਣ ਜਾਗੋ ਆਈ ਐ
... ... ... ...
... ... ... ...
ਨਜ਼ਰ ਉਹੀ
ਜੁ ਵੇਖਣ ਜਾਣੇ
ਆਪਣੇ, ਸਭ ਦੇ
ਹੱਕ ਪਛਾਣੇ
ਪਹੁੰਚਣ ਲਈ
ਸੰਘਰਸ਼ ਪੁਕਾਰੇ
ਹਿੰਮਤ, ਮੁੱਠ ਵਿਚ
ਸੂਰਜ, ਤਾਰੇ :
ਜਾਗੋ ਲੋਕੋ ਵੇ
ਚੌਰਾਹਾ ਛੱਡੋ
... ... ... ...
... ... ... ...
ਸ਼ਾਵਾ ਵਈ ਹੁਣ
ਜਾਗੋ ਆਈ ਹੈ।
... ... ... ...
... ... ... ...

**-ਫ਼ੇਡ ਆਊਟ-**

ਪਲਕ * ਝਪਕ ਕੇ ਅਨ੍ਹੇਰੇ ਅਤੇ ਮੌਨ ਤੋਂ ਪਿੱਛੋਂ ਮੰਚ ਉੱਤੇ ਹੌਲੀ ਹੌਲੀ ਨੀਮ-ਚਾਨਣਾ ਜਿਹਾ ਹੁੰਦਾ ਹੈ। ਪਿਛੋਕੜ 'ਚੋਂ ਹੇਠ ਲਿਖੇ 'ਸੋਤਾ' ਗੀਤ ਦੀਆਂ ਧੁਨਾਂ ਉੱਭਰਦੀਆਂ ਹਨ। ਇਹ ਗੀਤ 'ਜਾਗੋ' ਦਾ ਪ੍ਰਤੀ-ਰੂਪ ਹੈ, ਵਿਰੋਧ-ਭਾਵੀ ਹੈ। ਪਿੱਠ-ਭੂਮੀ ਦੇ ਪਰਦੇ ਉੱਤੇ ਕਾਲੀ ਬੋਲੀ ਘਟਾਵਾਂ ਘੇਰੀ ਰਾਤ ਵਿੱਚੋਂ ਲੁਕਣ ਮੀਟੀ ਖੇਡਦੇ ਇਕਾਦਸ਼ੀ ਦਾ ਚੰਦ ਤੇ ਤਾਰੇ ਵਿਖਾਈ ਦਿੰਦੇ ਹਨ।

ਕਾਲੇ ਰੰਗ ਦੀਆਂ ਅਜੀਬੋ ਗ਼ਰੀਬ ਪੋਸ਼ਾਕਾਂ ਪਹਿਨੀ ਅਤੇ ਅੱਖਾਂ ਉਤੇ ਕਾਲੀਆਂ ਐਨਕਾਂ ਲਾਈ, ਸਾਜ਼ ਸੰਗੀਤ ਨਾਲ ਲੈਸ ਹੋ ਕੇ ਏਸ ਨਾਟ-ਦ੍ਰਿਸ਼ ਦੇ ਸੋਤਾ-ਪਾਤਰ ਕੁਝ ਊਂਘਦੇ, ਕੁਝ ਨੀਮ-ਜਾਗਦੇ, ਅਜੀਬ, ਅਜੀਬ ਹਰਕਤਾਂ ਕਰਦੇ, ਨੱਚਦੇ, ਗਾਉਂਦੇ ਮੰਚ ਉੱਤੇ ਉਸਾਰੇ ਚੌਕ ਵਿਚ ਪਰਵੇਸ਼ ਕਰਦੇ ਤੇ ਸੋਤਾ-ਗੀਤ ਨ੍ਰਿਤ-ਨਾਟ ਦਾ ਨਜ਼ਾਰਾ ਬੰਨ੍ਹਦੇ ਹਨ।

ਕਿਹੜੀ ਮੰਜ਼ਲ ?
ਕਿੱਥੇ ਜਾਣਾ ?
ਕਿਹੜਾ ਰਸਤਾ ?
ਕੌਣ ਟਿਕਾਣਾ ?
ਸੌਂ ਜਾਓ ਲੋਕੋ ਵੇ
ਹੁਣ ਨੀਂਦਰ ਆਈ ਐ
ਸ਼ਾਵਾ ਵਈ ਹੁਣ
ਨੀਂਦਰ ਆਈ ਐ
... ... ... ...
... ... ... ...
ਜਾਗੀ ਨੂੰ ਸੁਆ ਲੈ
ਮੰਨੀ ਨੂੰ ਰੁਸਾ ਲੈ
ਇੱਕੋ ਸੱਚ ਹੈ
ਸੱਚ ਨੂੰ ਪਾ ਲੈ
ਨੀਂਦਰ ਆਈ ਐ ...

* ਸੰਭਵ ਹੋਵੇ ਤਾਂ ਇਸ ਦ੍ਰਿਸ਼ ਨੂੰ ਫਿਲਮਾ ਕੇ, ਪਾਤਰਾਂ ਦੇ ਮੰਚ-ਕਾਰਜ ਦੇ ਪਿਛੋਕੜ, ਪਿੱਠ-ਭੂਮੀ ਦੇ ਪਰਦੇ ਉੱਤੇ ਸਲੋ ਮੋਸ਼ਨ ਵਿਚ ਵਿਖਾਇਆ ਜਾ ਸਕਦਾ ਹੈ।



Final dummy

ਸ਼ਾਵਾ ਵਈ ਹੁਣ
ਨੀਂਦਰ ਆਈ ਐ
... ... ... ...
... ... ... ...
ਖੁਲ੍ਹੀਆਂ ਕਬਰਾਂ
ਬਲਣ ਚਿਤਾਵਾਂ
ਵਿਚ ਚੁਰਸਤੇ
ਬੰਦ ਦਿਸ਼ਾਵਾਂ
ਆਖਣ ਇੱਲਾਂ
ਆਖਣ ਗਿਰਝਾਂ
ਬੰਬ ਐਟਮੀਂ
ਰਾਕਟ ਮਿਸਲਾਂ
ਸੌਂ ਜਾਓ ਲੋਕੋ ਵੇ
ਹੁਣ ਨੀਂਦਰ ਆਈ ਐ
... ... ... ...
ਸ਼ਾਵਾ ਵਈ ਹੁਣ
ਨੀਂਦਰ ਆਈ ਐ
ਜਾਗੀ ਨੂੰ ... ...
... ... ... ...
... ... ... ...
ਸੱਭੇ ਰਸਤੇ
ਏਥੇ ਢੁੱਕਦੇ
ਸੱਤਾਧਾਰੀ
ਜੋਧੇ ਜੁੱਗ ਦੇ
ਕਹਿਣ ਬੁਲਬੁਲੇ
ਪੱਤਰ ਸੁੱਕੇ
ਜੀਵਨ ਹਾਰੇ
ਮੌਤ 'ਚ ਮੁੱਕੇ
ਸੌਂ ਜਾਓ ਲੋਕੋ
ਹੁਣ ਨੀਂਦਰ ਆਈ ਐ
ਸ਼ਾਵਾ ਵਈ ਹੁਣ
ਨੀਂਦਰ ਆਈ ਐ



Final dummy

ਜਾਗੀ ਨੂੰ … …
… … … …
… … … …
ਉਲਝ ਗਈਆਂ ਨੇ
ਸਗਲ ਦਿਸ਼ਾਵਾਂ
ਗੋਰਖ-ਧੰਦਾ
ਵਾਦ-ਬਲਾਵਾਂ
ਕਹਿਣ ਅਨ੍ਹੇਰੇ
ਤੇ ਪਰਸੂਤੇ
ਹੋਏ ਸਵੇਰੇ
ਉੱਜੜੇ ਡੇਰੇ
ਸੌਂ ਜਾਓ ਲੋਕੋ ਵੇ
ਹੁਣ ਨੀਂਦਰ ਆਈ ਐ
ਸ਼ਾਵਾ ਵਈ ਹੁਣ
ਨੀਂਦਰ ਆਈ ਐ
ਜਾਗੀ ਨੂੰ … …
… … … …
… … … …

**-ਫ਼ੇਡ ਆਊਟ-**



ਮੰਚ * ਉੱਤੇ ਅਨ੍ਹੇਰਾ ਹੈ। ਚੌਂਹ ਦਿਸ਼ਾਵਾਂ, ਚੌਂਹਾਂ ਸੜਕਾਂ ਵਲੋਂ ਚੌਕ ਵੱਲ ਆ ਰਹੇ ਟਰੱਕ, ਸਕੂਟਰ, ਮੋਟਰ ਸਾਈਕਲ, ਰਿਕਸ਼ੇ, ਟਾਂਗੇ, ਬੱਸਾਂ, ਲਾਰੀਆਂ, ਬੈਲ-ਗੱਡੀਆਂ, ਕਾਰਾਂ, ਸਾਈਕਲਾਂ, ਐਸੇ ਹੀ ਹੋਰ ਵਾਹਣਾਂ ਅਤੇ ਪੈਦਲ-ਸਵਾਰਾਂ ਦੇ ਸ਼ੋਰ ਦੇ ਧੁਨੀ-ਪ੍ਰਭਾਵ ਉੱਭਰਦੇ ਹਨ। ਹਾਰਨ, ਸਾਇਰਨ, ਘੰਟੀਆਂ, ਆਵਾਜ਼ਾਂ, ਇੰਜਣਾਂ ਦਾ ਡਾਢਾ ਸ਼ੋਰ ਹੈ। ਹਫ਼ਦਾ ਹੌਂਕਦਾ ਇਹ ਸ਼ੋਰ ਸਿਖ਼ਰ 'ਤੇ ਪਹੁੰਚ ਕੇ ਇਕ ਛਣਾਕੇ ਨਾਲ ਸਘਨ ਮੌਨ ਵਿਚ ਡੁੱਬ ਜਾਂਦਾ ਹੈ। ਚੌਂਹ ਤਰਫ਼ਾਂ ਤੋਂ ਆ ਰਿਹਾ ਸਭ ਕੁਝ, ਇਕ ਦੂਜੇ ਵਿਚ ਗੰਢ-ਪੀਚਵਾਂ ਫਸਿਆ, ਰੁਕ ਜਾਂਦਾ ਹੈ।

ਇਸ ਦੌਰਾਨ ਸਪਾਟਲਾਈਟ ਪਿੱਠ-ਭੂਮੀਂ ਦੇ ਪਰਦੇ ਉੱਤੇ ਸਿਨਮੈਟਿਕ ਤੇ ਜਾਂ ਵੀਡੀਓ-ਟੀ.ਵੀ. ਤਕਨੀਕ ਦੁਆਰਾ ਪ੍ਰਤੀਕਾਤਮਕ ਢੰਗ ਨਾਲ ਉਸਾਰੇ ਅਜਿਹੇ ਹੀ ਪ੍ਰਭਾਵ ਦ੍ਰਿਸ਼ਟੀਗੋਚਰ ਕਰਦੀ ਹੈ।

ਚਾਨਣ ਹੁੰਦਿਆਂ ਹੀ ਸਾਖਸ਼ਾਤ ਇਤਿਹਾਸ ਬਣਿਆਂ, ਮੰਚ ਉੱਤੇ ਉਸਾਰੇ ਚੁਰਸਤੇ ਵਿਚ, ਸੂਰਤਧਾਰ ਪ੍ਰਗਟ ਹੁੰਦਾ ਹੈ।

**ਸੂਤਰਧਾਰ**

ਏਧਰ ਸੜਕਾ, ਓਧਰ ਸੜਕਾਂ,
ਓਧਰ ਸੜਕਾਂ, ਔਧਰ ਸੜਕਾਂ—

-ਵਕਫ਼ਾ-

ਹਰ ਸੜਕ ਦੇ ਤਰਫ਼ੋਂ, ਏਥੇ,
ਉਮਡੇ ਜਨਮ ਜਨਮ ਦੀ ਪਿਆਸ।
ਮਰੇ ਮਾਨਵਾਂ ਦਾ ਚੌਰਾਹੇ,
ਵਿਚ ਗਵਾਹ ਹੈ ਇਤਿਹਾਸ।

-ਵਕਫ਼ਾ-

* ਜਿੰਨੀ ਵਾਰੀ 'ਸੂਤਰਧਾਰ' ਏਸ ਨਾਟਕ ਦੇ ਆਗਾਮੀਂ ਦ੍ਰਿਸ਼ਾਂ ਵਿਚ ਪੇਸ਼ ਹੋਵੇਗਾ, ਉੱਨੀ ਵਾਰ ਹੀ ਟਰੈਫਿਕ ਦੇ ਸ਼ੋਰ ਦਾ ਇਹ ਦ੍ਰਿਸ਼ ਤੇ ਧੁਨੀ-ਪ੍ਰਭਾਵ ਦੁਹਰਾਏ ਜਾਣਗੇ।



Final dummy
Final dummy

ਮਾਰ ਕੈਨੇਡੀ, ਰੱਖ ਕੇ ਰੇਗਨ,
ਕੀ ਦਾ ਕੀ ਕੁਝ ਕਰ ਦਿੱਤਾ ਹੈ।
ਵਾਟਰਗੇਟ ਨੇ ਨਿਕਸਨ ਤਾਈਂ,
ਜਿਊਂਦੀ ਮੌਤ ਦਾ ਵਰ ਦਿੱਤਾ ਹੈ।

-ਵਕਫ਼ਾ-

ਏਧਰ ਸੜਕਾਂ, ਓਧਰ ਸੜਕਾਂ,
ਓਧਰ ਸੜਕਾਂ, ਔਧਰ ਸੜਕਾਂ,
ਸੱਭੇ ਸੜਕਾਂ ਵਿਚ ਚੌਰਾਹੇ—
ਮੌਤ ਤੋਂ ਕਿਹੜਾ ਬਚ ਸਕਿਆ ਏ ?

-ਵਕਫ਼ਾ-

*ਦਰਸ਼ਕਾਂ ਨੂੰ ਸੰਬੋਧਨ ਕਰਕੇ :*

ਮੌਤ ਤੋਂ ਡਰ, ਕੀ ਜੀਣਾ ਚਾਹੋ ?
ਮੌਤ ਤੋਂ ਡਰ, ਕੀ ਮਰਨਾ ਚਾਹੋ ?
ਮੌਤ ਤੋਂ ਡਰ, ਕੀ ਮਾਰਨਾ ਚਾਹੋ ?
ਮੌਤ ਤੋਂ ਡਰ, ਕੀ ਕਰਨਾ ਚਾਹੋ ?

-ਵਕਫ਼ਾ-

ਏਧਰ ਸੜਕਾਂ, ਓਧਰ ਸੜਕਾਂ,
ਓਧਰ ਸੜਕਾਂ, ਔਧਰ ਸੜਕਾਂ,
ਸੱਭੇ ਸੜਕਾਂ ਵਿਚ ਚੌਰਾਹੇ—
ਮੌਤ ਦਾ ਹਰ ਇਤਿਹਾਸ ਗਵਾਹ ਏ।

**-ਫ਼ੇਡ ਆਊਟ-**



ਏਸ ਨਾਟ-ਦ੍ਰਿਸ਼ ਦਾ ਪਾਤਰ ਇਤਿਹਾਸ ਹੈ। ਪਿੱਠ-ਭੂਮੀ ਦੇ ਪਰਦੇ ਉੱਤੇ ਸੰਕੇਤਕ ਢੰਗ ਨਾਲ ਇਤਿਹਾਸ, ਜੀਵਨ, ਮੌਤ; ਇਨ੍ਹਾਂ ਵਿਚਕਾਰ ਸੰਘਰਸ਼ ਅਤੇ ਕਸ਼ਮਕਸ਼ ਸਿਨਮੈਟਿਕ ਜਾਂ ਵੀਡੀਓ, ਟੀ.ਵੀ. ਤਕਨੀਕ ਦੁਆਰਾ ਰੂਪਮਾਨ ਹੁੰਦੀ ਹੈ। ਭਿਆਨਕ ਮਖੌਟਿਆਂ ਦੇ ਭਿਆਨਕ ਹਾਸੇ ਧੁਨੀ ਪ੍ਰਭਾਵਾਂ ਦੁਆਰਾ ਇਤਿਹਾਸ ਅਤੇ ਜੀਵਨ ਦੋਹਾਂ ਉੱਤੇ ਹਾਵੀ ਹੋਏ ਜਾਪਦੇ ਹਨ।

**-ਫ਼ੇਡ ਆਊਟ-**

ਮੰਚ ਉੱਤੇ ਅਜੇ ਵੀ ਅਨ੍ਹੇਰਾ ਹੈ। ਪਿੱਠ-ਭੂਮੀਂ ਦੇ ਪਰਦੇ ਉੱਤੇ ਮਹਾਰਾਣੀ ਝਾਂਸੀ, ਬਾਬਾ ਦੀਪ ਸਿੰਘ, ਭਗਤ ਸਿੰਘ, ਰਾਜ ਗੁਰੂ, ਸੁਖਦੇਵ ਅਤੇ ਭਾਰਤ ਦੇ ਇਤਿਹਾਸ ਦੇ ਐਸੇ ਹੀ ਹੋਰ ਪਾਤਰ ਜਿਨ੍ਹਾਂ ਨੇ ਮੌਤ ਨੂੰ ਇਨਸਾਨ ਅੰਦਰਲੇ ਬੀਰਤਾ ਤੇ ਕੁਰਬਾਨੀ ਦੇ ਜਜ਼ਬੇ ਦੇ ਪ੍ਰਗਟਾ ਦਾ ਮਾਧਿਅਮ ਜਾਂ ਸਾਧਨ ਮਾਤਰ ਹੀ ਸਮਝਿਆ, ਦੀਆਂ ਤਸਵੀਰਾਂ ਦ੍ਰਿਸ਼ਟੀ-ਗੋਚਰ ਹੁੰਦੀਆਂ ਹਨ। ਪਿਛੋਕੜ ’ਚੋਂ ਬੀਰ ਰਸ ਭਰਪੂਰ ਸੰਗੀਤਕ ਧੁਨਾਂ ਉੱਭਰਦੀਆਂ ਹਨ। ਸੈਨਾ ਦੇ ਮਾਰਚਿੰਗ ਬੈਂਡ ਦੀ ਧੁਨ ਵੀ ਵਰਤੀ ਜਾ ਸਕਦੀ ਹੈ।

ਸਿਨਮੈਟਿਕ, ਵੀਡੀਓ, ਟੀ.ਵੀ. ਸੁਵਿਧਾਵਾਂ ਜੇ ਪ੍ਰਾਪਤ ਨਾ ਹੋਣ, ਤਾਂ ਇਹ ਸਾਰਾ ਇਤਿਹਾਸਕ ਸੰਦਰਭ ਤਸਵੀਰਾਂ, ਮੂਰਤੀਆਂ, ਪੇਂਟਿੰਗਜ਼ ਅਤੇ ਰੋਟੇਟਿੰਗ ਚਿਤਰਪਟ ਦੀ ਵਰਤੋਂ ਕਰਕੇ ਪ੍ਰਤੀਕਾਤਮਕ ਢੰਗ ਨਾਲ ਵੀ ਉਸਾਰਿਆ ਜਾ ਸਕਦਾ ਹੈ।

ਮੰਚ ਉੱਤੇ ਉਸਾਰੇ ਚੁਰਸਤੇ ਵਿਚਲਾ ਅਨ੍ਹੇਰਾ ਹੌਲੀ ਹੌਲੀ ਨੀਮ ਚਾਨਣੇ ਵਿਚ ਬਦਲਦਾ ਹੈ। ਸਪਾਟਲਾਈਟ ਮੰਚ ਦਾ ਜਾਇਜ਼ਾ ਲੈਂਦੀ ਹੈ। * ਕੈਨੇਡੀ, ਰੇਗਨ, ਨਿਕਸਨ, ਹਿਟਲਰ, ਗਾਂਧੀ, ਮਾਰਟਨ ਲੂਥਰ ਕਿੰਗ, ਚੰਗੇਜ਼ ਖ਼ਾਂ ਹਲਾਕੂ,

* ਇਨ੍ਹਾਂ ਇਤਿਹਾਸ-ਪਾਤਰਾਂ ’ਚੋਂ ਕੁਝ ਦਾ ਜ਼ਿਕਰ ਸੂਤਰਧਾਰ ਕਰਦਾ ਹੈ ਤੇ ਕੁਝ ਦਾ ਹਵਾਲਾ ਏਸ ਨਾਟ-ਦ੍ਰਿਸ਼ ਵਿਚ ਆਉਂਦਾ ਹੈ। ਮੰਚ ਅਤੇ ਪਾਤਰਾਂ ਦੀ ਸੀਮਾ ਅਨੁਸਾਰ ਇਨ੍ਹਾਂ ’ਚੋਂ ਕੁਝ ਜਾਂ ਸਾਰੇ ਹੀ ਪਾਤਰ ਪ੍ਰਤੀਕ ਰੂਪ ਵਿਚ ਪੇਸ਼ ਕੀਤੇ ਜਾ ਸਕਦੇ ਹਨ।

ਸਿਕੰਦਰ, ਟੋਜੋ, ਮਸੋਲੀਨੀ, ਨੈਪੋਲੀਅਨ, ਚਰਚਲ, ਹੋ ਚੀ ਮਿੰਨ੍ਹ, ਲੈਨਿਨ, ਮਾਓ, ਨਹਿਰੂ, ਹੈਮਿੰਗਵੇ ਤੇ ਉਸ ਦਾ ਬੁੱਢਾ ਮਾਹੀਗੀਰ, ਅਤੇ ਯੂਲੇਸਿਜ਼ ਵੇਸ ਭੂਸ਼ਾ ਤੇ ਮਖੌਟਿਆਂ ਦੇ ਕਮਾਲ ਨਾਲ ਸਾਖਸ਼ਾਤ ਰੂਪ ਵਿਚ ਸੁੱਤੇ ਹੋਏ ਵਿਖਾਈ ਦਿੰਦੇ ਹਨ। ਸਪਾਟਲਾਈਟ ਦੀ ਲੋਅ ਹੇਠ ਇਹ ਕਿਰਦਾਰ ਇਕ ਗੋਲ ਦਾਇਰੇ ਵਿਚ ਜਾਗਦੇ, ਇਕ ਦੂਜੇ ਵੱਲ ਵੇਖਦੇ, ਉੱਠਦੇ, ਆਪੋ ਆਪਣਾ ਅੰਦਾਜ਼ ਪਕੜਦੇ, ਘੁੰਮਦੇ ਹਨ। ਇਕ ਦੋ ਚੱਕਰ ਹੋਰ ਕੱਢ ਕੇ ਦਰਸ਼ਕਾਂ ਵੱਲ ਵਧਦੇ ਹਨ।

ਮੰਚ ਦਾ ਚਾਨਣ ਹੌਲੀ ਹੌਲੀ ਵਧ ਰਿਹਾ ਹੈ। ਇਸ ਸਮੇਂ ਕੁਝ ਜਾਣੇ ਪਛਾਣ ਵਰਤਮਾਨ ਸਮਕਾਲੀ ਭਾਰਤੀ ਤੇ ਪੰਜਾਬੀ, ਲੇਖਕ, ਕਲਾਕਾਰ, ਰਾਜਸੀ ਆਗੂ ਤੇ ਹੋਰ ਪ੍ਰਸਿੱਧ ਇਸਤਰੀ ਪੁਰਸ਼ ਵੀ ਮੰਚ ਉੱਤੇ ਪ੍ਰਵੇਸ਼ ਕਰਦੇ ਤੇ ਚੁਰਸਤੇ ਵਿਚ ਮਨੁੱਖੀ ਚੋਲਾ ਪਹਿਨੀ ਇਤਿਹਾਸ ਦਾ ਮਾਨਵੀਕਰਨ ਕਰ ਰਹੇ ਇਨ੍ਹਾਂ ਪਾਤਰਾਂ ਵਿਚ ਆ ਸ਼ਾਮਿਲ ਹੁੰਦੇ ਹਨ। ਮੰਚ ਉੱਤੇ ਨੀਮ ਚਾਨਣਾ ਹੋਣਾ ਚਾਹੀਦਾ ਹੈ। ਵਿਚ ਵਿਚ ਚਾਨਣ ਦੇ ਪੂਰੇ ਫਲੈਸ਼ ਅਤੇ ਰੰਗਾ-ਰੰਗ ਸਪਾਟਲਾਈਟਾਂ ਦੀ ਵਰਤੋਂ ਵੀ ਜ਼ਰੂਰੀ ਹੈ। ਪਿਛੋਕੜ 'ਚੋਂ ਹੇਠ ਲਿਖੇ ਵਾਰਤਾਲਾਪ ਉੱਭਰਦੇ ਹਨ। ਇਹ ਬੋਲ ਕਦੇ ਏਧਰੋਂ, ਕਦੇ ਓਧਰੋਂ, ਕਦੇ ਹਰ ਤਰਫ਼ੋਂ ਅਤੇ ਕਦੇ ਇਨ੍ਹਾਂ ਇਤਿਹਾਸ-ਪਾਤਰਾਂ ਵਿਚੋਂ ਵੀ 'ਕੱਲੇ 'ਕੱਲੇ ਜਾਂ ਟੋਲੀਆਂ ਦੇ ਰੂਪ ਵਿਚ ਉੱਭਰਦੇ ਹਨ। ਹਰ ਇਤਿਹਾਸਿਕ ਪਾਤਰ ਦਾ ਆਪਣਾ ਮਖਸੂਸ ਅੰਦਾਜ਼ ਹੈ। ਇਹ ਪਾਤਰ ਹੇਠ ਲਿਖੇ ਵਾਰਤਾਲਾਪਾਂ ਦੇ ਨਾਲ ਨਾਲ ਆਪਣੇ ਇਸੇ ਮਖਸੂਸ ਅੰਦਾਜ਼ ਵਿਚ ਅਭਿਨਯ ਕਰਦੇ ਹਨ। ਰੰਗਾ-ਰੰਗ ਸਪਾਟਲਾਈਟਾਂ ਇਨ੍ਹਾਂ ਦਾ ਜਾਇਜ਼ਾ ਲੈਂਦੀਆਂ ਤੇ ਇਨ੍ਹਾਂ ਨੂੰ ਦਰਸ਼ਕਾਂ ਦੇ ਦ੍ਰਿਸ਼ਟੀਗੋਚਰ ਕਰਦੀਆਂ ਹਨ।

ਜੋ ਵੀ ਆਵੇ
ਏਸ ਜਗ੍ਹਾ 'ਤੇ,
ਆਤਮ-ਹੱਤਿਆ ਕਰਨ ਲਈ ਆਵੇ।

ਏਸ ਚੁਰਸਤੇ,
ਸੱਭੇ ਰਸਤੇ,
ਬਾਹਰੋਂ ਅੰਦਰ ਵੱਲ ਨੂੰ ਆਉਂਦੇ।
ਹਰ ਇਕ ਰਾਹ,
ਪਹੁੰਚ ਕੇ ਏਥੇ,
ਵਿਚ ਚੁਰਸਤੇ ਗੁੰਮ ਹੋ ਜਾਵੇ।

-ਵਕਫ਼ਾ-



Final dummy

ਥੱਕੀ, ਟੁੱਟੀ,
ਹਫੇ ਸਦੀ ਪਈ—
ਏਥੇ ਆਣ ਮੂਰਛਤ ਹੋਈ।

-ਵਕਫ਼ਾ-

ਹੋਰ ਵੀ ਆਵਣਗੇ ਅਨੇਕ,
ਇੱਕੋ ਇਕ ਹੈ ਹਸ਼ਰ ਸਭਸ ਦਾ,
ਵੱਖਰੇ ਵੱਖਰੇ ਭਾਵੇਂ ਲੇਖ।

-ਵਕਫ਼ਾ-

ਬੀ ਫੁੱਟਿਆ, ਤਾਂ
ਹਿਟਲਰ ਬਣਿਆਂ—
ਆਰੀਆ ਲੋਕਾਂ ਦੀ ਸਰਦਾਰੀ,
ਸਿਰ 'ਤੇ ਹੋਇਆ ਭੂਤ ਸਵਾਰ।

ਅੱਖਾਂ ਵਿੱਚੋਂ ਖ਼ੂਨ ਬਰਸਦਾ,
ਸਾਹਾਂ ਦੇ ਵਿਚ ਸੱਪ ਫੁੰਕਾਰੇ,
ਹੱਥਾਂ ਦੇ ਵਿਚ ਮਾਰੂ-ਸ਼ਸਤਰ,
ਗੈਰ-ਆਰੀਆ ਅਤੇ ਯਹੂਦੀ,
ਗਿਣ ਗਿਣ, ਚੁਣ ਚੁਣ ਕੇ ਸਭ ਮਾਰੇ।

-ਵਕਫ਼ਾ-

ਮਾਰਨ ਵਾਲੇ ਵੀ ਮਰਦੇ ਰਹੇ,
ਬੰਬਾਂ ਵਾਂਗੂੰ, ਹੀ ਫਟਦੇ ਰਹੇ।

-ਵਕਫ਼ਾ-

ਨਾਜ਼ੀਪਨ, ਪਾਗਲਪਨ ਹੀ ਸੀ,
ਇੱਕੋ ਰੰਗ ਦੀ ਕਰੇ ਗ਼ੁਲਾਮੀ,
ਆਪਣੀ ਆਪ ਨਿਖੇਧੀ ਬਣਿਆਂ,
ਆਪੇ ਆਪਣੀ ਭਰਦਾ ਹਾਮੀਂ।



Final dummy

ਜੀਵਨ ਨੂੰ, ਜੀਵਨ ਨਾ ਕਹਿਆ,
ਰੰਗ, ਨਸਲ, ਧਰਮ, ਮੱਤ, ਫ਼ਿਰਕੇ,
ਵਿਚ ਇਨਸਾਨ ਤਿੜਕਿਆ, ਫਟਿਆ।

ਆਪਣੀ ਮੌਤ, ਸਵਾਬ ਸਮਝਿਆ,
ਮਾਰਨ ਲਈ, ਜਹਾਦ ਘੜ ਲਿਆ।

-ਵਕਫ਼ਾ-

ਇੱਕੋ ਮੌਤ ਹੈ ਏਸ ਚੌਰਾਹੇ,
ਨਾਜ਼ੀ ਅਤੇ ਅਨਾਜ਼ੀ ਦੇ ਵਿਚ,
ਭੇਦ ਭਾਵ ਨਾ ਕਰਨਾ ਚਾਹੇ।
ਮੌਤ ਹੀ ਹੈ ਅੰਤਿਮ ਸੱਚ, ਜੀਵਨ
ਮਰਨ ਮਾਰਨ ਤਕ ਜੀਣਾ ਜਾਣੇ—
ਹਰ ਦੂਜੇ ਦਾ ਅੰਤ ਲੋੜਦਾ,
ਆਪਣਾ ਅੰਤ ਨਾ ਮੂਲ ਪਛਾਣੇ।

-ਵਕਫ਼ਾ-

ਗਾਂਧੀ ਜਿਹੇ ਅਹਿੰਸਾਵਾਦੀ,
ਆਏ ਏਸ ਚੌਰਾਹੇ ਅੰਦਰ ;
ਪੀਰ, ਪੈਗ਼ੰਬਰ, ਅਮਨ ਦੇ ਇੱਛਕ—
ਤਪੀਆਂ ਨਜ਼ਰਾਂ 'ਤੇ ਹਰਿਆਵਲ
ਰੱਖੀ ਉਨ੍ਹਾਂ ਬੱਦਲੀ ਹੋਠੀਂ,
ਤਪਦੇ ਥਲ ਲਈ ਸਾਗਰ ਬਣ ਕੇ,
ਘਟਾਟੋਪ ਆਕਾਸ਼ 'ਤੇ ਛਾਏ।

ਹਰ ਰਸਨਾ 'ਤੇ ਮਾਖਿਓਂ ਚੋਇਆ,
ਹਰ ਅੱਖ, ਫੁੱਲ, ਮਹਿਕ ਪ੍ਰਣਾਈ।
ਹਰ ਇਕ ਸਾਹ ਨੂੰ, ਇਹ ਕਸਤੂਰੀ,
ਅੰਦਰੋਂ ਬਾਹਰ, ਬਾਹਰੋਂ ਅੰਦਰ,
ਪ੍ਰੇਮ ਪਾਉਣ ਦੀ, ਲਟਕ ਲਗਾਈ।



Final dummy

ਨਿਸਦਿਨ ਝੁਕੇ, ਝੁਕਾਇਆ ਕੋਈ ਨਾ,
ਸਭ ਦਿੱਤਾ, ਪਰ ਪਾਇਆ ਕੋਈ ਨਾ।

ਹੋਰ ਵੀ ਆਏ, ਏਸ ਚੌਰਾਹੇ :

ਮਾਰਟਨ ਲੂਥਰ ਕਿੰਗ, ਹੋਰ ਕਈ—
ਲਾਸ਼ਾਂ ਦੇ ਅੰਬਾਰ 'ਚ ਗੁੰਮੀਂ,
ਹੋਂਦ ਅਤੇ ਪਹਿਚਾਣ ਉਨ੍ਹਾਂ ਦੀ।
ਮੁਰਦਾ ਤਾਂ, ਮੁਰਦਾ ਹੁੰਦਾ ਹੈ,
ਉਸ ਦਾ ਕੋਈ ਵੀ ਨਾਂ ਨਹੀਂ ਹੁੰਦਾ,
ਨਾ ਆਦਰਸ਼, ਨਾ ਦਾਈਏ ਮੰਤਵ—
ਧੜਕਨ ਬੰਦ, ਪੱਥਰਾਈਆਂ ਨਜ਼ਰਾਂ,
ਠੰਡਾ ਜਿਸਮ, ਜ਼ਿਹਨ ਖਲਾਈ।

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ :*

ਧੜਕਨ ਬੰਦ, ਪੱਥਰਾਈਆਂ ਨਜ਼ਰਾਂ,
ਠੰਡਾ ਜਿਸਮ, ਜ਼ਿਹਨ ਖਲਾਈ।

-ਵਕਫ਼ਾ-

ਚੰਗੇਜ਼, ਹਲਾਕੂ ਅਤੇ ਸਿਕੰਦਰ,
ਟੋਜੋ ਤੇ ਮਸੋਲੀਨੀ ਆਏ,
ਤਵਾਰੀਖ਼ ਦੇ ਸੱਭੇ ਬੰਦਰ—
ਏਥੇ ਡਿੱਗੇ ਪਏ ਨੈਪੋਲੀਅਨ,
ਚਰਚਲ, ਨਹਿਰੂ, ਨਾਸਰ ਸੱਭੇ,
ਹੋ ਚੀ ਮਿੰਨ੍ਹ ਤੇ ਲੈਨਿਨ, ਮਾਓ।

-ਵਕਫ਼ਾ-

ਅੱਗ ਵਿਚ ਦੇਹ ਕਿਸੇ ਦੀ ਸਾੜੀ,
ਭੋਰਾ ਭੋਰਾ ਕਰਕੇ ਖਾਧੀ,
ਵਿਚ ਕਬਰ ਦੇ, ਕੀੜਿਆਂ ਸਾਰੀ।

-ਵਕਫ਼ਾ-



Final dummy

ਖੋਪਰੀਆਂ ਤੇ ਹੱਡ ਰੁਲਦੇ ਹਨ,
ਚਾਰ ਚੁਫੇਰੇ ਸਵਾਹ ਉੱਡਦੀ ਹੈ,
ਝੱਖੜ ਤੇ ਤੂਫ਼ਾਨ ਵਰੋਲੇ,
ਸਭ ਕੁਝ ਗੁੰਮਿਆਂ, ਖੁੱਸਿਆ ਸਭ ਦਾ—
ਹਰ ਕੋਈ, ਆਪਣਾ, ਆਪਣਾ ਟੋਲੇ।

*ਉਪਰੋਕਤ ਸੰਵਾਦ ਦੇ ਨਾਲ ਨਾਲ ਪਿੱਠ-ਭੂਮੀਂ ਦੇ ਪਰਦੇ ਉੱਤੇ ਖੋਪਰੀਆਂ ਤੇ ਹੱਡ ਵਿਖਾਈ ਦਿੰਦੇ ਹਨ।*

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ :*

ਖੋਪਰੀਆਂ ਤੇ ਹੱਡ ਰੁਲਦੇ ਹਨ,
ਚਾਰ ਚੁਫੇਰ ਸਵਾਹ ਉੱਡਦੀ ਹੈ,
ਝੱਖੜ ਤੇ ਤੂਫ਼ਾਨ ਵਰੋਲੇ,
ਸਭ ਕੁਝ ਗੁੰਮਿਆਂ, ਖੁੱਸਿਆ ਸਭ ਦਾ—
ਹਰ ਕੋਈ ਆਪਣਾ ਆਪਣਾ ਟੋਲ੍ਹੇ।
... ... ... ...

–ਵਕਫ਼ਾ–

ਪਿੱਛੋਂ, ਅੱਗੋਂ, ਵਿਚ, ਵਿਚਕਾਰੋਂ,
ਜਿੱਥੋਂ ਮਰਜ਼ੀ, ਇਸ ਨੂੰ ਪੜ੍ਹ ਲਓ,
ਪੁਸਤਕ ਏਸ ਚੁਰਸਤੇ ਦੀ ਦੇ,
ਹਰ ਥਾਂ ਵਰਕੇ ਕਾਲੇ ਕੋਰੇ।

ਜੀਵਨ ਇਕ ਬੇਪੰਖਾ ਸੁਫ਼ਨਾ,
ਸੱਚ ਵਾਂਗਰਾਂ, ਲਾਸਾਂ ਉਭਰਨ,
ਹੋਰ ਕਿਤੇ ਕੁਝ ਨਜ਼ਰ ਨਾ ਆਵੇ,
ਮੌਤ ਬਰਸਦੀ, ਬਣ ਬਣ ਕੋੜੇ।

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ ਤੇ ਪਿੱਠ-ਭੂਮੀਂ ਦੇ ਪਰਦੇ ਉੱਤੇ ਲਾਸੋ ਲਾਸ ਹੋਏ ਕੋੜੇ ਖਾ ਰਹੇ ਆਦਮ ਦਾ ਬਿੰਬ ਵਿਖਾਈ ਦਿੰਦਾ ਹੈ :*



ਜੀਵਨ ਇਕ ਬੇਪੰਖਾ ਸੁਫ਼ਨਾ,
ਸੱਚ ਵਾਂਗਰਾਂ, ਲਾਸਾਂ ਉਭਰਨ,
ਹੋਰ ਕਿਤੇ ਕੁਝ ਨਜ਼ਰ ਨਾ ਆਵੇ,
ਮੌਤ ਬਰਸਦੀ, ਬਣ ਬਣ ਕੋੜੇ।

–ਵਕਫ਼ਾ–

ਹੈਮਿੰਗਵੇ ਤੇ ਬੁੱਢਾ ਮਾਛੀ,
ਯੂਲੇਸਿਜ਼ ਆ ਢੱਠਾ ਏਥੇ,
ਘਣਵੱਸਿਆ ਅੱਜ ਇਹ ਚੌਰਾਹਾ,
ਦੀਨ, ਦੁਨੀ ਤੇ ਗਿਆਨ, ਕਰਮ ਦਾ,
ਕੇਂਦਰ ਏਥੇ, ਲਟਕੇ ਫ਼ਾਹਾ।

*ਪਿਛੋਕੜ 'ਚੋਂ ਕਈ ਆਵਾਜ਼ਾਂ ਵਰਗੀ ਇਕ ਭਿਆਨਕ ਆਵਾਜ਼ ਉੱਭਰਦੀ ਹੈ ਤੇ ਫੇਰ ਉਸ ਦੀ ਪ੍ਰਤੀਧੁਨੀ :*

**ਆਵਾਜ਼**

ਇਹ ਫਾਹਾ ਹੀ ਜਨਮ ਸਮੇਂ ਤੋਂ
ਹਰ ਇਕ ਦੇ ਗਲ ਵਿੱਚ ਪੈ ਜਾਂਦਾ।
... ... ... ...
... ... ... ...

–ਵਕਫ਼ਾ–

ਆਪੋ ਆਪਣੀਆਂ ਚੁੱਕ ਸਲੀਬਾਂ,
ਜਨਮ-ਕਾਲ ਤੋਂ, ਅੰਤ-ਕਾਲ ਤੱਕ,
ਜੀਵਨ ਜਿਊਂਦੇ, ਲੜਕੇ ਭਿੜਦੇ,
ਜਰਦੇ, ਨਿੰਵਦੇ, ਮਾਰਨ, ਮਰਦੇ—
ਇੱਕੋ ਕਰਨ ਉਡੀਕ ਮੌਤ ਦੀ,
ਲਾਹ ਨਾ ਸਕਣ, ਗਲ 'ਚੋਂ ਫਾਹਾ।

–ਵਕਫ਼ਾ–

ਛਿਣ, ਛਿਣ, ਬੋਝ ਵਧੇ ਇਨ੍ਹਾਂ ਦਾ,
ਗੰਢ-ਪੀਚਵਾਂ, ਹੋਵੇ ਫਾਹਾ,

ਮੰਜ਼ਲ ਬਣ, ਹਰ ਗਲ ਵਿਚ ਫਸਿਆ,
ਜਾਪੇ ਜੀਕੂੰ, ਇਹੋ ਚੁਰਾਹਾ।

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ :*

ਮੰਜ਼ਲ ਬਣ, ਹਰ ਗਲ ਵਿਚ ਫਸਿਆ,
ਜਾਪੇ ਜੀਕੂੰ, ਇਹੋ ਚੁਰਾਹਾ।
... ... ... ...
... ... ... ...
ਏਧਰ ਸੜਕਾਂ, ਓਧਰ ਸੜਕਾਂ,
ਸੱਭੇ ਸੜਕਾਂ, ਇਹੋ ਚੁਰਾਹਾ।
ਮੌਤ ਤੋਂ ਕਿਹੜਾ ਬਚ ਸਕਿਆ ਏ?
ਮੌਤ ਦਾ ਹਰ ਇਤਿਹਾਸ ਗਵਾਹ ਏ।

**-ਫ਼ੇਡ ਆਊਟ-**



Final dummy

ਮੰਚ ਉੱਤੇ ਅਨ੍ਹੇਰਾ ਹੈ। ਚੌਹਾਂ ਸੜਕਾਂ ਵੱਲੋਂ ਆ ਰਹੇ ਵੱਖ ਵੱਖ ਵਾਹਣਾਂ ਤੇ ਹਾਰਨਾਂ ਦੇ ਸ਼ੋਰ ਦੇ ਧੁਨੀ-ਪ੍ਰਭਾਵ ਉੱਭਰਦੇ ਹਨ। ਇਹ ਸ਼ੋਰ ਸਿਖਰ 'ਤੇ ਪਹੁੰਚ ਕੇ ਮੌਨ ਵਿਚ ਡੁੱਬ ਜਾਂਦਾ ਹੈ। ਪਿੱਠਭੂਮੀਂ ਦੇ ਪਰਦੇ ਉਤੇ ਟ੍ਰੈਫਿਕ ਦੇ ਪ੍ਰਭਾਵ ਉਭਰਦੇ ਹਨ। ਚੌਂਹ ਤਰਫ਼ਾਂ ਤੋਂ ਆ ਰਿਹਾ, ਟ੍ਰੈਫਿਕ ਦਾ ਇਹ ਹੜ੍ਹ, ਚੌਕ ਵਿਚ ਇਕ ਦੂਜੇ ਵਿਚ ਫਸ ਕੇ, ਰੁਕ ਜਾਂਦਾ ਹੈ।

ਚਾਨਣ ਹੁੰਦਿਆਂ ਹੀ, ਮੰਚ ਉੱਤੇ ਸੂਤਰਧਾਰ ਸ਼ਿਵ ਜੀ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਸੂਤਰਧਾਰ ਨੂੰ ਨਾਟ-ਸਮਰਾਟ/ਨਟਰਾਜ ਦੇ ਰੂਪ ਵਿਚ ਵੀ ਪੇਸ਼ ਕੀਤਾ ਜਾ ਸਕਦਾ ਹੈ।

**ਸੂਤਰਧਾਰ**

ਹਰ ਵਿਅਕਤੀ ਹੀ, ਇਕ ਚੌਰਾਹਾ,
ਸਿਰ 'ਤੇ ਚੁੱਕੀ, ਫਿਰੇ ਭਟਕਦਾ—
ਕੋਈ ਵੀ ਤਾਂ ਇਕ ਰਾਹ ਨਹੀਂ ਬਣਦਾ।

ਚੌਰਾਹਾ ਜੰਮ, ਚੌਰਾਹਾ ਜੀਵੇ,
ਅੰਤ ਵਿਚ ਚੌਰਾਹਾ ਮਰਦਾ।
ਚੌਰਾਹੇ 'ਤੇ, ਚੌਰਾਹਾ ਹੀ,
ਕਦੇ ਕਦੇ ਹੈ, ਉਂਗਲੀ ਧਰਦਾ—
ਆਪਣਾ ਸ਼ੰਕਾ ਮੇਟਣ ਦੇ ਲਈ,
ਦੂਜੇ ਵੱਲ ਇਸ਼ਾਰਾ ਕਰਦਾ।
ਆਦਿ-ਕਾਲ ਤੋਂ, ਏਸ ਤਰ੍ਹਾਂ ਹੀ,
ਨਟ, ਨਟੀ ਦਾ ਨਾਟਕ ਚੱਲਦਾ।

ਮੰਚ-ਜੜਤ ਨਾਟ-ਸ਼ਾਲਾ ਵਾਲੀ ਹੈ। ਏਧਰ ਓਧਰ ਜ਼ੰਜੀਰਾਂ ਲਟਕ ਰਹੀਆਂ ਹਨ। ਚਿਤਰ ਤੇ ਮੂਰਤੀਆਂ, ਜ਼ੰਜੀਰਾਂ ਵਿਚ ਜਕੜੇ ਜੀਵਨ ਦੇ ਪ੍ਰਭਾਵ ਉਤਪੰਨ ਕਰਦੇ ਹਨ। ਪਿਛੋਕੜ 'ਚੋਂ ਇਕ ਵੈਰਾਗਮਈ ਧੁਨ ਉੱਭਰ ਰਹੀ ਹੈ। ਰੌਸ਼ਨੀ ਹੁੰਦਿਆਂ ਹੀ ਨਟ, ਨਟੀ ਆਪਣੇ ਆਪ, ਇਕ ਦੂਜੇ, ਤੇ ਸਭ ਨਾਲ ਸੰਬਾਦ ਵਿਚ ਮਗਨ ਵਿਖਾਈ ਦਿੰਦੇ ਹਨ।



Final dummy

## ਨਟ

ਖਿਆਲਾਤ ਜ਼ੰਜੀਰਾਂ,
ਵਾਦਾਂ, ਮੱਤ-ਮੱਤਾਂਤਰਾਂ
ਦੀ ਇਹ,
ਹਵਾਲਾਤ, ਜ਼ੰਜੀਰਾਂ।

ਸੱਤਾ ਖੁੱਸਣ ਦੇ ਭੈ ਅੰਦਰ,
ਸੱਤਾਧਾਰੀ, ਜਕੜੇ—
ਖ਼ੁਦ ਜ਼ੰਜੀਰਾਂ।

ਸ਼ਾਸ਼ਤ, ਮੁਕਤੀ ਸ਼ਕਤੀ ਕੋਲੋਂ,
ਲੋਚ ਰਹੇ : ਜ਼ੰਜੀਰਾਂ।

ਮਾਂ, ਪੁੱਤ, ਪਿਓ, ਭਰਾ, ਮਿੱਤ, ਸੰਗੀ,
ਖ਼ੂਨ ਦੇ ਰਿਸ਼ਤੇ—
ਚਾਰ ਚੁਫੇਰ ਵਲਗਣਾਂ ਵਲੀਆਂ,
ਚਾਹੀਆਂ, ਅਣਚਾਹੀਆਂ ਜ਼ੰਜੀਰਾਂ।
ਜਦ ਤੋਂ ਖਾਧੀਆਂ,
ਬਾਬੇ ਆਦਮ
ਨੇ ਅੰਜੀਰਾਂ।

## ਨਟੀ

ਗਰਭ-ਜੂਨ ਭੁਗਤ ਕੇ, ਜਦ ਤੋਂ,
ਬੀ ਨੇ ਜੰਮਣ, ਵਿਗਸਣ ਸਿੱਖਿਆ,
ਤਦ ਤੋਂ ਹੀ ਮਨ, ਤਨ, ਦਿਲ, ਜ਼ਿਹਨ
ਤੇ ਅੰਦਰ, ਬਾਹਰ—
ਹਰ ਪਾਸੇ, ਹਰ ਗੱਲ, ਸਮੇਂ ਹਰ,
ਝੂਲ ਰਹੀਆਂ ਜ਼ੰਜੀਰਾਂ।

-ਵਕਫ਼ਾ-



ਪੂਰਨ ਆਜ਼ਾਦੀ ਦੀ ਇੱਛਾ :
ਆਪਣੇ ਲਈ ਹੀ ਆਪ ਜ਼ੰਜੀਰਾਂ।

ਇੱਛਾ ਤੋਂ ਮੁਕਤੀ ਦਾ ਮੰਤਵ—
ਹਰ ਮੰਤਵ ਹੀ ਜਣੇ ਜ਼ੰਜੀਰਾਂ।

## ਨਟ ਤੇ ਨਟੀ

(ਦੋਵੇਂ)

ਮੈਂ ਜ਼ੰਜੀਰਾਂ,
ਉਹ ਜ਼ੰਜੀਰਾਂ
ਤੂੰ ਜ਼ੰਜੀਰਾਂ,
ਸਭ ਜ਼ੰਜੀਰਾਂ।

ਸਭ ਦੀ ਹਸਤੀ ਵੱਢੀ ਟੁੱਕੀ,
ਸਭ ਦੀ ਹਸਤੀ ਲੀਰਾਂ ਲੀਰਾਂ !!

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ :*

ਸਭ ਦੀ ਹਸਤੀ ਵੱਢੀ ਟੁੱਕੀ,
ਸਭ ਦੀ ਹਸਤੀ ਲੀਰਾਂ ਲਰਾਂ !!!

-ਵਕਫ਼ਾ-

ਬਾਬੇ ਆਦਮ ਨੇ ਖਾਧੀਆਂ,
ਅੱਖਾਂ ਖੋਲ੍ਹਣ ਲਈ ਅੰਜੀਰਾਂ।
ਖੁਲ੍ਹੀਆਂ ਅੱਖਾਂ, ਵੇਖ ਰਹੀਆਂ ਹਨ :
ਭੋਗ, ਭੁਗਤ ਕੇ, ਬਣ ਰਹੀਆਂ ਹਨ,
ਖ਼ੁਦ ਲਈ, ਸਭ ਲਈ, ਬਸ ਜ਼ੰਜੀਰਾਂ।

-ਵਕਫ਼ਾ-

## ਨਟ

ਖੁੱਲ੍ਹੀ ਅੱਖ ਵਿਚ, ਬੰਦੀ ਮੱਤ ਹੈ।

ਤਨ ਵਿਚ, ਬੰਦੀ ਜਾਨ,
ਮਨ ਵਿਚ ਬੰਦੀ,
ਆਪਣੀ ਹਉਮੈਂ, ਆਪਣੀ ਆਨ।

ਬੰਦੀ ਨਾਲ, ਬੰਦੀ ਟਕਰਾਵੇ,
ਸਭ ਕੁਝ ਖੋਵੇ, ਕੁਝ ਨਾ ਪਾਵੇ।

ਤੁਰਦਾ ਫਿਰਦਾ ਬੰਦੀਖ਼ਾਨਾ,
ਅੱਜ ਦਾ ਜੀਵਨ, ਇਹ ਇਨਸਾਨ।
ਸਗਲਾ ਢਾਂਚਾ, ਸਗਲ ਜ਼ਮਾਨਾ।

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ :*

ਤੁਰਦਾ ਫਿਰਦਾ ਬੰਦੀਖ਼ਾਨਾ,
ਅੱਜ ਦਾ ਜੀਵਨ, ਇਹ ਇਨਸਾਨ।
ਸਗਲਾ ਢਾਂਚਾ, ਸਗਲ ਜ਼ਮਾਨਾ !

–ਵਕਫ਼ਾ–

## ਨਟੀ

ਪਿੰਜਰੇ ਅੰਦਰ, ਪਿੰਜਰਾ ਝੂਲੇ—
ਉਸ ਅੰਦਰ, ਇਕ ਹੋਰ ਪਿੰਜਰਾ,
ਇਹ ਸਿਲਸਿਲਾ, ਤੁਰਦਾ ਜਾਵੇ,
ਕਿਸ 'ਚੋਂ ਨਿਕਲੇ ?
ਕਿੱਥੇ ਜਾਵੇ ?

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ :*

ਪਿੰਜਰੇ ਅੰਦਰ, ਪਿੰਜਰਾ ਝੂਲੇ—
ਉਸ ਅੰਦਰ, ਇਕ ਹੋਰ ਪਿੰਜਰਾ,
ਇਹ ਸਿਲਸਿਲਾ, ਤੁਰਦਾ ਜਾਵੇ,



ਕਿਸ 'ਚੋਂ ਨਿਕਲੇ ?
ਕਿੱਥੇ ਜਾਵੇ ?
... ... ... ...

–ਵਕਫ਼ਾ–

## ਨਟ

ਗਿਆਨ ਵਿਗਿਆਨ ਦਾ ਧੁਰੋਂ ਪਿਆਸਾ,

ਚੇਤੰਨਤਾ, ਤੇਜ਼ਾਬ ਵਾਂਗਰਾਂ—
ਛਣਨੀ, ਛਣਨੀ, ਆਪਣੀਆਂ ਸੋਚਾਂ,
ਆਪਣਾ ਆਪਾ—
ਸਭ ਨੂੰ ਛਣਨੀ ਕਰਦਾ ਜਾਵੇ।

## ਨਟ ਤੇ ਨਟੀ

(ਦੋਵੇਂ)

ਜ਼ੰਜੀਰਾਂ ਹੀ, ਸਾਡਾ ਵਿਰਸਾ,
ਜ਼ੰਜੀਰਾਂ ਹੀ, ਅਸਾਂ ਕਮਾਈਆਂ,
ਜ਼ੰਜੀਰਾਂ ਹੀ, ਆਉਣ-ਸਮੇਂ ਲਈ,
ਸਾਡੇ ਬੱਚਿਆਂ, ਸਾਥੋਂ ਪਾਈਆਂ।
ਜ਼ੰਜੀਰਾਂ ਵਿਚ ਸੱਭਿਅਤਾ, ਪ੍ਰਾਣੀ,
ਆਦਮ ਹੱਵਾ ਦੀ, ਪਹਿਲੀ ਜੋੜੀ
ਤੋਂ ਪੁਲਾੜੀ ਯੁੱਗ ਤੀਕਰਾਂ—
ਸਾਡੇ ਉੱਤੇ, ਘਟ ਘਟ ਵਿਚਰੇ,
ਜ਼ੰਜੀਰਾਂ ਦੀ ਆਦਿ-ਕਹਾਣੀ।

## ਨਟ

ਆਪੇ ਤੋਂ, ਆਜ਼ਾਦੀ ਮੰਗੇ,
ਤਨ ਤੋਂ ਮੁਕਤੀ,
ਹਰ ਇਕ ਪ੍ਰਾਣੀ।

**ਨਟੀ**

ਮਰਨਾ ਨਹੀਂ,
ਪਰ ਜਿਊਣਾ ਚਾਹੇ—
ਜ਼ੰਜੀਰਾਂ ਤੋਂ, ਮੁਕਤ ਕਹਾਣੀ।

**ਨਟ**

ਕੀ ਇਹ ਸੰਭਵ ?
ਸਦ-ਜੀਵਨ ਦੀ,
ਜ਼ੰਜੀਰਾਂ ਤੋਂ ਮੁਕਤ ਕਹਾਣੀ ?

**ਨਟੀ**

ਇਹ ਦੁਨੀਆਂ, ਇਕ ਬੰਦੀਖ਼ਾਨਾ,
ਜੰਮਣਾ, ਜੰਮ ਕੇ, ਨਿਸਦਿਨ ਜਿਊਣਾ,
ਜਿਊਂਦੇ ਜਾਣਾ, ਬੰਦਸ਼ਾਂ ਅੰਦਰ,
ਹੋਰ ਬੰਦਸ਼ਾਂ, ਪੈਦਾ ਕਰਨਾ।

**ਨਟ**

ਪਹਿਲੇ ਸਾਹ ਤੋਂ,
ਅੰਤਮ ਸਾਹ ਤਕ,
ਇਹ ਜੀਵਨ ਹੈ,
ਬੰਦੀਖਾਨਾ।

**ਨਟ ਤੇ ਨਟੀ**

(ਦੋਵੇਂ)

ਮੌਤ ਹੀ, ਮੁਕਤੀ !

-ਵਕਫ਼ਾ-

ਮੌਤ ਹੀ, ਮੁਕਤੀ !!

ਜ਼ੰਜੀਰਾਂ ਵਿਚ ਬਾਕੀ ਸਭ ਕੁਝ



ਜੀਵਨ
ਬੋਧ
ਗਿਆਨ
ਸਾਇੰਸ ਤੇ
ਭੂਤ, ਭਵਿੱਖਤ,
ਭਵਾਨ, ਜ਼ਮਾਨਾ।

*ਪਿਛੋਕੜ 'ਚੋਂ ਨਟ ਤੇ ਨਟੀ ਦੇ ਉਪਰੋਕਤ ਸੰਬਾਦ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।*

**-ਫ਼ੇਡ ਆਊਟ-**

ਮੰਚ ਉੱਤੇ ਮੁਕੰਮਲ ਅਨ੍ਹੇਰਾ ਹੈ। ਪਿਛੋਕੜ ’ਚੋਂ ਟ੍ਰੈਫਿਕ ਦਾ ਸ਼ੋਰ ਸਿਖ਼ਰ ’ਤੇ ਪਹੁੰਚ ਕੇ ਖ਼ਾਮੋਸ਼ ਹੋ ਜਾਂਦਾ ਹੈ। ਸਪਾਟਲਾਈਟ ਕੇਵਲ ਸੂਤਰਧਾਰ ਨੂੰ ਦਰਸ਼ਕਾਂ ਸੌਂਹੇਂ ਪ੍ਰਸਤੁਤ ਕਰਦੀ ਹੈ। ਇਸ ਸਮੇਂ ਉਹ ਈਸ਼ਵਰੀ ਰੂਪ ਵਿਚ ਪੇਸ਼ ਹੁੰਦਾ ਹੈ।

**ਸੂਤਰਧਾਰ**

ਅੰਨ੍ਹੇਂ ਖੂਹ ’ਤੇ, ਅੰਨ੍ਹਾ ਆਦਮ,
ਅੰਨ੍ਹੀ ਹੋਈ, ਮਾਈ ਹੱਵਾ।
ਅੰਨ੍ਹੇ ਖੂਹ ’ਚੋਂ, ਫੁੱਟ ਨਹੀਂ ਸਕਦਾ,
ਸ਼ੂਕ ਰਿਹਾ, ਵਗਦਾ ਦਰਿਆ।

–ਵਕਫ਼ਾ–

ਆਦਮ ਅਤੇ ਹੱਵਾ ਜੁ ਇਕ ਸਨ,
ਵੇਖੋ, ਕੀਕੂੰ ਹੋਏ ਜੁਦਾ।
ਆਪਣਾ ਆਪਣਾ, ਟਾਪੂ ਭੋਗਣ,
ਆਪਣਾ ਆਪਣਾ, ਝੱਲ, ਸ਼ੁਦਾ।

–ਵਕਫ਼ਾ–

ਅੱਖਾਂ ਬੰਦ ਕਰ, ਅੰਦਰ ਵੜਿਆ,
ਵੇਖੋ, ਕਿੰਜ ਹਰ ਵੱਖਵਾਦੀਆ।
ਬਾਹਰ ਨਾਲੋਂ, ਤੋੜ ਕੇ ਰਿਸ਼ਤੇ,
ਸੁੰਜ ਖਲਾਅ ਵਿਚ, ਭਟਕ ਗਿਆ।

–ਵਕਫ਼ਾ–


Final dummy

ਅੰਦਰ ਦੀ, ਭਾਂ ਭਾਂ ਦੇ ਵਿਚ ਵੀ,
ਅੰਨ੍ਹਾਂ ਖੂਹ ਹੀ, ਵੱਸ ਰਿਹਾ।
ਚੌਰਾਹੇ ਸ਼ੈਤਾਨ ਖੜੋਤਾ,
ਕੁਲ ਖਲਕ ’ਤੇ ਹੱਸ ਰਿਹਾ।

**–ਫ਼ੇਡ ਆਊਟ–**


Final dummy

ਮੰਚ ਉੱਤੇ ਅਦਨ ਦੇ ਬਾਗ਼ ਦਾ ਮਾਹੌਲ ਹੈ। ਮਾਹੌਲ ਵਿਚ ਤਣਾ ਹੈ। ਪਿਛੋਕੜ 'ਚੋਂ ਇੱਕੋ ਸਮੇਂ ਦੋ 'ਕੱਲੀਆਂ 'ਕੱਲੀਆਂ ਧੁਨਾਂ ਉੱਭਰਦੀਆਂ ਹਨ। ਰਲ ਕੇ ਇਕ ਨਹੀਂ ਬਣਦੀਆਂ। ਰੌਸ਼ਨੀ ਹੁੰਦੀ ਹੈ, ਤਾਂ ਚੌਰਾਹੇ ਵਿਚ ਉਸਾਰੇ ਅਦਨ ਦੇ ਬਾਗ਼ ਵਿਚ ਆਦਮ ਅਤੇ ਹੱਵਾ ਵਿਖਾਈ ਦਿੰਦੇ ਹਨ।

**ਆਦਮ**

ਪਰਬਤ ਦੀ ਹਰ ਚੋਟੀ ਵੱਖ, ਵੱਖ,
ਵੱਖ, ਵੱਖ, ਦੁਨੀ, ਨਜ਼ਾਰਾ।

ਇਸ ਚੋਟੀ 'ਤੇ ਚੜ੍ਹਦਾ ਸੂਰਜ—
ਉਸ ਚੋਟੀ 'ਤੇ, ਲੱਥ ਜਾਂਦਾ।
ਇਕ ਚੋਟੀ, ਰੱਤ ਰੱਤੀ ਸੂਹੀ,
ਦੂਜੀ, ਸੋਨ ਸਵੇਰਾ ਹੈ।
ਇਕ ਚੋਟੀ, ਧੁੱਪ ਛਾਂ ਵਿਚ ਵਿਚਰੇ,
ਦੂਜੀ, ਨਿਰਾ ਅਨ੍ਹੇਰਾ ਹੈ।

ਆਪਣਾ ਆਪਣਾ, ਹਿੱਸਾ ਸਭ ਦਾ,
ਆਪਣੀ ਆਪਣੀ, ਸੂਰਤ ਹੈ।
ਉਂਗਲਾਂ ਵਾਂਗੂੰ, ਪਾਟਿਆ ਪਰਬਤ,
ਪਤਾ ਨਹੀਂ, ਕਿਉਂ ਸੁਰਤ ਮੇਰੀ ਵਿਚ,
ਇਕ ਹਸਤੀ, ਇਕ ਮੂਰਤ ਹੈ।

**ਹੱਵਾ**

'ਕੱਲਾ 'ਕੱਲਾ ਰੁੱਖ, ਪਰਬਤ 'ਤੇ—
ਮੈਂ ਵਿਚ ਰੰਗਿਆ,
ਅੰਬਰ ਵੱਲ ਨੂੰ—
ਆਪਣਾ, ਆਪ ਇਸ਼ਾਰਾ ਹੈ।



ਇਹ ਚੋਟੀ ਵੀ, ਤਾਰੇ ਹੇਠਾਂ,
ਉਹ ਚੋਟੀ ਵੀ, ਤਾਰੇ ਹੇਠਾਂ,
ਹਰ ਚੋਟੀ ਦਾ,
ਆਪਣਾ ਆਪਣਾ ਤਾਰਾ ਹੈ।

ਆਪਣੇ ਹਿੱਸੇ ਦਾ ਸੂਰਜ ਹੈ,
ਆਪਣੇ ਹਿੱਸੇ ਦਾ ਚੰਦਰਮਾਂ,
ਆਪਣਾ ਨ੍ਹੇਰਾ, ਆਪਣਾ ਚਾਨਣ,
ਆਪਣੀ ਸੰਗਤ, ਕਾਰ ਵਲੀ ਹੈ।
ਕਾਰਾਂ ਤੇ ਨਿਰਾਕਾਰਾਂ ਦੇ ਵਿਚ,
ਨ੍ਹਾਂ ਨ੍ਹਾਂ ਧੁਨੀਆਂ ਛੇੜੇ ਜੀਵਨ,
ਰੰਗਾ ਰੰਗ ਇਕ-ਧਾਰਾ ਹੈ।

*ਪਿਛੋਕੜ 'ਚ ਪ੍ਰਤੀਧੁਨੀਆਂ ਉੱਭਰਦੀਆਂ ਹਨ :*

ਕਾਰਾਂ ਤੇ ਨਿਰਾਕਾਰਾਂ ਦੇ ਵਿਚ,
ਨ੍ਹਾਂ ਨ੍ਹਾਂ ਧੁਨੀਆਂ ਛੇੜੇ ਜੀਵਨ,
ਰੰਗਾ ਰੰਗ ਇਕ-ਧਾਰਾ ਹੈ।

-ਵਕਫ਼ਾ-

ਕਿਸ ਹਸਤੀ ਵਿਚ ਝਾਤੀ ਮਾਰਾਂ ?
ਕਿਹੜੀ ਨੂੰ ਮੋਹ-ਵਸ ਬੁਲਾਵਾਂ ?

ਗੁੰਬਦ ਵਾਂਗੂੰ, ਆਪਣੇ ਅੰਦਰ,
ਆਪੇ, ਆਪਣੀ ਕੈਦ ਭੁਗਤਦੀ,
ਪ੍ਰਤੀਧੁਨੀਆਂ ਨਾਲ, ਪੁੜ ਪੁੜ ਵਿੱਝੀ,
ਚੁੱਪ ਚਾਪ, ਬੇਬਸ ਜਿਹੀ ਹਰ—
ਹਸਤੀ, ਬਿੰਦੂ, ਦਾਇਰਾ ਹੈ।

-ਵਕਫ਼ਾ-

**ਆਦਮ**

ਏਸ ਕੈਦ ਤੋਂ, ਓਸ ਕੈਦ ਤੱਕ,
ਤਨ, ਮਨ, ਰੂਹ ਵਿਚ ਹੱਦਾਂ ਤੋੜਾਂ।

ਓਸ ਕੈਦ ਤੋਂ, ਔਸ ਕੈਦ ਤਕ,
ਸੂਲਾਂ, ਕੱਚ-ਕੰਕਰਾਂ ਦਾ ਪੱਥ,
ਨੰਗੇ ਜ਼ਿਹਨ 'ਤੇ ਤੁਰਦਾ ਮਾਨਵ,
ਆਪਣੇ ਲਈ ਹੀ ਆਪੇ, ਆਪਣੀ—
ਸੁੰਨੀ ਅੱਖ ਦਾ ਤਾਰਾ ਹੈ।

-ਵਕਫ਼ਾ-

ਬਿੰਦੂ ਵਾਂਗੂੰ, ਸੁੰਗੜ ਜਾਵੇ,
ਤੁਰਦਾ, ਲੀਕ ਵਾਂਗਰਾਂ ਵਗ ਕੇ।
ਤਿੱਖੇ ਰੇਜ਼ਰ ਵਾਂਗ, ਲੀਕਦਾ—
ਆਪਣਾ ਆਪਾ,
ਆਪਣੀ ਅੱਡੀ, ਆਪੇ ਘੁੰਮੇਂ,
ਵਾਂਗ ਵਰੋਲੇ,
ਨਿਤ ਨਿਤ, ਪੱਥ ਸੁੰਗੜਦਾ ਜਾਵੇ।

ਕਿੰਜ ਕਰੇ, ਪਛਾਣ ਕੋਈ ਹੁਣ ?
ਕਿੱਥੇ ਕੇਂਦਰ ? ਕਿਥੇ ਘੇਰਾ ?
ਕੀ ਬਿੰਦੂ ? ਕੀ ਦਾਇਰਾ ਹੈ ?

**ਹੱਵਾ**

ਹਾਂ, ਕੀ ਬਿੰਦੂ ? ਕੀ ਦਾਇਰਾ ਹੈ ?
ਕੀ ਹੈ ਬਾਪ, ਪੁੱਤਰ, ਧੀ, ਪਤਨੀ?

ਇਕ ਇਕ ਹਸਤੀ, ਟੱਬਰ ਬਣ ਕੇ,
ਇਕ ਦੂਜੇ ਤੋਂ, ਟੁੱਟ ਗਈ ਹੈ।

ਟੱਬਰ ਵਿਚ ਵੀ, ਫਟੇ ਪਟਾਕੇ,
ਇਕ ਚੌਖਟ ਵਿਚ, ਤਿੜਕਿਆ ਸ਼ੀਸ਼ਾ—
ਟੁਕੜੀ, ਟੁਕੜੀ,
ਫਟੀ ਨਜ਼ਰ, ਦਰਾੜਾਂ ਵੇਖੇ—
ਹਰ ਦਿਨ, ਸ਼ਾਮ, ਸਵੇਰੇ, ਦਿਸਦਾ,
ਕੈਸਾ ਥਿਰ ਨਜ਼ਾਰਾ।



**ਆਦਮ**

ਤੂੰ ਤੂੰ, ਮੈਂ ਮੈਂ, ਮੈਂ ਮੈਂ, ਤੂੰ ਤੂੰ—
ਹੁੰਦੀ ਰਹੀ, ਹੁਣ ਬੱਝੀ ਘਿੱਗੀ,
'ਵਾਜ਼ ਨਾ ਨਿਕਲੇ, ਸੂਹੀਆਂ ਅੱਖਾਂ—
ਤਿਊੜੀਆਂ ਵਿਚ ਕ੍ਰੋਧੀ ਚਿਹਰਾ,
ਫਟਣ ਨੂੰ ਆਇਆ—

ਪੱਥਰ 'ਚੋਂ, ਜਿਉਂ ਘੜੀ ਮੂਰਤੀ,
ਰੰਗਾਂ ਨਾਲ, ਬਣਾਈ ਪੇਂਟਿੰਗ—
ਦਿਲ, ਦਿਮਾਗ਼ ਸਭ ਨੁੱਚੜ ਚੁੱਕੇ,
ਤਵਾਰੀਖ, ਨਿਰਜਿੰਦ ਬਣਾਈ—
ਹਸਤੀ, ਜੁ ਸੁਜਿੰਦ ਬੜੀ ਸੀ।

-ਵਕਫ਼ਾ-

ਕੱਲ੍ਹ ਏਥੇ, ਇਕ ਕਲਮ ਖੜ੍ਹੀ ਸੀ।
ਅੱਜ ਏਥੇ, ਇਕ ਕਾਤੀ ਝੂਲੇ।
ਕੱਪੀ ਕਲਮ ਦਾ ਹਰ ਇਕ ਟੁਕੜਾ,
ਠੰਡਾ ਹੋਇਆ ਅਗਨਮੁਖੀ ਜਿਉਂ,
ਮੁੰਜਮਿਦ ਜਿਵੇਂ ਸ਼ਰਾਰਾ ਹੈ।

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ :*

ਕੱਲ੍ਹ ਏਥੇ, ਇਕ ਕਲਮ ਖੜ੍ਹੀ ਸੀ।
ਅੱਜ ਏਥੇ, ਇਕ ਕਾਤੀ ਝੂਲੇ।
ਕੱਪੀ ਕਲਮ ਦਾ ਹਰ ਇਕ ਟੁਕੜਾ,
ਠੰਡਾ ਹੋਇਆ ਅਗਨਮੁਖੀ ਜਿਉਂ,
ਮੁੰਜਮਿਦ ਜਿਵੇਂ ਸ਼ਰਾਰਾ ਹੈ।

-ਵਕਫ਼ਾ-

ਹਰ ਆਪੇ ਦੇ, ਅੰਦਰ ਵਸਦਾ,
ਆਪੇ ਅਤੇ ਅਨਾਪੇ ਦਾ ਇਹ,
ਕੀ ਭੈ-ਯੁਕਤ ਨਜ਼ਾਰਾ ਹੈ।

**ਹੱਵਾ**

ਏਸ ਕੈਦ ਤੋਂ, ਓਸ ਕੈਦ ਤੱਕ,
ਓਸ ਕੈਦ ਤੋਂ, ਔਸ ਕੈਦ ਤੱਕ,
ਜੰਮੇਂ, ਜੀਵੇ, ਵਿਚਰੇ ਮਾਨਵ,
ਜੀਣ-ਕਾਲ ਤੋਂ, ਮਰਨ-ਕਾਲ ਤੱਕ,
ਕਿਹੀ ਗ਼ੁਲਾਮੀ, ਚੁੱਕੀ ਫਿਰਦਾ,
ਆਪਣੇ, ਦਾਸ-ਪੁਣੇ ਵਿਚ ਘਿਰਿਆ।
ਦੂਜਿਆਂ ਲਈ, ਲੜਾਈਆਂ ਲੜਦਾ,
ਆਪਣੇ ਵਿਹੜੇ ਆਪਣਾ ਸੂਰਜ,
ਨਿਸਦਿਨ ਰਹਿੰਦਾ ਲਹਿੰਦਾ, ਚੜ੍ਹਦਾ।

**ਆਦਮ**

ਬੀਤ ਰਿਹਾ ਹੈ,
ਵੀਰਾਨੇ ਵਿਚ, ਫੁੱਲ ਵਾਂਗਰਾਂ।
ਵਗ ਰਿਹਾ, ਆਬਾਦੀਓਂ ਸੱਖਣੇ,
ਪਰਬਤ ਵਿੱਚੋਂ, ਕੂਲ੍ਹ ਵਾਂਗਰਾਂ।

-ਵਕਫ਼ਾ-

ਸੁੰਨੇ, ਸੱਖਣੇ ਵਣ ਤੇ ਡਿੱਗੀ,
ਬਿਜਲੀ, ਭਾਂਬੜ ਬਣ ਕੇ ਬੁਝ ਗਈ।
ਹਿੰਮ-ਚੋਟੀ, ਬਸ ਤਕਦੀ ਰਹਿ ਗਈ,
ਪਰ ਨਾ ਕੋਈ ਵੀ ਠਰਨ ਮਿਟੀ।

**ਹੱਵਾ**

ਜੋ ਘਟਨਾ ਨਾ, ਨਿੱਘ ਕਿਸੇ ਨੂੰ,
ਸੀਨੇ ਠੰਡ ਵੀ ਬਣ ਨਾ ਸਕੇ,
ਉਹ ਘਟਨਾ ਵੀ, ਕੀ ਘਟਨਾ ਹੈ ?
ਅੱਜ ਦਾ ਮਾਨਵ, ਵੀ ਤਾਂ ਇਉਂ ਹੀ,
ਘਟਣ, ਘਟਣ ਦੇ ਵਿਚ ਰੁਕੀ ਹੋਈ,
ਐਸੀ ਹੀ ਇਕ, ਅਘਟਨਾ ਹੈ।

-ਵਕਫ਼ਾ-



Final dummy

**ਆਦਮ**

ਪਿਆਸਾ ਬੱਦਲ, ਛਿਦਰੀ ਛਾਂ,
ਕੀ ਵੱਸਣਾ ਤੇ ਕੀ ਸੁੱਕਣਾ ਹੈ ?

**ਹੱਵਾ**

ਅੰਨ੍ਹੇਂ ਖੂਹ ਵਿਚ, ਚਮਕੇ ਸੂਰਜ।
ਅੰਨ੍ਹੇਂ ਖੂਹ ਵਿਚ, ਚੰਦ ਚੜ੍ਹਿਆ ਹੈ।
ਅੰਨ੍ਹੇਂ ਖੂਹ ਵਿਚ, ਜਗ ਮਗ ਤਾਰੇ।

**ਆਦਮ**

ਅੰਨ੍ਹੇਂ ਖੂਹ ਵਿਚ, ਤਿਪ ਤਿਪ ਬਰਖਾ।
ਅੰਨ੍ਹੇਂ ਖੂਹ ਵਿਚ, ਅਗਨੀ ਸੂਰਜ।

**ਹੱਵਾ**

ਅੰਨ੍ਹਾ ਖੂਹ, ਤਾਂ ਅੰਨ੍ਹਾ ਖੂਹ ਹੈ,
ਨਾ ਇਹ ਸਿੰਜੇ, ਨਾ ਇਹ ਸਾੜੇ।

-ਵਕਫ਼ਾ-

ਤੁਹਾਡੀ ਨਜ਼ਰ 'ਚ ਤੁਹਾਡਾ ਦਰਸ਼ਨ,
ਤੁਹਾਡੀ ਨਜ਼ਰ 'ਚ ਰੰਗ ਨਜ਼ਾਰੇ।

-ਵਕਫ਼ਾ-

ਚਾਹੇ ਬੀਜੋ, ਬੀਜ ਸਿਆੜੀਂ,
ਚਾਹੇ ਵੇਖੋ, ਫੁੱਲ ਉਜਾੜੀਂ।
ਚਾਹੇ ਕਲਪੋ, ਰੰਗ ਨਜ਼ਾਰੇ,
ਚਾਹੇ ਬਰਸੋ, ਦਰ ਦੀਵਾਰੇ।
ਪਲਕਾਂ ਉੱਤੇ, ਪਰਬਤ ਚੁੱਕੋ।
ਜਾਂ ਸਾਗਰ, ਜਾਂ ਬੱਦਲ, ਅੰਬਰ
ਮੇਲ ਦਿਓ, ਧਰਤੀ ਦੇ ਨਾਲੇ।

-ਵਕਫ਼ਾ-



Final dummy

**ਆਦਮ ਤੇ ਹੱਵਾ**

(ਦੋਵੇਂ)

ਅੰਨ੍ਹਾਂ ਖੂਹ, ਤਾਂ ਅੰਨ੍ਹਾਂ ਖੂਹ ਹੈ।
ਨਾ ਇਹ ਮੌਲੇ, ਨਾ ਇਹ ਵਿਗਸੇ।
ਨਾ ਇਹ ਖੌਲੇ, ਨਾ ਇਹ ਠਾਰੇ।
ਨਾ ਇਹ ਮਿਲੇ, ਮਿਲਾਵੇ, ਵਿੱਛੜੇ।
ਨਾ ਇਹ ਸਿੰਜੇ, ਨਾ ਇਹ ਸਾੜੇ।

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ :*

ਅੰਨ੍ਹੇਂ ਖੂਹ ਵਿਚ, ਚਮਕੇ ਸੂਰਜ।
ਅੰਨ੍ਹੇਂ ਖੂਹ ਵਿਚ, ਚੰਦ ਚੜ੍ਹਿਆ ਹੈ।
ਅੰਨ੍ਹੇਂ ਖੂਹ ਵਿਚ, ਜਗ ਮਗ ਤਾਰੇ।

**-ਫ਼ੇਡ ਆਊਟ-**



ਮੰਚ ਉੱਤੇ ਮੁਕੰਮਲ ਅਨ੍ਹੇਰਾ ਹੈ। ਮੰਚ ਤੇ ਉਸਾਰੇ ਚੌਕ ਦੇ ਵਿਚਕਾਰ ਇਕ ਸੁੱਕਾ ਮੁੱਢ ਹੈ। ਪਿੱਠਭੂਮੀ ਦੇ ਪਰਦੇ ਉੱਤੇ ਸੁੱਕੇ ਪੱਤਰ ਏਧਰ ਓਧਰ ਖਿੰਡ ਰਹੇ ਹਨ। ਪਿਛੋਕੜ 'ਚੋਂ 'ਛੱਲਾ' ਲੋਕ-ਗੀਤ ਦੀਆਂ ਧੁਨਾਂ ਉੱਭਰਦੀਆਂ ਹਨ। ਮੰਚ ਉੱਪਰਲਾ ਚੌਕ ਵੇਸਵਾ ਘਰ ਵਾਂਗ ਉਸਾਰਿਆ ਗਿਆ ਹੈ ਤੇ ਜਾਂ ਉਸ 'ਚੋਂ ਪ੍ਰਤੀਕਾਤਮਕ ਢੰਗ ਨਾਲ ਇਹ ਪ੍ਰਭਾਵ ਉਜਾਗਰ ਹੁੰਦਾ ਹੈ। ਰੌਸ਼ਨੀ ਹੁੰਦੀ ਹੈ, ਤਾਂ ਸੁੱਕੇ ਮੁੱਢ ਕੋਲ ਡਫ਼ਲੀ ਫੜੀ ਛੱਲਾ-ਗਾਇਕ ਨਜ਼ਰੀਂ ਪੈਂਦਾ ਹੈ। ਉਹਦੇ ਗੌਣ ਤੇ ਡਫ਼ਲੀ ਵਜਾਉਣ ਦੇ ਨਾਲ ਨਾਲ ਪਿਛੋਕੜ 'ਚੋਂ ਹੋਰ ਸਾਜ਼ਾਂ ਦਾ ਸੰਗੀਤ ਵੀ ਛੱਲੇ ਦਾ ਭਾਗ ਬਣ ਜਾਂਦਾ ਹੈ।

ਆਖੋ ਨੀ ਉਹਨੂੰ ਜਾਗੇ ਸੁਹਣਾ
ਸੌਂ ਸੌਂ ਬੀਤੇ ਵਿਚ ਚੁਰਸਤੇ
ਨਿਹੁੰ ਮੰਗਦੇ ਚੱਟਾਨ ਇਰਾਦੇ
ਅੰਦਰ ਚਾਨਣ ਬਾਹਰ ਰਸਤੇ

ਛੱਲਾ ਦਵੇ ਦੁਹਾਈਆਂ
ਸੜਕਾਂ ਅੰਦਰੋਂ ਆਈਆਂ
ਸੜਕਾਂ ਬਾਹਰੋਂ ਆਈਆਂ
ਸੜਕਾਂ ਵਿਚ ਚੌਰਾਹੇ
ਹਰ ਕੋਈ ਟੰਗਿਆ ਫਾਹੇ

ਛੱਲਾ ਲਿਸ਼ਕਾਂ ਮਾਰੇ
ਬਾਹਰ ਵਰ੍ਹਣ ਸ਼ਰਾਰੇ
ਅੰਦਰ ਬਲਣ ਅੰਗਾਰੇ
ਮਨ ਵਿਚ ਤੇੜਾਂ ਆਈਆਂ
ਸਭ ਨੇ ਢੇਰੀਆਂ ਢਾਈਆਂ

ਛੱਲਾ ਨੌਂ ਨੌਂ ਦਾਣੇ
ਜ਼ਿੰਦਗੀ ਕੋਈ ਨਾ ਮਾਣੇ

ਮੌਤਾਂ ਤਣ ਲਏ ਤਾਣੇ
ਥਲ ਵਿਚ ਬੱਦਲ ਡੁੱਲ੍ਹਿਆ
ਏਥੇ ਹਰ ਕੋਈ ਰੁਲਿਆ

ਛੱਲਾ ਧੁੱਪ ਵਿਚ ਰੇਤਾ
ਹਰ ਕੋਈ ਭੁੱਲਿਆ ਚੇਤਾ
ਪਾਗ਼ਲ ਹੋ ਗਏ ਨੇਤਾ
ਦੁਨੀਆਂ ਪਾਗ਼ਲਖਾਨਾ
ਹਰ ਕੋਈ ਮਾਲ ਬਗਾਨਾ

ਛੱਲਾ ਦੰਦ ਦੀਆਂ ਡੰਡੀਆਂ
ਹਰ ਥਾਂ ਕੋਠੇ ਰੰਡੀਆਂ
ਤਨ ਦੀਆਂ, ਮਨ ਦੀਆਂ ਮੰਡੀਆਂ
ਲੱਗੀਆਂ ਵਿਚ ਚੁਰਸਤੇ
ਬੰਦੇ ਸ਼ਰਮੋਂ ਸਸਤੇ

ਛੱਲਾ ਕੱਲਾ ਕਾਰਾ
ਨਾ ਕੋਈ ਸੂਰਜ, ਤਾਰਾ
ਨ੍ਹੇਰਾ ਚੜ੍ਹਿਆ ਏ ਭਾਰਾ
ਹਰ ਕੋਈ ਆਪੋ ਆਪਣਾ
'ਮੈਂ, ਮੈਂ" ਕਰਕੇ ਖਪਣਾ

ਛੱਲਾ ਛਣਕੇ ਸੋਗੀ
ਏਥੇ ਹੁਸਨ ਵੀ ਰੋਗੀ
ਏਥੇ ਇਸ਼ਕ ਵੀ ਭੋਗੀ
ਪ੍ਰੀਤਾਂ ਕੋਈ ਨਾ ਜਾਣੇ
ਸਭ ਦੇ ਵਿਕ ਗਏ ਦਾਣੇ

ਛੱਲਾਂ ਨੌਂ ਨੌਂ ਮਣ ਦਾ
ਹਰ ਕੋਈ ਰਾਖ਼ਸ਼ ਬਣਦਾ
ਹਰ ਕੋਈ ਰਾਖ਼ਸ਼ ਜਣਦਾ
ਬੰਦਾ ਲੱਭਿਆਂ ਨਾ ਲੱਭਦਾ
ਬੇੜਾ ਗ਼ਰਕ ਹੈ ਸਭ ਦਾ।

**–ਫ਼ੇਡ ਆਊਟ–**



ਮੰਚ ਉਤੇ ਅਨ੍ਹੇਰਾ ਹੈ। ਪਿਛੋਕੜ 'ਚੋਂ ਟ੍ਰੈਫਿਕ ਦਾ ਸ਼ੋਰ ਪਹਿਲਾਂ ਵਾਂਗ ਹੀ ਸਿਖ਼ਰ ਤੇ ਪਹੁੰਚ ਕੇ ਇਕ ਛਣਾਕੇ ਨਾਲ ਖ਼ਾਮੋਸ਼ ਹੋ ਜਾਂਦਾ ਹੈ। ਜੱਜ ਦੇ ਵੇਸ਼ ਵਿਚ ਸੂਤਰਧਾਰ ਮੰਚ ਤੇ ਉਸਾਰੇ ਚੌਕ ਵਿਚ ਰੌਸ਼ਨੀ ਦੇ ਆਉਣ ਨਾਲ, ਵਿਖਾਈ ਦੇਂਦਾ ਹੈ।

ਮੰਚ ਦੇ ਚੌਕ ਵਿਚ ਮੁਜਰਮਾਂ ਦੀ ਕਮੀਨਗਾਹ ਉਸਾਰੀ ਹੋਈ ਹੈ।

**ਸੂਤਰਧਾਰ**

ਏਸ ਚੌਰਾਹੇ ਮੁਜਰਮ ਆਏ,
ਪੀਰ, ਪੈਗ਼ੰਬਰ ਸਾਰੇ।
ਏਸ ਚੌਰਾਹੇ ਦੀਨ, ਦੁਨੀ ਦੇ,
ਭੇਦ ਛੁਪੇ ਹਨ ਸਾਰੇ।
ਏਸ ਚੌਰਾਹੇ ਜੰਗਲ ਵੱਸਦਾ,
ਵੱਜਦੇ ਢੋਲ ਨਗਾਰੇ।
ਏਸ ਚੌਰਾਹੇ ਸੱਭਿਅਤਾ ਆਈ :
ਪੱਤਝੜ ਵਿਚ ਨਜ਼ਾਰੇ।
ਏਸ ਚੌਰਾਹੇ ਸੁੰਨ ਸਮਾਧੀ,
ਸ਼ੋਰ ਸ਼ਰਾਬੇ ਭਾਰੇ।
ਏਸ ਚੌਰਾਹੇ ਤੁਰਨ ਖੜਨ ਵਿਚ,
ਜੀਵ ਵਿਚਰਦੇ ਸਾਰੇ।
ਏਸ ਚੌਰਾਹੇ ਭੈ ਮੌਤ ਦਾ
ਜੀਵਨ ਵਿਚ ਪੁਆੜੇ।
ਏਸ ਚੌਰਾਹੇ ਹੁਣ ਹੀ ਸਭ ਕੁਝ,
ਕੱਲ੍ਹ, ਭਲਕ, ਅੱਜ ਮਾਰੇ।

–ਵਕਫ਼ਾ–

ਏਸ ਚੌਰਾਹੇ ਮੁਜਰਮ ਆਏ,
ਬਣ ਕੇ ਮੁਨਸਫ ਭਾਰੇ।
ਏਸ ਚੌਰਾਹੇ ਛੰਨਾਂ ਉੱਤੇ,
ਉੱਸਰੇ ਮਹਿਲ ਮੁਨਾਰੇ।

**-ਫ਼ੇਡ ਆਊਟ-**



Final dummy

ਰੌਸ਼ਨੀ ਪਰਤਦੀ ਹੈ ਤਾਂ ਭਿਆਨਕ ਮੁਜਰਮਾਂ ਦੇ ਵੇਸ ਵਿਚ ਮੁਜਰਮ-1, ਮੁਜਰਮ-2 ਅਤੇ ਮੁਜਰਮ-3 ਵਿਖਾਈ ਦਿੰਦੇ ਹਨ।

ਮੁਜਰਮ-1 : ਜ਼ਿੰਦਗੀ 'ਚ ਰੱਖਿਆ ਹੀ ਕੀ ਹੈ ?
ਮੁਜਰਮ-2 : ਪਤਾ ਹੈ।
ਮੁਜਰਮ-3 : ਇਸੇ ਲਈ,
ਮੁਜਰਮ-1 : ਹਾਂ ... ਇਸੇ ਲਈ ...
ਇਸ ਵਿਚ ਕੁਝ ਰੰਗ ਭਰਨ ਲਈ,
ਮੁਜਰਮ-2 : ਇਸ ਨੂੰ ਜੀਊਣ ਜੋਗਾ ਕਰਨ ਲਈ,
ਮੁਜਰਮ-3 : ਕੁਝ ਐਡਵੈਂਚਰ,
ਸੈਨਸੇਸ਼ਨ,
ਤੇ ਸਸਪੈਂਸ ਭਰਨ ਲਈ,
ਮੁਜਰਮ-2 : ਕਾਨੂੰਨ ਨਾਲ, ਟਕਰਾ ਗਏ।
ਮੁਜਰਮ-1 : ਬਲਾਤਕਾਰ, ਮਹਾਂ ਆਨੰਦ ਸੀ।
ਮੁਜਰਮ-2 : ਤੇ ਉਸ ਤੋਂ ਬਾਅਦ ਕਤਲ,
ਸੋਨੇ 'ਤੇ ਸੁਹਾਗਾ।
ਮੁਜਰਮ-3 : ਖੋ ਕੇ, ਪਾਉਣ, ਪਾ ਕੇ ਮੁਕਾਉਣ,
ਸਭ ਨੂੰ ਦਿਖਾਉਣ ...
ਵਿਚ ਹੀ ਸਾਡੀ ਸ਼ਕਤੀ ਹੈ।
ਮੁਜਰਮ-1 : ਸਾਡਾ ਕਰਮ ਹੀ, ਸਾਡੀ ਭਗਤੀ ਹੈ।
ਮੁਜਰਮ-2 : ਮਰ ਅਸੀਂ, ਉਂਜ ਵੀ ਜਾਣਾ ਸੀ।
ਮੁਜਰਮ-3 : ਅਸੀਂ, ਬੈਂਕ ਤੋੜੇ,
ਮੁਜਰਮ-1 : ਧਨਵਾਨ ਲੁੱਟੇ, ਜੜ੍ਹਾਂ ਤੋਂ
ਮੁਜਰਮ-2 : ਬੇਈਮਾਨ ਪੁੱਟੇ।
ਮੁਜਰਮ-3 : ਜ਼ੋਰਾਵਰ, ਖੁੱਡੇ 'ਚ...
ਕੁੱਕੜਾਂ ਵਾਂਗ, ਤਾੜੇ।



Final dummy

ਮੁਜਰਮ-1 : ਇਨ੍ਹਾਂ ਨੂੰ...
ਮੁਜਰਮ-2 : ਸਾਡੀ ਹੋਰ ਕੋਈ ਗੱਲ
ਸਮਝ ਹੀ ਨਾ ਪਈ।
ਮੁਜਰਮ-3 : ਇਸੇ ਲਈ, ਸ਼ਕਤੀ ਵਰਤਣੀ ਪਈ।
ਮੁਜਰਮ-1 : ਹੁਣ, ਸ਼ਕਤੀ ਹੀ, ਸਾਡੀ ਭਾਸ਼ਾ ਹੈ।
ਮੁਜਰਮ-2 : ਸ਼ਕਤੀ ਨੂੰ, ਸ਼ਕਤੀ ਹੀ ਕੱਟਦੀ ਹੈ।
ਮੁਜਰਮ-3 : ਸ਼ਕਤੀ 'ਚ ਹੀ, ਸ਼ਕਤੀ ਦਾ ਤਮਾਸ਼ਾ ਹੈ।

-ਵਕਫ਼ਾ-

ਮੁਜਰਮ-1 : ਹਰ ਢਿੱਡ, ਖ਼ਾਲੀ ਹੈ ...
ਹਰ ਹੋਠ, ਪਿਆਸਾ ਹੈ।
ਮੁਜਰਮ-2 : ਮੁਜਰਮ, ਸਮਾਜਵਾਦੀ ਹਨ,
ਮੁਜਰਮ-3 : ਜੁਝਾਰੂ ਹਨ, ਬਾਗ਼ੀ ਹਨ।
ਮੁਜਰਮ-1 : ਜੋ ਰੋਗ, ਏਸ ਨਿਜ਼ਾਮ ਵਿਚ,
ਕੋਹੜ ਵਾਂਗ ਫੈਲੇ ਹਨ,
ਮੁਜਰਮ-2 : ਉਹ ਰੋਗ, ਮਾਰੂ ਹਨ।
ਮੁਜਰਮ-3 : ਮੁਜਰਮ, ਮਾਹਰ ਡਾਕਟਰ ਹਨ
ਸਰਜਨ ਵਾਂਗ ...
ਮੁਜਰਮ-1 : ਗਲੇ ਸੜੇ ਅੰਗ, ਕੱਟ ਰਹੇ ਹਨ।
ਮੁਜਰਮ-2 : ਅੰਬਾਂ ਦੇ ਅੰਬ,
ਗੁਠਲੀਆਂ ਦੇ ਦਾਮ ਵੱਟ ਰਹੇ ਹਨ।
ਮੁਜਰਮ-3 : ਸਮਾਜ ਨੂੰ, ਅਰੋਗ ਕਰਨ ਦਾ,
ਇਹੋ ਇਕ ਰਾਹ ਹੈ।
ਮੁਜਰਮ-1 : ਜੋ ਇਸ ਨੂੰ ਗ਼ਲਤ ਕਹਿੰਦਾ ਹੈ,
ਉਹ ਮੂਰਖ ਹੈ, ਗੁਮਰਾਹ ਹੈ।
ਮੁਜਰਮ-2 : ਜੇ ਇਹ ਗ਼ਲਤ ਹੈ,
ਤਾਂ ਫੌਜੀ, ਸਿਪਾਹੀ, ਸਰਕਾਰਾਂ ਤੇ ਕਾਨੂੰਨ,
ਫ਼ਾਂਸੀ ਦੇਣ ਵਾਲੇ ਜੱਲਾਦ,
ਸਭ ਕਾਤਲ ਹਨ,
ਮੁਜਰਮ ਹਨ।
ਮੁਜਰਮ-3 : ਢਿੱਡਾਂ, ਸਿਰਾਂ, ਨੱਕਾਂ ਤੇ ਵਕਾਰਾਂ
ਦੀ, ਚੂਹੇ ਦੌੜ ਵਿਚ,


Final dummy

ਮਾਂ, ਬਾਪ, ਭੈਣ, ਭਾਈ,
ਮਿੱਤਰ, ਸਨੇਹੀ ਤੇ ਰਿਸ਼ਤੇਦਾਰ ਸਭ ਚੋਰ ਹਨ ... ਚੋਰਾਂ
ਨੂੰ ਮੋਰ ਹਨ।
ਮੁਜਰਮ-1 : ਡਾਕੂ ਹਨ, ਅੱਗ ਹਨ,
ਆਪਣੇ ਅੰਦਰ ਘਿਰੇ ਹੋਏ,
ਜੰਗਲੀ ਜਾਨਵਰਾਂ ਦੇ ਵੱਗ ਹਨ।
ਮੁਜਰਮ-2 : ਹਾਂ, ਜੰਗਲ ਹਨ ...
ਜੰਗਲੀ ਜਾਨਵਰਾਂ ਦੇ ਵੱਗ ਹਨ।
ਮੁਜਰਮ-3 : ਇਹ ਜੰਗਲੀ ਚੌਰਾਹਾ ਹੈ।
ਮੁਜਰਮ-1 : ਇਹ ਸਾਡੀ ਸੱਭਿਅਤਾ ਦਾ,
ਜੰਗਲੀ ਚੌਰਾਹਾ ਹੈ।
ਮੁਜਰਮ-2 : ਹਰ ਕੋਈ,
ਸੌ ਮੀਟਰ ਦੀ ਦੌੜ,
ਜਿੱਤਣ ਦੀ ਰਫ਼ਤਾਰ 'ਤੇ,
ਤੇਜ਼ ਦੌੜਦਾ ਹੋਇਆ ਵੀ,
ਇਕ ਥਾਂ ਖੜ੍ਹਾ ਹੈ।
ਮੁਜਰਮ-3 : ਹਰ ਇਕ ਕੋਲ, ਆਪਣੇ
ਹਰ ਇਕ ਗ਼ਲਤ ਕੰਮ ਲਈ
ਬਿਲਕੁਲ ਠੀਕ ਵਿਆਖਿਆ ਹੈ।

-ਵਕਫ਼ਾ-

ਮੁਜਰਮ-3 : ਲੁੱਟ ਹੋਇਆ, ਵੀ ਠੀਕ ਹੈ ...
ਮੁਜਰਮ-1 : ਲੁੱਟਣ ਵਾਲਾ ਵੀ।
ਮੁਜਰਮ-2 : ਪੱਤ ਹੈ ਹੀ ਨਹੀਂ,
ਤਾਂ ਲੁੱਟ ਕੀ ਹੋਣਾ ਸੀ ?
ਮੁਜਰਮ-1 : ਜੋ ਜ਼ਿੰਦਗੀ ਮਰਨ ਲਈ ਬਣੀ ਹੈ,
ਉਸ ਦਾ ਕਤਲ ਕੀ ਹੋਣਾ ਸੀ ?
ਮੁਜਰਮ-2 : ਅੱਜ ਮਰੇ, ਭਲਕ,
ਜਾਂ ਪੰਜਾਹ ਸਾਲ ਬਾਅਦ ...
ਮੌਤ ਤਾਂ ਅਟੱਲ ਹੈ,
ਹੁਣ, ਜਾਂ ਅੱਜ, ਜਾਂ ਕੱਲ੍ਹ ਹੈ।


Final dummy

ਮੁਜਰਮ-3 : ਕਾਨੂੰਨ, ਕਤਲ, ਇਨਸਾਫ਼, ਜੁਰਮ,
ਸਿਰਫ਼ ਸ਼ਬਦ ਹਨ,
ਐਵੇਂ ਗੱਲ ਹੈ।

ਮੁਜਰਮ-1 : ਮੌਤ, ਪਰਮ ਸੱਚ ਹੈ।
ਮੌਤ ਹੀ ਅਟੱਲ ਹੈ।

-ਵਕਫ਼ਾ-

ਮੁਜਰਮ-2 : ਇਸੇ ਲਈ, ਸਭ ...

ਮੁਜਰਮ-3 : ਇਨਸਾਫ਼, ਜੁਰਮ ਤੇ ਅਧਿਕਾਰੀ,
ਅਮੀਰ, ਹਾਕਮ ਤੇ ਭਿਖਾਰੀ,

ਮੁਜਰਮ-1 : ਸਭ ਖਿਡਾਰੀ ਤੇ ਅਨਾੜੀ,

ਮੁਜਰਮ-2 : ਨਾਸਤਕ ਤੇ ਪੁਜਾਰੀ,

ਮੁਜਰਮ-3 : ਚੌਰਾਹੇ ਵਿਚ ਆ ਗਏ ਹਨ।

ਮੁਜਰਮ-1 : ਸਾਡੀ ਸੱਭਿਅਤਾ, ਸਾਡਾ ਜੀਵਨ,
ਸਾਡਾ ਗਿਆਨ, ਸਾਡੀ ਪ੍ਰਾਪਤੀ,
ਸਾਡਾ ਆਰੰਭ, ਸਾਡੀ ਸਮਾਪਤੀ,
ਇਹ ਚੌਰਾਹਾ ਹੈ।

ਮੁਜਰਮ-2 : ਇਹ ਚੌਰਾਹਾ ਹੈ।

ਮੁਜਰਮ-3 : ਇਹ ਚੌਰਾਹਾ ਹੈ।

ਮੁਜਰਮ-1, 2 ਤੇ 3 (ਇਕੱਠੇ) : ਇਹ ਚੌਰਾਹਾ ਹੈ।

**-ਫ਼ੇਡ ਆਊਟ-**



Final dummy

ਪਿਛੋਕੜ 'ਚੋਂ ਟ੍ਰੈਫਿਕ ਦਾ ਸ਼ੋਰ ਸਿਖ਼ਰ 'ਤੇ ਪਹੁੰਚ ਕੇ ਇਕ ਛਣਾਕੇ ਨਾਲ ਮੌਨ ਹੋ ਜਾਂਦਾ ਹੈ। ਰੌਸ਼ਨੀ ਹੁੰਦਿਆਂ ਹੀ ਮੰਚ 'ਤੇ ਉਸਾਰੇ ਚੌਕ ਵਿਚ ਸੂਤਰਧਾਰ ਨਜ਼ਰੀਂ ਪੈਂਦਾ ਹੈ। ਉਸ ਦੇ ਚਿੱਟੇ ਰੰਗ ਦੇ ਲੰਮੇ ਚੋਲੇ ਉੱਤੇ ਗਾਂਧੀ ਦੇ ਤਿੰਨ ਬਾਂਦਰਾਂ ਦੀਆਂ ਤਸਵੀਰਾਂ ਉੱਕਰੀਆਂ ਹੋਈਆਂ ਹਨ। ਇਕ ਬਾਂਦਰ ਦੇ ਹੱਥ ਮੂੰਹ ਉੱਤੇ ਹਨ, ਦੂਜੇ ਦੇ ਕੰਨਾਂ ਉੱਤੇ ਤੇ ਤੀਜੇ ਦੇ ਅੱਖਾਂ ਉੱਤੇ।

**ਸੂਤਰਧਾਰ**

ਹਰ ਪ੍ਰਾਣੀ ਹੀ ਹੋਇਆ ਜੀਕੂੰ,
ਅੰਨ੍ਹਾ, ਬੋਲਾ, ਗੂੰਗਾ ਏਥੇ।

-ਵਕਫ਼ਾ-

ਜਾਂ ਸੁਣੇ ਬੋਲੇ,
ਜਾਂ ਵੇਖੇ ਬੋਲੇ,
ਜਾਂ ਸੁਣੇ ਵੇਖੇ।

-ਵਕਫ਼ਾ-

ਇੱਕੋ ਵੇਲੇ, ਤਿੰਨੇ ਕੰਮ,
ਕਰਨ ਲਈ ਕਿਸ ਨੇ,
ਅੱਜ, ਤਿੰਨੇ ਕਿਰਦਾਰ ਬੁਲਾਏ ?

-ਵਕਫ਼ਾ-

ਵਿਚ ਚੌਰਾਹੇ, ਥਿਰ ਖੜ੍ਹੇ ਹਨ,
ਸੱਭੇ ਰੁੱਖ, ਰੁੱਖਾਂ ਦੇ ਸਾਏ।
ਸਰ ਸਰ ਆਪਣੇ ਅੰਦਰ ਜਾਗੇ,
ਨੀਂਦਰ, ਪਲਕਾਂ ਮੁੰਦ ਸੁਲਾਏ।
ਏਸ ਚੌਰਾਹੇ ...

**-ਫ਼ੇਡ ਆਊਟ-**



Final dummy

ਰੌਸ਼ਨੀ ਹੁੰਦੀ ਹੈ ਤਾਂ ਮੰਚ 'ਤੇ ਉਸਾਰੇ ਚੌਕ ਵਿਚ ਏਧਰ ਓਧਰ ਗਾਂਧੀ ਦੇ ਤਿੰਨਾਂ ਬਾਂਦਰਾਂ ਦੀਆਂ ਮੂਰਤੀਆਂ ਵਿਖਾਈ ਦਿੰਦੀਆਂ ਹਨ।

**ਅੰਨ੍ਹਾਂ**

ਚੌਗਿਰਦੇ 'ਚੋਂ,
ਖ਼ੂਨ ਦੀ ਬਦਬੂ ਕਿਉਂ ਆ ਰਹੀ ਹੈ ?
ਗਲੀਆਂ ਸੜੀਆਂ ਲਾਸ਼ਾਂ ਦੀ ਸੜ੍ਹਾਂਦ ?

**ਬੋਲਾ**

ਅੱਗ ਵਿਚ, ਖਿੱਲਾਂ ਵਾਂਗ,
ਮਗ਼ਜ਼ ਭੁੱਜਦੇ,
ਜਿਸਮ ਸੜਦੇ,
ਤੇ ਚਰਬੀ, ਢਲਦੀ
ਪ੍ਰਤੀਤ ਹੁੰਦੀ ਹੈ।

**ਗੁੰਗਾ**

*ਕੁਝ ਬੋਲਣ ਦਾ ਯਤਨ ਕਰਦਾ ਹੈ। ਉਸ ਦੇ ਚਿਹਰੇ 'ਤੇ ਨਫ਼ਰਤ, ਕ੍ਰੋਧ, ਬਗ਼ਾਵਤ ਦੇ ਮਿਲੇ ਜੁਲੇ ਪ੍ਰਭਾਵ ਉੱਭਰਦੇ ਹਨ ... ਚਿਹਰਾ ਤਪਦਾ, ਤਣਦਾ ਤੇ ਚੌਕ ਵਾਂਗ ਥਿਰ ਹੋ ਜਾਂਦਾ ਹੈ।*

**ਅੰਨ੍ਹਾਂ**

ਅੱਗ 'ਚੋਂ, ਉੱਠੀਆਂ ਲੰਬਾਂ
ਦੀ ਵਲਗਣ 'ਚੋਂ, ਕੌਣ ਬਚਿਆ ਹੈ ?

**ਬੋਲਾ**

ਜਾਪਦਾ ਹੈ, ਹਰ ਕਾਤਲ, ਮਕਤੂਲ,
ਮੁਜਰਮ, ਮੁਨਸਫ,


Final dummy

ਹਾਕਮ, ਮਹਿਕੂਮ,
ਜਾਬਰ ਤੇ ਕਮਜ਼ੋਰ,
ਆਪਣੇ ਕਰਮ ਪ੍ਰਤੀਕਰਮ,
ਸੋਚ ਅਤੇ ਗਤੀ ਨਾਲ,
ਚੌਰਾਹੇ 'ਚ ਥਿਰ,
ਸੂਲੀ ਉੱਤੇ ਲਟਕਿਆ,
ਚੌਰਾਹਾ ਹੋ ਗਿਆ ਹੈ।

**ਗੁੰਗਾ**

*ਗੁੰਗਾ ਏਥੇ ਉਪਰੋਕਤ ਸੰਬਾਦ ਦੇ ਕਾਰਜ ਨੂੰ ਸੁਪ੍ਰਾਣ ਕਰਦਾ ਸੂਲੀ ਤੇ ਲਟਕ ਚੌਰਾਹਾ ਬਣਨ ਦਾ ਅਭਿਨਯ ਕਰਦਾ ਹੈ।*

**ਅੰਨ੍ਹਾਂ**

ਏਥੇ, ਹਰ ਕੋਈ
ਅੰਨ੍ਹਾਂ, ਗੁੰਗਾ, ਬੋਲਾ ਹੋ ਗਿਆ ਹੈ।

**ਗੁੰਗਾ**

*ਬੋਲਣ ਦਾ ਯਤਨ ਕਰਦਾ ਹੈ। ਉਸ ਦੇ ਖ਼ਿਆਲਾਂ ਦੇ ਬੋਲ, ਪਿਛੋਕੜ ਦੀਆਂ ਆਵਾਜ਼ਾਂ 'ਚੋਂ ਉੱਭਰਦੇ ਹਨ :*

**ਆਵਾਜ਼ਾਂ**

ਚੌਰਾਹਾ ਜਿਊਂਦਾ,
ਚੌਰਾਹਾ ਖਾਂਦਾ,
ਚੌਰਾਹਾ ਪੀਂਦਾ,
ਚੌਰਾਹਾ ਸੋਚਦਾ,
ਚੌਰਾਹਾ ਸਹਿੰਦਾ,
ਚੌਰਾਹਾ ਹੋ ਗਿਆ ਹੈ।

–ਵਕਫ਼ਾ–

ਇਸ ਸਮੇਂ ਮੰਚ ਉੱਤੇ ਇਕ ਪੈਗ਼ੰਬਰ ਕਿਸਮ ਦਾ ਪਾਤਰ ਪਰਵੇਸ਼ ਕਰਦਾ ਹੈ। ਅੰਨ੍ਹਾਂ, ਗੁੰਗਾ ਤੇ ਬੋਲਾ ਆਪਣੇ ਵਰਗੀਆਂ ਬਾਂਦਰਾਂ ਦੀਆਂ ਮੂਰਤੀਆਂ ਕੋਲ ਮੂਰਤੀਆਂ ਵਾਂਗ ਖੜੋਤੇ ਹੁੰਦੇ ਹਨ।


Final dummy

**ਪੈਗ਼ੰਬਰ**

ਅੰਨ੍ਹੇ, ਗੁੰਗੇ, ਬੋਲੇ ਦਾ ਇਕ ਹੋਣਾ ਹੀ,
ਚੌਰਾਹੇ ਦਾ ਦੂਜਾ ਨਾਂ ਹੈ।
ਹਰ ਬੰਦਾ ਹੀ,
ਅੰਨ੍ਹਾਂ, ਗੁੰਗਾ, ਬੋਲਾ ਹੋ ਗਿਆ ਹੈ।

–ਵਕਫ਼ਾ–

ਸ਼ਾਤਰ ਚਾਲਾਂ—
ਤੇ ਸ਼ਤਰੰਜ ਵੀ ਸਲੇਟਮੇਟ ਹੈ।
ਹਰ ਪਾਸੇ ਹੀ, ਬੰਦ ਗੇਟ ਹੈ।
ਖ਼ਲਾਅ ਵਾਂਗ ਸੱਖਣਾ, ਕਿਤੇ
ਬੋਕੇ ਵਾਂਗ ਤਣਿਆਂ ਪੇਟ ਹੈ।

–ਵਕਫ਼ਾ–

ਇਸ ਕੰਪਿਊਟਰ-ਸੱਭਿਅਤਾ ਦੇ, ਮਾਈਕਰੋਚਿਪਸ ਵਿਚ,
ਸਾਂਭੀਆਂ ਸਾਡੀਆਂ ਅੱਖਾਂ, ਕੰਨ,
ਇੰਦਰੀਆਂ ਤੇ ਦਿਲ, ਦਿਮਾਗ਼,
ਗਿਆਨ, ਯਾਦਾਸ਼ਤ,
ਅੱਖ ਝਮਕੇ ਵਿਚ, ਤਹਿਸ਼ ਨਹਿਸ਼ ਹੋ ਜਾਣਗੀਆਂ।

–ਵਕਫ਼ਾ–

ਪ੍ਰਥਮੈ, ਆਪਣੀ ਉਸਾਰੀ,
ਤੇ ਫਿਰ, ਆਪਣੀ ਬਰਬਾਦੀ
ਦਾ ਇਹ ਕਿਹਾ ਨਾਟਕ ਹੈ—
ਜਿਸ ਵਿਚ,
ਪਹਿਲੇ ਐਕਟ ਦੇ ਨਾਇਕ ਤੇ ਪਾਤਰ,
ਅੰਤਮ ਐਕਟ ਵਿਚ, ਖਲਨਾਇਕ ਬਣ ਜਾਂਦੇ ਹਨ—
ਤੇ ਇਸ ਦੇ ਸਿਖ਼ਰ ਦੀ ਗੰਢ,
ਆਪਣੀ ਹੀ ਬਰਬਾਦੀ ’ਚ ਖੁੱਲ੍ਹਦੀ ਹੈ।

–ਵਕਫ਼ਾ–



ਜੰਗਬਾਜ਼ ਵਿਗਿਆਨਕ ਨੂੰ ਹੀ ਵੇਖੋ,
ਈਲੈਕਟਰੋ ਮੈਗਨੈਟਿਕ ਪਲਸ
ਬੰਬ ਦੀ ਗੱਲ ਕਰ ਰਿਹਾ ਹੈ।
ਜੋ ਕੁਝ ਬਿਜਲਾਣੂੰ ਹੈ,
ਬਿਜਲਾਣੂੰ ਛਤਰੀ ਦੀ ਸੁਰੱਖਸ਼ਾ ’ਚ ਹੈ :
ਏਮੈਕਸ ਮਿਸਲਾਂ, ਵਿਮਾਨ,
ਤੇ ਹੋਰ ਬਿਜਲਾਣੂੰ ਵਾਹਣ, ਮਾਰੂ ਸ਼ਸਤਰ ...
ਸਭ ਨਕਾਰਾ ਹੋ ਜਾਣਗੇ, ਅੱਖ ਝਮਕੇ ਵਿਚ।
ਕੰਪਿਊਟਰ, ਆਪਣੀ ਯਾਦ ਖੋ ਬੈਠੇਗਾ—
ਤੇ ਬਿਜਲਾਣੂੰ ਆਧਾਰ ’ਤੇ ਖੜ੍ਹੀ ਇਹ ਸੱਭਿਅਤਾ,
ਇਕ ਵਾਰੀ ਫਿਰ,
ਮਹਾਂ ਅੰਧਕਾਰ ਬਣ ਜਾਵੇਗੀ।

–ਵਕਫ਼ਾ–

ਆਦਮੀ ਦੀ ਅਕਲ,
ਤੇ ਉਸ ਦੀ ਰਚਨਾ ਵਿਚ,
ਦੁਸ਼ਮਣਾਂ ਵਾਂਗ, ਠਣ ਜਾਵੇਗੀ।
ਤਬਾਹ ਕਰਨ ਵਾਲੇ ਦੀ ਮੱਤ ਵੀ,
ਤਬਾਹ ਹੋਣ ਵਾਲੇ ਦੇ ਨਾਲ ਹੀ
ਚੌਰਾਹਾ ਬਣ ਜਾਵੇਗੀ।
ਗੋਲੀਆਂ ਨਾਲ, ਹਰ ਛਾਤੀ—
ਛਾਣਨੀ ਵਾਂਗ,
ਗਲੋਬ ਬਣ ਜਾਵੇਗੀ।

–ਵਕਫ਼ਾ–

ਦੋਸਤੋ !
ਇਹ ਓਵਰ ਵਰੀ,
ਲੋੜੋਂ ਵਧ ਚਿੰਤਾ,
ਵੀ ਇਕ ਚੌਰਾਹਾ ਹੈ।

ਹੱਸਦਾ ਹੈ ਤੇ ਮੌਜ ਵਿਚ ਆ ਕੇ ਗਾਉਣ ਲੱਗ ਪੈਂਦਾ ਹੈ :

ਚੌਰਾਹੇ ਦੀ, ਬਾਤ ਕਰੇ ਅੱਜ ਚੌਰਾਹਾ।
ਚੌਰਾਹੇ ਦੀ, ਬਾਤ ਸੁਣੇ ਅੱਜ ਚੌਰਾਹਾ।
ਸੱਭੋ ਸੜਕਾਂ ਬੰਦ, ਬਾਹਰ ਤੋਂ ਅੰਦਰ ਵੱਲ,
ਹਰ ਵਾਹਣ ਹੀ, ਫਸ ਕੇ ਰੁਕਿਆ ਏਸ ਜਗ੍ਹਾ।

-ਵਕਫ਼ਾ-

ਚੌਰਾਹਾ ਜੀ, ਚੌਰਾਹਾ।
ਦੀਨ, ਦੁਨੀ ਤੇ ਕਲਮ, ਇਲਮ ਸਭ,
ਧਰਮ, ਨੀਤੀਆਂ, ਜਬਰ, ਜ਼ੁਲਮ ਸਭ
ਚੌਰਾਹਾ ਹੈ, ਚੌਰਾਹਾ।
ਚੌਰਾਹਾ ਜੀ, ਚੌਰਾਹਾ।

-ਵਕਫ਼ਾ-

*ਸਵਾਲੀਆ ਨਜ਼ਰਾਂ ਨਾਲ ਪਹਿਲਾਂ ਅੰਨ੍ਹੇ, ਬੋਲੇ ਤੇ ਗੁੰਗੇ ਵੱਲ ਤੇ ਫੇਰ ਦਰਸ਼ਕਾਂ ਵੱਲ ਵੇਖਦਾ ਹੈ।*

ਕੌਣ ਕਰੇਗਾ ਹਰਕਤ ਪੈਦਾ ਏਸ ਜਗ੍ਹਾ ?
ਕੌਣ ਲੜੇਗਾ, ਕੌਣ ਮਰੇਗਾ ਏਸ ਜਗ੍ਹਾ ?

*-ਨੱਚਦਾ ਹੈ-*

ਨੀਂਦਰ ਵੀ ਤੇ, ਜਗਰਾਤਾ ਵੀ ਹੈ ਚੌਰਾਹਾ।
ਮੌਤ ਤੇ ਜੀਵਨ, ਮੁਕਤੀ ਵੀ ਹੈ ਚੌਰਾਹਾ।
ਚੌਰਾਹਾ ਜੀ, ਚੌਰਾਹਾ।
ਚੌਰਾਹਾ ਜੀ, ਚੌਰਾਹਾ।
ਏਧਰ ਵੀ ਤੇ, ਔਧਰ ਵੀ ਹੈ ਚੌਰਾਹਾ।
ਜਿੱਧਰ ਵੇਖੋ, ਓਧਰ ਹੀ ਹੈ ਚੌਰਾਹਾ।
ਚੌਰਾਹਾ ਜੀ, ਚੌਰਾਹਾ।

**-ਫ਼ੇਡ ਆਊਟ-**



Final dummy

ਪਿਛੋਕੜ 'ਚੋਂ ਟਰੈਫਿਕ ਦਾ ਸ਼ੋਰ ਇਕ ਸਿਖ਼ਰ 'ਤੇ ਪਹੁੰਚ ਕੇ ਖ਼ਾਮੋਸ਼ ਹੋ ਜਾਂਦਾ ਹੈ। ਮੰਚ ਉੱਤੇ ਮੁਕੰਮਲ ਅਨ੍ਹੇਰਾ ਹੈ। ਸਪਾਟਲਾਈਟ ਦੀ ਰੌਸ਼ਨੀ ਕੇਵਲ ਸੂਤਰਧਾਰ ਨੂੰ ਦਰਸ਼ਕਾਂ ਸੌਂਹੇਂ ਪ੍ਰਸਤੁਤ ਕਰਦੀ ਹੈ। ਉਸ ਨੇ ਪਾਗ਼ਲਖ਼ਾਨੇ ਦੇ ਡਾਕਟਰਾਂ ਵਰਗਾ ਵੇਸ ਬਣਾਇਆ ਹੋਇਆ ਹੈ।

**ਸੂਤਰਧਾਰ**

ਵਿਚ ਚੌਰਾਹੇ, ਪਾਗ਼ਲਖ਼ਾਨਾ,
ਇਲਮਦੀਨ ਤੇ ਅਕਲ ਰਾਮ ਦਾ,
ਯੁੱਗ ਬੀਤਿਆ, ਗਿਆ ਜ਼ਮਾਨਾ

-ਵਕਫ਼ਾ-

ਕੌਣ ਡਾਕਟਰ ? ਰੋਗੀ ਕਿਹੜਾ ?
ਮੁਜਰਮ ਕਿਹੜਾ ? ਮੁਨਸਫ ਕਿਹੜਾ ?

-ਵਕਫ਼ਾ-

ਸੰਸਦ-ਭਵਨ, 'ਚ, ਕਾਵਾਂ-ਰੌਲੀ,
ਹਲਕੇ ਕੁੱਤੇ, ਖ਼ੂਨ ਦੀ ਹੋਲੀ !

-ਵਕਫ਼ਾ-

ਘਰ, ਘਰ : ਰੁੱਖ !
ਨਗਰ, ਪਿੰਡ : ਜੰਗਲ !
ਤਕੜੇ ਦਾ ਹੀ, ਸੱਤੀਂ ਵੀਹੀਂ
ਏਸ ਯੁੱਗ ਵਿਚ ਸੌ ਬਣਦਾ ਹੈ।
ਮਾੜਾ ਅੱਜ ਵੀ, ਸੌ ਕਮਾ ਕੇ,
ਮਨਫ਼ੀ ਕੁਝ ਵਿਚ ਨਿੱਤ ਚੱਲਦਾ ਹੈ !

-ਵਕਫ਼ਾ-



Final dummy

ਪਾਗ਼ਲਖ਼ਾਨਾ !

*ਪਿਛੋਕੜ 'ਚੋਂ ਆਵਾਜ਼ਾਂ ਆਉਂਦੀਆਂ ਹਨ :*

**ਆਵਾਜ਼ਾਂ**

ਇਲਮਸਤਾਨ !

**ਸੂਤਰਧਾਰ**

ਪਾਗਲਖ਼ਾਨਾ !

**ਆਵਾਜ਼ਾਂ**

ਗਿਆਨਸਤਾਨ !

**ਸੂਤਰਧਾਰ**

ਪਾਗ਼ਲਖ਼ਾਨਾ !

**ਆਵਾਜ਼ਾਂ**

ਅਕਲਸਤਾਨ !

**ਸੂਤਰਧਾਰ**

ਪਾਗ਼ਲਖ਼ਾਨਾ !

**ਆਵਾਜ਼ਾਂ**

ਹਿੰਦੋਸਤਾਨ !

**ਸੂਤਰਧਰ**

ਹਿੰਦੋਸਤਾਨ !

**ਆਵਾਜ਼ਾਂ**

ਜ਼ਿੰਦਾਬਾਦ !

**ਸੂਤਰਧਾਰ**

ਪਾਗ਼ਲਖ਼ਾਨਾ !



**ਆਵਾਜ਼ਾਂ**

ਜ਼ਿੰਦਾਬਾਦ !

*ਪਿਛੋਕੜ 'ਚੋਂ ਆਵਾਜ਼ਾਂ ਉੱਭਰਦੀਆਂ ਹਨ। ਸੂਤਰਧਾਰ ਸੰਤੋਸ਼ ਨਾਲ ਏਧਰ ਓਧਰ ਵੇਖਦਾ ਹੈ।*

**ਆਵਾਜ਼ਾਂ**

ਪਾਗ਼ਲਖ਼ਾਨਾ : ਜ਼ਿੰਦਾਬਾਦ !
ਹਿੰਦੋਸਤਾਨ : ਜ਼ਿੰਦਾਬਾਦ !
ਜ਼ਿੰਦਾਬਾਦ, ਜ਼ਿੰਦਾਬਾਦ, ਜ਼ਿੰਦਾਬਾਦ ...

**–ਫ਼ੇਡ ਆਊਟ–**

ਮੰਚ ਉੱਤੇ ਅਨ੍ਹੇਰਾ ਹੈ। ਸਪਾਟਲਾਈਟ ਅੱਖ ਬਣੀ ਹੌਲੀ ਹੌਲੀ ਮੰਚ ਦਾ ਜਾਇਜ਼ਾ ਲੈਂਦੀ ਹੈ। ਮੰਚ ਉੱਤੇ ਮੁਕੰਮਲ ਖ਼ਾਮੋਸ਼ੀ ਹੈ। ਮੰਚ ਉੱਤੇ ਚੌਰਾਹੇ ਵਿਚ ਪਾਗ਼ਲਖ਼ਾਨੇ ਦਾ ਮਾਹੌਲ ਉਸਾਰਿਆ ਗਿਆ ਹੈ। ਵੱਖ ਵੱਖ ਪਾਗ਼ਲ ਕ੍ਰਮਵਾਰ ਮੂਕ ਅਭਿਨਯ ਦੀਆਂ ਮੁਦ੍ਰਾਵਾਂ ਪ੍ਰਸਤੁਤ ਕਰਦੇ ਤੇ ਫਿਰ ਆਪੋ ਆਪਣੀ ਥਾਂ ਸਥਿਰ ਹੋ ਜਾਂਦੇ ਹਨ। ਇਹ ਕਰਮ ਕੁਝ ਦੇਰ ਜਾਰੀ ਰਹਿੰਦਾ ਹੈ। ਮੰਚ ਉੱਤੇ ਹੌਲੀ ਹੌਲੀ ਫੈਲਦੇ ਚਾਨਣ ਦੇ ਨਾਲ ਪਾਗ਼ਲਾਂ ਅੰਦਰਲਾ ਸ਼ੋਰ ਲਾਵੇ ਵਾਂਗ ਫੁੱਟਦਾ, ਬਾਹਰ ਆ ਜਾਂਦਾ ਹੈ। ਇਹ ਇਕ ਨਾ ਸਮਝ ਆ ਸਕਣ ਵਾਲਾ ਸ਼ੋਰ ਹੈ, ਜੁ ਪਾਗ਼ਲਾਂ ਦੇ ਅੰਦਰ ਵੀ, ਬਾਹਰ ਵੀ ਤੇ ਚੌਰਾਹੇ ਵਿਚ ਵੀ ਹੈ। ਸਭ ਬੋਲ ਰਹੇ ਹਨ, ਸੁਣ ਕੋਈ ਨਹੀਂ ਰਿਹਾ। ਸਭ ਸੁਣ ਰਹੇ ਹਨ, ਬੋਲ ਕੋਈ ਨਹੀਂ ਰਿਹਾ। ਮੰਚ ਉੱਤੇ ਮੁਕੰਮਲ ਚਾਨਣ ਹੋ ਜਾਂਦਾ ਹੈ। ਪਾਗ਼ਲਾਂ ਦੀ ਖੁਸਰ ਫੁਸਰ, ਉੱਚੀ ਤੇ ਮੱਧਮ ਵਾਰਤਾਲਾਪ, ਅਤੇ ਮੌਨ ਕ੍ਰਮਵਾਰ ਜਾਰੀ ਰਹਿੰਦੇ ਹਨ। ਪਿਛੋਕੜ 'ਚੋਂ ਖ਼ਤਰੇ ਦੀ ਘੰਟੀ ਤੇ ਸਾਇਰਨ ਕਦੀ ਉੱਚੀ, ਕਦੀ ਹੌਲੀ, ਮੁੱਢ ਤੋਂ ਹੀ ਲਗਾਤਾਰ ਵੱਜਦੇ ਰਹਿੰਦੇ ਹਨ। ਪਾਗ਼ਲਾਂ ਦੀ ਗਿਣਤੀ ਚਾਰ ਤੋਂ ਵਧੇਰੇ ਚਾਹੀਦੀ ਹੈ, ਤਾਂਕਿ ਬਾਕੀ ਦੇ ਮੂਕ ਅਭਿਨਯ ਜਾਰੀ ਰੱਖ ਸਕਣ।

ਪਾਗ਼ਲ-1 : ਇੰਜ ਕਦੇ ਨਹੀਂ ਵੱਜੀ ਘੰਟੀ ...

ਪਾਗ਼ਲ-2 : ਟੱਲੀਆਂ ਖੜਕ ਗਈਆਂ ...

ਪਾਗ਼ਲ-3 : ਟਨ ਟਨ ਟਨ, ਟਨ ਟਨ ਟਨ ...

*ਮੂੰਹ 'ਚੋਂ ਸਾਇਰਨ ਦੀ ਆਵਾਜ਼ ਕੱਢਦਾ, ਏਧਰ ਓਧਰ ਭੱਜਦਾ ਹੈ।*

ਪਾਗ਼ਲ-4 : ਆਪਣੇ ਅੰਦਰ ਆਪਣਾ ਮਨ ...

ਪਾਗ਼ਲ-3 : ਟਨ ਟਨ ਟਨ,
ਟਨ ਟਨ ਟਨ ...

ਪਾਗ਼ਲ-1 : ਘਰ ਘਰ ਦੇ ਵਿਚ, ਅੱਗ ਸੁਲਗ ਪਈ,

ਪਾਗ਼ਲ-2 : ਦਾਵਾਨਲ ਬਣਿਆ ਇਹ ਵਣ



Final dummy

ਪਾਗ਼ਲ-3 : ਟਨ ਟਨ ਟਨ, ਟਨ ਟਨ ਟਨ ...

ਪਾਗ਼ਲ-4 : ਆਪੇ ਲਾਈ, ਕੌਣ ਬੁਝਾਵੇ ?

ਪਾਗ਼ਲ-1 : ਜੋ ਬੁਝਾਵੇ, ਸੋਈ ਪਾਵੇ ...

ਪਾਗ਼ਲ-2 : ਅੰਦਰ ਦੀ ਅੱਗ, ਅੰਦਰੇ ਸੁਲਗੇ ...
ਭੜਕ ਪਵੇ, ਤਾਂ ...
ਆਪੂੰ ਤਾਂ ਜਲਣਾ ਹੀ ਹੋਇਆ,
ਇਹ ਸਾਰਾ ਸੰਸਾਰ ਜਲਾਵੇ।

ਪਾਗ਼ਲ-3 : ਟਨ ਟਨ ਟਨ, ਟਨ ਟਨ ਟਨ ...
... ... ... ...

ਪਾਗ਼ਲ-4 : ਖ਼ਤਰੇ ਦੀ ਘੰਟੀ ਪਈ ਵੱਜੇ ...

ਪਾਗ਼ਲ-3 : ਟਨ ਟਨ ਟਨ, ਟਨ ਟਨ ਟਨ ...

ਪਾਗ਼ਲ-4 : ਹਰ ਕੋਈ, ਵੇਖ ਰਿਹਾ ਹਰ ਘਰ ਨੂੰ,
ਹਰ ਕੋਈ, ਆਪਣਾ ਆਪ ਨਿਹਾਰੇ।

ਪਾਗ਼ਲ-1 : ਵਿਚ ਸਾਗਰ ਦੇ, ਨੇੜੇ ਨੇੜੇ,
ਹੁੰਦੇ ਹੋਏ ਵੀ, ਦੂਰ ਦੂਰ ਹਨ,
ਟੁੱਟੇ ਫੁੱਟੇ, ਟਾਪੂ ਸਾਰੇ।
ਆਪਣੇ, ਅੰਦਰ ਬਾਹਰ ਝੂਰਨ,
ਲੱਟ ਲੱਟ ਬਲਦੇ, ਕੱਲੇ ਕਾਰੇ।

ਪਾਗ਼ਲ-3 : ਟਨ ਟਨ ਟਨ, ਟਨ ਟਨ ਟਨ ...
ਖ਼ਤਰੇ ਦਾ ਸਾਇਰਨ ਪਿਆ ਵੱਜੇ

*ਸਾਇਰਨ ਦੀ ਆਵਾਜ਼ ਕੱਢਦਾ, ਏਧਰ, ਓਧਰ ਦੌੜਦਾ ਹੈ।*

ਪਾਗ਼ਲ-2 : ਕਾਰਾਂ ਵਿਚ, ਵਲੇ ਹਨ ਪ੍ਰਾਣੀ।
ਗਰਭ-ਜੂਨ ਵਿਚ—
ਜਨਮ ਹੋਣ ਤੋਂ,
ਪਹਿਲਾਂ ਮੁੱਕ ਗਈ, ਕੋਈ ਕਹਾਣੀ।

ਪਾਗ਼ਲ-3 : ਟਨ ਟਨ ਟਨ, ਟਨ ਟਨ ਟਨ ..
ਟਨ ਟਨ ਟਨ, ਟਨ ਟਨ ਟਨ ...

ਪਾਗ਼ਲ-1 : ਪਾਗ਼ਲਾਂ ਵਾਂਗੂੰ, ਸੋਚ ਰਹੇ ਹੋ,
ਪਾਗ਼ਲ, ਕਦੇ ਕੀ ਫ਼ਲਸਫ਼ੀ ਬਣਦਾ ?



Final dummy

ਪਾਗ਼ਲ-2 : ਭੁੱਖਾਂ, ਦੁੱਖਾਂ, ਕਲ੍ਹਾ ਕਲੇਸ਼ਾਂ—
ਅੜਾਂ, ਥੁੜਾਂ, ਨਫ਼ਰਤ ਤੇ ਵੰਡੀਆਂ,
ਵਿੱਚੇ ਵਿਚ, ਨਿਜ਼ਾਮ ਨਿੱਘਰਿਆ।

-ਵਕਫ਼ਾ-

ਪਾਗ਼ਲ, ਜੀਵਨ,
ਪਾਗ਼ਲ, ਸੋਚਣ,
ਪਾਗ਼ਲ-3 : ਪਾਗ਼ਲਾਂ ਦੇ ਹੱਥ, ਸੱਤਾ ਆਈ।
ਪਾਗ਼ਲ-1 : ਇਹ ਨਿਜ਼ਾਮ ਤਾਂ ਪਾਗ਼ਲ ਜਣਦਾ।
ਪਾਗ਼ਲ-2 : ਹਲਕੇ ਕੁੱਤੇ, ਚਾਰ ਚੁਫੇਰੇ।
ਪਾਗ਼ਲ-1 : ਸਹਿਮ 'ਚ ਵਿਚਰਨ, ਪ੍ਰਾਣੀ ਘੇਰੇ।
ਪਾਗ਼ਲ-4 : ਥਾਂ ਪਰ ਥਾਂ ਤੋਂ ਬੁਰਕੇ ਹੋਏ,
ਰਕਤਬੀਜ ਜਿਉਂ ਜੰਮਣ ਪਾਗ਼ਲ,
ਰੱਤ ਇਨ੍ਹਾਂ ਦੀ, ਜਿੱਥੇ ਚੋਏ।
ਪਾਗ਼ਲ-3 : ਟਨ ਟਨ ਟਨ, ਟਨ ਟਨ ਟਨ ...
ਚਾਰੇ ਪਾਗ਼ਲ (ਇਕੱਠੇ) : ਖ਼ਤਰੇ ਦਾ ਸਾਇਰਨ ਪਿਆ ਵੱਜੇ
ਟਨ ਟਨ ਟਨ, ਟਨ ਟਨ ਟਨ ...

*ਸਾਇਰਨ ਦੀਆਂ ਆਵਾਜ਼ਾਂ ਮੂੰਹਾਂ ਵਿਚੋਂ ਕੱਢਦੇ ਏਧਰ ਓਧਰ ਦੌੜਦੇ ਹਨ। ਬਾਕੀ ਪਾਗ਼ਲ ਵੀ ਨਾਲ ਸ਼ਾਮਲ ਹੋ ਜਾਂਦੇ ਹਨ। ਦਾਇਰੇ ਵਿਚ ਅੱਗੜ ਪਿੱਛੜ ਘੁੰਮਦੇ ਹਨ*

**-ਫ਼ੇਡ ਆਊਟ-**



ਮੰਚ 'ਤੇ ਅਨ੍ਹੇਰਾ ਹੈ। ਮੰਚ 'ਤੇ ਉਸਾਰੇ ਚੌਕ ਵਿਚ ਪ੍ਰੀਤ-ਕਥਾਵਾਂ ਦੇ, ਲੋਕ-ਨਾਇਕਾਂ ਦੇ ਦੁਖਾਂਤ ਨੂੰ ਪ੍ਰਤੀਕਾਤਮਕ ਢੰਗ ਨਾਲ ਸਿਰਜਿਆ ਗਿਆ ਹੈ। ਪਿਛੋਕੜ 'ਚੋਂ ਲੋਕ-ਗੀਤ ਹੀਰ ਦੀਆਂ ਧੁਨਾਂ ਉੱਭਰ ਰਹੀਆਂ ਹਨ। ਰੌਸ਼ਨੀ ਹੁੰਦੀ ਹੈ, ਤਾਂ ਹੀਰ-ਗਾਇਕ ਵਾਰਸ ਸ਼ਾਹ ਦੇ ਰੂਪ ਵਿਚ ਪ੍ਰਗਟ ਹੋ ਕੇ, ਹੇਠ ਲਿਖਿਆ ਗੀਤ ਹੀਰ ਵਾਂਗ ਗਾਉਂਦਾ ਹੈ।

ਬੈਠੇ ਕੱਚ ਦੇ ਕੋਠਿਆਂ ਵਿਚ ਬੰਦੇ
ਪੱਥਰ ਖਾਣ ਦਾ ਭੈ ਪਏ ਪਾਲਦੇ ਨੇ

ਜੰਗ ਅੰਦਰ ਤੇ ਬਾਹਰ ਵਿਚਕਾਰ ਲੱਗੀ
ਜ਼ਿੰਦਗੀ ਛਿਣ ਛਿਣ, ਗਿਣ ਗਿਣ ਟਾਲਦੇ ਨੇ

ਅੰਦਰ ਡੋਬਿਆ ਸੂਰਜੇ ਆਪਣੇ ਨੂੰ
ਕੱਲੇ ਕੱਲੇ ਇਹ ਕੀ ਪਏ ਭਾਲਦੇ ਨੇ

ਰਸਤੇ ਨਜ਼ਰ ਤੋਂ ਬਾਝ ਨਾ ਨਜ਼ਰ ਆਉਂਦੇ
ਦੀਦੇ ਹੰਝੂਆਂ ਵਿਚ ਪਏ ਗਾਲਦੇ ਨੇ

ਜੀਂਦੇ ਉਹ ਜੁ ਮੇਲਦੇ ਉਫ਼ਕ ਨੈਣੀਂ
ਸਮਾਂ ਪਕੜ ਕੇ ਕੋਲ ਬਹਾਲਦੇ ਨੇ

ਬਾਕੀ ਭੋਗਦੇ ਭੁਗਤਦੇ ਭੱਠ ਤਪਦਾ
ਟੁੱਟੇ ਆਪੇ 'ਚ ਟੋਟਿਆਂ ਨਾਲ ਦੇ ਨੇ।

**-ਫ਼ੇਡ ਆਊਟ-**

*ਪਿਛੋਕੜ 'ਚੋਂ ਟਰੈਫਿਕ ਦਾ ਸ਼ੋਰ ਇਕ ਸਿਖਰ ਤੇ ਪਹੁੰਚ ਕੇ ਖ਼ਾਮੋਸ਼ ਹੋ ਜਾਂਦਾ ਹੈ। ਮੰਚ ਉੱਤੇ ਸਪਾਟਲਾਈਟ ਸੂਤਰਧਾਰ ਨੂੰ ਇਕ ਮਲੰਗ ਕਵੀ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਕਰਦੀ ਹੈ।*

**ਸੂਤਰਧਾਰ**

ਕਵੀ ਖੜ੍ਹੇ ਹਨ ਵਿਚ ਚੌਰਾਹੇ,
ਬੁੱਧੀਜੀਵੀ ਪਏ ਕੁਰਾਹੇ।
ਇਸ ਦਲਦਲ ਵਿਚ ਹਰਕਤ ਕਰਦਾ,
ਹਰ ਕੋਈ ਹੇਠਾਂ ਧਸਦਾ ਜਾਵੇ।
ਕਦਮ ਕਦਮ ਵਿਚ, ਉਹੀ ਪੈੜਾਂ,
ਪੈੜਾਂ ਉੱਤੇ, ਬਾਰ ਬਾਰ ਹਨ, ਕਦਮ ਉਹੀ—
ਹਰ ਕੋਈ, ਖ਼ੁਦ ਨੂੰ ਮਿੱਧ ਰਿਹਾ,
ਭਰਮ ਤੁਰਨ ਦਾ, ਭੁਗਤ ਰਿਹਾ।
ਜਿਊਂਦਾ ਜੀ ; ਜੀ, ਮਰ ਰਿਹਾ।
ਵੱਖ ਵੱਖ ਸ਼ੀਸ਼ੇ, ਅਕਸ ਨੇ ਵੱਖ ਵੱਖ—
ਹਰ ਸ਼ੀਸ਼ੇ, ਇਕ ਸੱਚ ਭਇਆ।
ਕੈਸਾ ਇਹ ਚੌਰਾਹਾ, ਹਰ ਕੋਈ,
ਭੈ, ਭਰਮ ਵਿਚ, ਵਿਚਰ ਰਿਹਾ।

**–ਫ਼ੇਡ ਆਊਟ–**



ਮੰਚ ਉਤਲੇ ਚੌਕ ਵਿਚ ਕਵੀ ਦਰਬਾਰ ਲਈ ਸਟੇਜ ਸਜੀ ਹੋਈ ਹੈ। ਵਿਚਕਾਰ ਇਕ ਵੱਡੀ ਸ਼ਮ੍ਹਾਂ ਤੇ ਏਧਰ ਓਧਰ ਹੋਰ ਸ਼ਮ੍ਹਾਂ ਰੌਸ਼ਨ ਹਨ। ਕਵੀ ਅਰਧ-ਚੱਕਰ ਵਿਚ ਬੈਠੇ ਹਨ ਤੇ ਵਿਚਕਾਰ ਇਕ ਮਾਈਕਰੋਫੋਨ ਹੈ। ਸੇਵਾਦਾਰ ਕੂਜੇ ਦੀ ਮਿਸ਼ਰੀ, ਹਰੀਆਂ ਲੈਚੀਆਂ, ਡਰਾਈ ਫਰੂਟ ਤੇ ਜਾਮ ਵਰਤਾ ਰਹੇ ਹਨ। ਚੰਬੇ ਦੀਆਂ ਕਲੀਆਂ ਅਤੇ ਧੂਫ਼ ਦੀ ਮਹਿਕ ਤੋਂ ਬਿਨਾਂ ਸਪਰੇ ਪਰਫ਼ਿਊਮ ਦੀ ਖ਼ੁਸ਼ਬੂ ਵੀ ਆ ਰਹੀ ਹੈ। ਜਿਸ ਕਵੀ ਦੇ ਬੋਲਣ ਦੀ ਵਾਰੀ ਹੁੰਦੀ ਹੈ, ਸ਼ਮ੍ਹਾਂ ਉਸ ਦੇ ਅੱਗੇ ਸਰਕਾ ਦਿੱਤੀ ਜਾਂਦੀ ਹੈ ਅਤੇ ਪਿਛੋਕੜ 'ਚੋਂ ਮੰਚ-ਸਕੱਤਰ ਜਾਂ ਅਨਾਊਂਸਰ ਦੀ ਆਵਾਜ਼ ਵੀ ਸੁਣਾਈ ਦਿੰਦੀ ਹੈ ਕਿ ਹੁਣ ਫਲਾਂ ਕਵੀ ਆਪਣਾ ਕਲਾਮ ਪੇਸ਼ ਕਰਨਗੇ। 'ਮੁਲਾਹਜ਼ਾ ਫਰਮਾਈਏ', 'ਇਰਸ਼ਾਦ', 'ਮੁਕੱਰਰ', 'ਅਰਜ਼ ਹੈ' ਆਦਿ ਸ਼ਬਦਾਂ ਦੀ ਵਰਤੋਂ, ਪਿਛੋਕੜ 'ਚੋਂ ਸੁਣਾਈ ਦੇਣ ਵਾਲੀ ਦਾਦ ਤੇ ਹੂਟਿੰਗ, ਕਵੀਆਂ ਵਲੋਂ ਸ਼ਿਅਰਾਂ ਦੇ ਦੁਹਰਾ ਅਤੇ ਤਰੱਨਮ ਆਦਿ ਦੀ ਵਰਤੋਂ ਮੰਚ ਉੱਤੇ ਕਵੀ ਦਰਬਾਰ ਦਾ ਮਾਹੌਲ ਬੰਨ੍ਹਦੀ ਹੈ। ਕਵੀ ਦਰਬਾਰ ਦਾ ਆਰੰਭ ਬਦੇਸ਼ੋਂ ਆਇਆ ਇਕ ਪਰਵਾਸੀ ਕਵੀ ਕਰਦਾ ਹੈ, ਜਿਸ ਦੇ ਕਵਿਤਾ-ਪਾਠ (ਤਰੱਨਮ ਵਿਚ) ਦੇ ਦੌਰਾਨ ਹੀ ਕੋਈ ਬੋਲ ਕੱਸਦਾ ਹੈ : "ਜਵਾਨੀ ਮੇਮਾਂ ਦੁਆਲੇ ਚੱਕਰ ਕੱਢਦਿਆਂ ਖੋਰ ਦਿੱਤੀ, ਅਤੇ ਹੁਣ ਬੁੱਢੇ ਵਾਰੇ ਦੇਸ਼ 'ਚੋਂ ਜੜ੍ਹਾਂ ਲੱਭਣ ਆਇਆ...ਦਿਓ ਓਏ ਇਹਨੂੰ ਜੜ੍ਹਾਂ...ਜੜ੍ਹਾਂ 'ਚ ਤੇਲ... !" ਇਹ ਨਿਰਦੇਸ਼ਕ ਦੀ ਕਲਪਨਾ ਤੇ ਨਿਰਭਰ ਹੈ ਕਿ ਉਸ ਨੇ ਕਿਵੇਂ ਕਵੀ ਦਰਬਾਰ ਦਾ ਸਜ਼ਿੰਦ, ਪੁਰਅਸਰ ਤੇ ਦਿਲਚਸਪ ਮਾਹੌਲ ਬੰਨ੍ਹਣਾ ਹੈ। ਜ਼ਰੂਰੀ ਹੋਵੇ ਤਾਂ ਕਿਸੇ ਨੂੰ ਮੰਚ-ਸਕੱਤਰ ਤੇ ਪ੍ਰਧਾਨ ਵੀ ਬਣਾਇਆ ਜਾ ਸਕਦਾ ਹੈ। ਇਹ ਸਭ ਸੁਝਾਅ ਹਨ। ਮੌਕੇ ਮੁਤਾਬਕ ਨਿਰਣਾ ਨਿਰਦੇਸ਼ਕ * ਨੂੰ ਖ਼ੁਦ ਕਰਨਾ ਪਵੇਗਾ।

* ਨਿਰਦੇਸ਼ਕ ਜੇ ਯੋਗ ਸਮਝੇ ਤਾਂ ਇਨ੍ਹਾਂ ਕਵਿਤਾਵਾਂ ਦੀ ਤਰਤੀਬ ਬਦਲ ਸਕਦਾ ਹੈ। ਮੰਚ ਅਤੇ ਦਰਸ਼ਕਾਂ ਦੀ ਲੋੜ ਤੇ ਸੀਮਾਂ ਅਨੁਸਾਰ ਇਨ੍ਹਾਂ ਕਵਿਤਾਵਾਂ ਦੀ ਗਿਣਤੀ ਘਟਾਈ ਤੇ ਜਾਂ, ਮੇਰੇ ਕਾਵਿ-ਸੰਗ੍ਰਹਿਆਂ 'ਚੋਂ ਨਾਟਕ ਦੇ ਵਿਸ਼ੇ ਵਸਤੂ ਨਾਲ ਸੰਬੰਧਤ ਹੋਰ ਕਵਿਤਾਵਾਂ ਲੈ ਕੇ, ਵਧਾਈ ਜਾ ਸਕਦੀ ਹੈ। ਮੇਰੇ ਸਮਕਾਲੀ ਕਵੀਆਂ ਸਤੀ ਕੁਮਾਰ, ਅਜਾਇਬ ਕਮਲ, ਗੁਰਮੇਲ, ਜਸਬੀਰ ਆਹਲੂਵਾਲੀਆ, ਸ.ਸ. ਮੀਸ਼ਾ, ਸੁਖਪਾਲਵੀਰ ਸਿੰਘ ਹਸਰਤ, ਜਗਤਾਰ, ਹਰਿਨਾਮ, ਮੋਹਨਜੀਤ, ਭਗਵੰਤ ਸਿੰਘ, ਸ਼ਿਵ ਕੁਮਾਰ ਆਦਿ ਨੂੰ ਸ਼ਾਕਸ਼ਾਤ ਰੂਪ ਵਿਚ ਤੇ ਜਾਂ ਪਾਤਰਾਂ ਦੀ ਯੋਗ ਮੇਕਅੱਪ ਦੁਆਰਾ ਮੰਚ ਉੱਤੇ ਪੇਸ਼ ਕੀਤਾ ਜਾ ਸਕਦਾ ਹੈ। ਇਹ ਜ਼ਰੂਰੀ ਹੈ ਕਿ ਉਨ੍ਹਾਂ ਦੀਆਂ ਕਵਿਤਾਵਾਂ, ਗਜ਼ਲਾਂ, ਅਗਜ਼ਲਾਂ ਤੇ ਗੀਤਾਂ ਦੀ ਚੋਣ 'ਚੌਕ ਨਾਟਕ' ਦੇ ਥੀਮਕੀ ਚੌਖਟੇ ਵਿਚ ਰਹਿ ਕੇ ਹੀ ਕੀਤੀ ਜਾਵੇ। ਦੇਸੋਂ ਏਡੀ ਦੂਰ ਬੈਠਿਆ ਹੋਣ ਕਰਕੇ, ਅਤੇ ਸਮਕਾਲੀ ਕਵੀਆਂ ਦੀ ਆਗਿਆ ਤੇ ਕਾਪੀ ਰਾਈਟ ਦੀ ਸਮੱਸਿਆ ਨੇ ਅਜਿਹਾ ਕਰਨ ਤੋਂ ਮੇਰੇ ਹੱਥ ਰੋਕ ਲਏ ਹਨ।

## ਪਰਵਾਸੀ ਕਵੀ

ਮੇਰੀ ਕਵਿਤਾ ਦਾ ਸਿਰਲੇਖ ਹੈ : "ਮਾਂ ਦਾ ਇਕ ਸਿਰਨਾਵਾਂ"

ਅੱਕ ਕੱਕੜੀ ਦੇ ਫੰਬੇ ਖਿੰਡੇ,
ਬਿਖਰੇ ਵਿਚ ਹਵਾਵਾਂ।
ਸ੍ਵੈ-ਪਹਿਚਾਣ 'ਚ ਉੱਡੇ, ਭਟਕੇ—
ਦੇਸ਼, ਦੀਪ, ਦਿਸ਼ਾਵਾਂ।

ਬਾਹਰੋਂ ਅੰਦਰ, ਅੰਦਰੋਂ ਬਾਹਰ—
ਭਟਕੇ ਚਾਨਣ, ਚਾਨਣ ਦਾ ਪਰਛਾਵਾਂ।
ਮਾਂ-ਬੋਲੀ 'ਚੋਂ ਮਮਤਾ ਢੂੰਡਣ,
ਤੜਪ ਰਹੇ ਬਿਨ ਮਾਵਾਂ।
ਮੰਗਦੀ ਹੈ ਪਹਿਚਾਣ ਇਨ੍ਹਾਂ ਦੀ,
ਅੱਜ ਜੜ੍ਹ ਦਾ ਸਿਰਨਾਵਾਂ।

ਜੜ੍ਹਾਂ ਵਾਲਿਓ ! ਜੜ੍ਹ ਦੇ ਸੁਫ਼ਨੇ,
ਲੱਥੇ ਵਿਚ ਖ਼ਲਾਵਾਂ।
ਮਾਂ-ਭੋਂ ਬਾਝੋਂ ਕਿੱਥੇ ਪੱਲ੍ਹਰਣ,
ਸਭ ਬੇਗਾਨੀਆਂ ਥਾਵਾਂ।
ਮੋਹ-ਮਾਇਆ ਦੇ ਕਈ ਸਿਰਨਾਵੇਂ,
ਮਾਂ ਦਾ ਇਕ ਸਿਰਨਾਵਾਂ।

## ਕਵੀ-1

ਮੇਰੀ ਕਵਿਤਾ ਦਾ ਸਿਰਲੇਖ ਹੈ : "ਮੇਰਾ ਆਤਮ-ਹੱਤਿਆ ਦਾ ਇਰਾਦਾ ਨਹੀਂ"

ਵਕਤ ਖੜ੍ਹ ਗਿਆ ਸੀ,
ਜਿਵੇਂ ਜਿਸਮ ਵਿਚ ਮੌਤ।
ਫਿਰ ਵੀ ਲੋਕੀਂ
ਭੱਜੇ ਜਾ ਰਹੇ ਸਨ, ਆਲੇ ਦੁਆਲੇ।
ਇਹ ਕਿਹਾ ਸ਼ਾਂਤ ਟਾਪੂ ਹੈ :
ਜਿੱਥੇ ਹਰ ਕਸ਼ਮਕਸ਼,



ਇਕ ਗੁੰਗੇ ਮੌਨ ਵਿਚ ਡੁੱਬ ਕੇ,
ਸਰਲ ਹੋ ਜਾਂਦੀ ਹੈ।

ਪ੍ਰਮਾਣੂ-ਦੌੜ,
ਜਨ-ਸੰਖਿਆ ਵਿਸਫੋਟ,
ਨਸਲੀ ਵਿਤਕਰੇ
ਤੇ ਢਿੱਡਾਂ ਵਕਾਰਾਂ ਦੀ ਟੱਕਰ ਵਿਚ ਬੱਝੇ
ਵਾਤਾਵਰਨ ਵਿਚ,
ਨਾ ਸੰਘਰਸ਼ ਦੀ ਲਾਲਸਾ ਮਰਦੀ,
ਨਾ ਸ਼ਾਂਤੀ ਦੀ ਇੱਛਾ।

ਕਦੇ ਕਦੇ ਜਦੋਂ ਸਮਾਂ,
ਸਾਹਾਂ 'ਚ ਖੜ੍ਹਦਾ ਜਾਪਦਾ ਹੈ,
ਤਾਂ ਜੀ ਕਰਦਾ ਹੈ ਕਿ ਆਪਣੇ ਅੰਦਰੋਂ,
ਘੁੱਟਿਆ ਵੱਟਿਆ, ਸਗਲਾ ਸਬੂਤਾ
ਪੌਣਾਂ ਵਿਚ ਮੁੱਠ ਵਾਂਗੂੰ ਖੁੱਲ੍ਹ ਜਾਵਾਂ।

ਮੇਰਾ ਆਤਮ-ਹੱਤਿਆ ਦਾ ਇਰਾਦਾ ਨਹੀਂ
ਪਰ ਮੈਨੂੰ ਮੇਰੀ ਸ਼ਾਂਤੀ ਦੇਵੋ।

## ਕਵੀ-2

ਮੇਰੀ ਕਵਿਤਾ ਦਾ ਸ਼ੀਰਸ਼ਕ ਹੈ : "ਠਹਿਰੇ ਹੋਏ ਕੈਪਸਿਊਲ"

ਟੁੱਟੇ ਹੋਏ ਲੋਕ,
ਸਬੂਤੀ ਗੱਲ ਕਰਦੇ ਹਨ।
ਸਬੂਤੇ ਲੋਕ, ਊਂਘ ਰਹੇ ਹਨ।

ਟੁੱਟੇ ਹੋਏ ਲੋਕਾਂ ਦਾ ਸਬੂਤਾਪਨ :
ਕੰਕਰ ਤੋਂ ਕੰਕਰ,
ਟੁਕੜੀ ਤੋਂ ਟੁਕੜੀ,
ਅਖੰਡ ਹੈ।

ਟੁੱਟੇ ਹੋਏ ਲੋਕ,
ਸਮੁੱਚਾ ਸਮੂਹ ਨਹੀਂ;
ਇਕਾਈ,
ਇਕਾਈ,
ਦੀ ਅਨੇਕਤਾ ਹਨ।
ਖੰਡ,
ਖੰਡ,
ਏਕਤਾ ਹਨ।
ਟੁੱਟੇ ਹੋਏ ਲੋਕ,
ਸੂਈ ਦੀ ਨੋਕ 'ਤੇ
ਪਲ ਪਲ, ਛਿਣ ਛਿਣ,
ਬਣਦਾ ਮਿਟਦਾ,
ਮਿਟਦਾ ਬਣਦਾ—
ਤ੍ਰੇਲ ਦਾ ਕਤਰਾ ਹਨ।

ਸਬੂਤੇ ਲੋਕ,
ਵਗਦੇ ਦਰਿਆ ਵਿਚ,
ਝੀਲ ਵਾਂਗ ਥਿਰ ਹਨ।
ਵਾਤਾਵਰਣ ਵਿਚ ਤਣਾ ਹੈ,
ਗਲੋਬ ਫਟ ਰਿਹਾ ਹੈ।
ਸਬੂਤੇ ਲੋਕ,
ਕਿਉਂ ਤਣਨ ?

ਸਬੂਤੇ ਲੋਕ,
ਕੈਪਸਿਊਲਾਂ ਵਿਚ ਬੰਦ,
ਨਿਰੰਤਰ ਚੱਲਦੇ ਸਮੇਂ ਵਿਚ—
ਠਹਿਰ ਗਏ ਹਨ।

## ਕਵੀ–3

ਮੇਰੀ ਕਵਿਤਾ ਦਾ ਸਿਰਲੇਖ ਹੈ : * "ਜੈਨਸ–ਸੋਚ"

* ਜੈਨਸ – JANUS



Final dummy

ਸਾਗਰ ਸਾਰਾ ਚੁੱਕ ਕੇ ਲੈ ਗਏ
ਬੇੜੀਆਂ ਅਤੇ ਮੱਲਾਹ।
ਮੱਛੀਆਂ ਨੂੰ ਤੜਫਣ ਦੀ ਇੱਛਾ
ਤੇ ਜੀਵਨ ਦੀ ਚਾਹ।

ਰਾਹਾਂ ਨੂੰ ਅੰਤਾਂ ਦੀ ਸੀਮਾਂ,
ਨਜ਼ਰਾਂ ਸਦਾ ਬੇਅੰਤ।
ਹੱਦੋਂ ਪਾਰ ਦਿਸਹੱਦੇ ਦਿਸਦੇ
ਤੇ ਕੁਕਨੂਸੀ ਜੰਤ।

ਸ਼ੀਸ਼ੇ ਵਿਚਲਾ ਚਿਹਰਾ ਸਿਰਜੇ,
ਸ਼ੀਸ਼ੇ ਦੇ ਵਿਚ ਜਲ।
ਮੇਰੇ ਅੰਦਰ ਰੇਤ ਕਿਰੇ ਪਈ,
ਉੱਸਰ ਆਇਆ ਥਲ।

ਸ਼ਬਦਾਂ ਵਿਚ ਸੱਭਿਅਤਾ ਦੀ ਵਾਣੀ,
ਅਰਥਾਂ ਵਿਚ ਬਰਬਾਦੀ।
ਵਿਕਾਸ ਵਿਨਾਸ਼ ਦੀ ਟੱਕਰ ਦੇ ਵਿਚ,
ਕੈਸੀ ਸ਼ਾਂਤ ਸਮਾਧੀ।

ਇਕ ਦਰਵਾਜ਼ੇ ਬਰਫ਼ ਦੀ ਬਰਖਾ,
ਦੂਜੇ ਵਰ੍ਹਦੀ ਅੱਗ।
ਵਿਚ ਜਲੇ ਜੈਨਸ ਦੀ ਜੋਤੀ :
ਮੈਂ ਵਿਚ ਮੇਰਾ ਜੱਗ।

## ਕਵੀ–4

ਮੇਰੀ ਕਵਿਤਾ ਦਾ ਸਿਰਲੇਖ ਹੈ : "ਜ਼ੀਰੋ–ਖੇਤਰ"

ਇਸ ਬਿੰਦੂ ਤੋਂ, ਉਸ ਬਿੰਦੂ ਤਕ,
ਸੁਕੜ ਗਈ ਲੋਕਾਈ,
ਫਿਰ ਵੀ ਇਕ ਤੋਂ ਇਕ ਦੀ ਵਿਥ, ਤਾਂ,
ਮਿਟਦੀ ਨਹੀਂ, ਮਿਟਾਈ।



Final dummy

ਸੂਰਜ ਕਿੰਜ ਚੰਦਰਮਾਂ ਬਣ ਜਾਏ ?
ਚੰਦਰਮਾਂ ਕਿੰਜ ਤਾਰੇ ?
ਰੰਗ, ਸੁਗੰਧ, ਰੂਪ ਬਾਗ਼ਾਂ ਦੇ,
ਫੁਲ ਤੋਂ ਫੁਲ ਵਿਚ ਖਾਈ।

ਸ਼ਹਿਰ ਗਿਰਾਂ ਤੇ ਦੇਸ ਦਸੌਰੀਂ,
ਪੱਥਰਾਈਆਂ ਅੱਖਾਂ ਵਿਚ ਸੁਫ਼ਨੇ—
ਪੱਥਰ ਚੱਟੇ, ਮੁੜ ਮੁੜ ਚੱਟੇ,
ਹਰ ਮਛਲੀ ਤ੍ਰਿਸ਼ਨਾਈ।

ਇੱਕੋ ਵਕਤ ਅਗਨ ਤੇ ਬਰਖਾ,
ਇੱਕੋ ਵਕਤ ਬਰਫ਼ ਤੇ ਧਾਰਾ,
ਸੱਤਾ ਖ਼ੁਦ ਕਾਨੂੰਨ-ਭੰਗ ਹੈ—
ਮਾਨਵ ਖ਼ਾਨਾਜੰਗੀ ਲਾਈ।

ਵਾਟਾਂ ਦੇ ਮੂੰਹ ਗੋਰਖ-ਧੰਦਾ,
ਪੈਰਾਂ ਅੱਗੇ ਕਿੱਲ, ਅੰਗਿਆਰੇ,
ਚਿੰਤਨ ਵਿਚ ਵਿਰੋਧੀ ਖਿੱਚਾਂ,
ਜ਼ੀਰੋ-ਖੇਤਰ, ਨਿਰੀ ਖ਼ਲਾਅ ਹੀ।

## ਕਵੀ-5

ਮੈਂ “ਕੁਝ ਖ਼ਿਆਲ” ਅਰਜ਼ ਕਰਾਂਗਾ ਜੀ ਤਾਕਿ ਮਾਹੌਲ ਵਿਚ ਚੜ੍ਹਦੀ ਕਲਾ ਪੈਦਾ ਹੋ ਸਕੇ।

ਸ਼ਬਦ ਨੂੰ, ਸੰਕੋਚ ਦਾ ਹੀਲਾ ਦਿਓ।
ਅਰਥ ਨੂੰ, ਬ੍ਰਹਿਮੰਡ ’ਤੇ ਫੈਲਾ ਦਿਓ।

ਚੁੱਪ ਦੇ ਬੋਲਾਂ ’ਚ ਅੱਥਰਾ ਜ਼ੋਰ ਹੈ,
ਚੁੱਪ ਨੂੰ, ਹੁਣ ਹਰ ਗੱਲ ਸਮਝਾ ਦਿਓ।

ਸ਼ੋਰ ਕੇਵਲ ਸ਼ੋਰ ਹੈ, ਵਿੱਦਰੋਹ ਨਹੀਂ,
ਝੰਜੋੜ ਕੇ, ਹਰ ਆਤਮਾਂ ਜਗਾ ਦਿਓ



ਸੁੰਗੜਿਆ ਬੈਠਾ ਹੈ, ਨ੍ਹੇਰੇ ਵਿਚ ਕਿਉਂ ?
ਆਦਮੀ ਨੂੰ ਸੂਰਜੀ ਬਣਾ ਦਿਓ।

## ਕਵੀ-6

ਮੇਰੀ ਕਵਿਤਾ ਹੈ : “ਨਾਇਕ-ਹੀਣ ਯੁੱਗ”।

ਹੁਣੇ ਹੀ ਗਿਰਜੇ ’ਚੋਂ ਇਕ ਬਿੰਬ ਉੱਭਰਿਆ ਸੀ
ਅਤੇ ਕੁਝ ਕਰਨ ਦੀ ਇੱਛਾ—
ਐਵੇਂ ਗੱਲ ਸੀ,
ਇਸ ਸਦੀ ਦਾ ਹਰ ਇਨਸਾਨ ‘ਈਸਾ’ ਹੈ।
ਜਦ ਤਕ ਤਨ ਹੈ,
ਭੁੱਖ ਹੈ, ਦੁੱਖ ਹੈ—
ਅੰਤਮ ਦਮ ਤਕ ਪੂਰੇ ਮਨ ਨਾਲ,
ਆਪਾ ਮਾਰਨ ਵਿਚ ਹੀ ਸੁੱਖ ਹੈ।
ਕਿਸ ਨੂੰ ਵਿਹਲ ਹੈ,
ਸਲੀਬਾਂ ਦੀ ਭੀੜ ਅੰਦਰ ਝਾਤ ਮਾਰੇ ?
ਕਿਸ ਨੂੰ ਵਿਹਲ ਹੈ,
ਇਤਿਹਾਸ ਦੇ ਪੰਨਿਆਂ ’ਤੇ,
ਨਾਇਕ ਦੀ ਥਾਂ ਭੀੜ ਦਾ ਵਰਣਨ ਕਰੇ ?
ਈਸਾ ਦਾ ਜ਼ਮਾਨਾ ਹੋਰ ਸੀ,
ਦੁਨੀਆਂ ਨੂੰ ਇਕ ਨਾਇਕ ਦੀ ਲੋੜ ਸੀ
ਤੇ ਲੱਕੜ ਦੀ ਸਲੀਬ ਨੂੰ
ਇਕ ਜਿਊਂਦੇ ਜਾਗਦੇ ਜਿਸਮ ਦੀ।
ਰੋਮਨ ਸਾਮਰਾਜ ਨਾਲ
ਇਤਿਹਾਸ ਦਾ ਸਮਝੌਤਾ—
ਕਿ ਇਨਸਾਨ ਇਸ ਯੁੱਗ ਵਿਚ ਵੀ
ਸਲਤਨਤ ਤੋਂ ਬਿਨਾ,
ਇਕ ਵਾਰ ਸਭ ਦਾ ਨਾਇਕ ਬਣੇ।
ਅੱਜ ਜ਼ਮਾਨਾ ਹੋਰ ਹੈ,
ਮਾਰਟਨ ਲੂਥਰ ਕਿੰਗ ਮਰ ਗਿਆ ਹੈ—
ਕੁਝ ਦੇਰ ਉਹਦੇ ਨਾਮ ਦੀ ਗੱਲ ਤੁਰੇਗੀ
ਤੇ ਫਿਰ ਬਸ,

ਉਹ ਈਸਾ ਨਹੀਂ ਬਣੇਗਾ।
ਪਰ ਉਹ ਜੁ ਗੁਮਨਾਮ ਮਰ ਰਹੇ ਹਨ,
ਉਸ ਦੇ ਹੀ ਕਾਲੇ ਭਰਾ, ਲਗਾਤਾਰ,
ਉਨ੍ਹਾਂ ਦੀ ਇਤਿਹਾਸ ਕੋਲ ਕੋਈ ਪਰਿਭਾਸ਼ਾ ਨਹੀਂ।

ਮਨੁੱਖ ਦਾ ਮਸ਼ੀਨ,
ਨਾਇਕ ਦਾ ਸੰਸਦ ਭਵਨ ਦੀ ਭੀੜ,
ਤੇ ਆਤਮਾ ਦਾ ਪਦਾਰਥ ਵਿਚ ਬਦਲ ਹੋਇਆ ਹੈ।
ਇਹ ਭੀੜ ਦਾ ਯੁੱਗ ਹੈ,
ਕੀ ਸੋਚਦੇ ਹੋ ?
ਇਕੱਲੇ ਮਰੋਗੇ ?
ਮਰੋ,
ਕੁੱਤੇ ਦੀ ਮੌਤ ਮਰੋਗੇ।

**ਕਵੀ–7**

ਮੇਰੀ ਕਵਿਤਾ ਦਾ ਨਾਮ ਹੈ : "ਪਿਆਰੀਆਂ ਤੇ ਭਿਆਨਕ ਚੀਜ਼ਾਂ"।

ਰੁੱਖ, ਰੁੱਖ ਅੰਦਰ ਵੇਖਦਾ ਹੈ :
ਮਚਦਾ ਹੋਇਆ ਦਾਵਾਨਲ।
ਮਨੁੱਖ, ਮਨੁੱਖ ਅੰਦਰ ਵੇਖਦਾ ਹੈ :
ਭੂਤਰਿਆ ਜੰਗਲ ;
ਨਦੀ, ਨਦੀ ਅੰਦਰ,
ਮੈਂ, ਮੇਰੇ ਅੰਦਰ,
ਪਰਬਤ, ਪਰਬਤ ਅੰਦਰ,
ਸਮੁੰਦਰ ਤੇ ਅਕਾਸ਼,
ਤਪਦੇ ਮਾਰੂਥਲ ਸਭ,
ਆਪਣੇ ਆਪਣੇ ਅੰਦਰ, ਵੇਖਦੇ ਹਨ—

ਬਖੀਏ ਉਧੇੜ ਕੇ,
ਸਭ ਨੂੰ, ਪੁੱਠੇ ਉੱਧੜੇ ਕੋਟ ਵਾਂਗ,
ਟੰਗ ਦਿੰਦਾ ਹਾਂ, ਚਿੰਤਨ ਦੀ ਕਿੱਲੀ 'ਤੇ ;



ਖਿਝ ਕੇ ਆਪਣੀ ਹੋਂਦ ਤੋਂ,
ਤਾਂ ਵੀ ਨਹੀਂ ਹਟਦੀ, ਜੀਵਨ ਦੀ ਰਟ।

ਕਬਰ ਉੱਤੇ ਕੋਈ, ਫੁੱਲਾਂ ਦਾ ਬੂਟਾ ਜੰਮ ਪੈਂਦਾ ਹੈ।
ਹਾਦਸੇ ਨਾਲ, ਮਰ ਰਹੇ ਆਦਮੀ ਦੀ ਬਾਂਹ ਤੇ ਚੁੱਪ,
ਮਦਦ ਲਈ, ਪੁਕਾਰਦੇ ਹਨ।
ਕੁਚਲੇ ਹੋਏ ਕੁੱਤੇ ਦੀ ਲਾਸ਼,
ਮੈਨੂੰ ਆਪਣੇ ਕੁੱਤੇ ਨੂੰ ਸਦਾ ਲਈ ਬੰਨ੍ਹ ਕੇ ਰੱਖਣ ਦੀ,
ਰੱਖਿਆ-ਵਿਧੀ ਵਲਾਂ ਪ੍ਰੇਰਦੀ ਹੈ।
ਜਦੋਂ ਜ਼ਬਾਨ ਬੰਦ ਹੁੰਦੀ ਹੈ, ਤਾਂ
ਹੱਥਾਂ ਵਿਚ, ਕਲਮ ਆ ਜਾਂਦੀ ਹੈ।

ਖੰਡ-ਵਲ੍ਹੇਟੀਆਂ ਗੋਲੀਆਂ 'ਚ ਜ਼ਹਿਰ ਖਾਣ ਵਾਲੇ, ਅਸੀਂ–
ਕਿੰਨੀਆਂ ਪਿਆਰੀਆਂ ਤੇ ਭਿਆਨਕ ਚੀਜ਼ਾਂ ਦਾ ਅੰਗ ਪਾਲਦੇ ਹਾਂ,
ਹਰ ਸਮੇਂ, ਪਲ, ਪਲ, ਛਿਣ, ਛਿਣ।
ਹੁਣੇ ਜਿਸ ਬੀਜ ਨੂੰ ਮੈਂ ਤੋੜਿਆ ਸੀ,
ਬਾਹਰੀ ਸਖ਼ਤ ਛਿਲਕੇ ਤੋਂ ਲੈ,
ਅੰਦਰ ਦੀ ਨਰਮ ਗਿਰੀ ਤਕ,
ਲੋਹੇ ਦੇ ਹਥੌੜੇ ਨਾਲ ;
ਉਸ ਵਿਚ ਮੈਂ ਸਾਂ,
ਰੁੱਖ ਸੀ, ਛਾਂ ਸੀ,
ਨਦੀ ਸੀ, ਪਰਬਤ ਸੀ,
ਆਕਾਸ਼, ਵਿਸ਼ਵਾਸ ਤੇ ਪਿਆਰ ਸੀ ;
ਉਧੜੇ ਹੋਏ ਕੋਟ ਵਰਗੇ ਛਿਲਕੇ,
ਦੂਰ, ਦੂਰ, ਪਏ ਸਨ, ਕੱਚ ਦੇ ਟੁਕੜੇ।

ਪਰ ਫਿਰ ਵੀ ਪਤਾ ਨਹੀਂ ਕਿਉਂ,
ਸੱਚ ਵਰਗੀ ਹੋਂਦ ਜਿਊਂਦਿਆਂ,
ਮਨ, ਹਰ ਸਮੇਂ,
ਇਸ ਵਿੱਚੋਂ ਭਰਮ ਜਿਹਾ ਕੁਝ,
ਲੱਭਣ 'ਤੇ ਉਤਾਵਲਾ ਹੀ ਰਹਿੰਦਾ ਹੈ।

## ਕਵੀ–8

ਮੇਰੀ ਕਵਿਤਾ ਦਾ ਸ਼ੀਰਸ਼ਕ ਹੈ : "ਇਕੱਲ–ਕੈਦ"।

ਅੰਬਰ ਨੂੰ ਅੱਗ ਲਾ ਕੇ ਤੁਰੀਆਂ,
ਡੁੱਬਦੀਆਂ ਭਾਨ–ਸ਼ੁਆਵਾਂ।
ਜਿੱਧਰ ਵੇਖੋ ਬਰਫ਼ ਦਾ ਪਹਿਰਾ,
ਵਗਦੀਆਂ ਸੀਤ ਹਵਾਵਾਂ।

ਠਾਰ ਅੰਦਰ ਦੀ ? ਬਾਹਰ ਦਾ ਮੌਸਮ ?
ਭੇਦ ਸਮਝ ਨਾ ਆਏ।
ਆਪੇ ਨੂੰ ਭਰਮਾਵਣ ਲਈ, ਮਨ
ਬਰਫ਼ ਨੂੰ ਤੀਲ੍ਹੀ ਲਾਏ।

ਚਿੱਟੀ ਬਰਫ਼ ਤੇ ਕੋਰੇ ਮਨ 'ਤੇ,
ਹਰ ਰੰਗ ਪੈੜ ਬਣੇ।
ਬਰਫ਼ ਦੀ ਰੁੱਤੇ, ਜੋ ਰੁੱਤ ਆਵੇ,
ਸੱਜਰੀ ਪੀੜ ਜਣੇ।

ਅਬਰਕ ਵਾਂਗੂੰ ਝਰਦੀ ਅੰਬਰੋਂ,
ਪੈੜਾਂ ਉੱਤੇ ਪੈਂਦੀ।
ਬਰਫ਼ ਦੀਆਂ ਤਹਿਆਂ ਵਿਚ ਸਾਂਭੀ,
ਪੈੜ ਨਾ ਅੱਜ ਕੱਲ੍ਹ ਢਹਿੰਦੀ।

ਆਵਣ ਵਾਲੇ ਆ ਕੇ ਟੁਰ ਗਏ,
ਪੈੜ ਨਾ ਛੱਡਣ 'ਵਾਵਾਂ।
ਯਾਦਾਂ ਵਾਂਗ ਅਨ੍ਹੇਰੀ, ਪਿੱਛੋਂ
ਚੁੱਪ ਦਾ ਸ਼ੋਰ ਦੁਖਾਵਾਂ।

ਕਿਹੜੀਆਂ ਸੋਚਾਂ ਵਿਚ ਜਿੰਦ ਉਲਝੀ ?
ਕਿਸ 'ਤੇ ਦੋਸ਼ ਧਰੇ ?
ਇਕਲਾਪੇ ਦੀ ਕੈਦ ਹੋਂਦ ਨੂੰ,
ਕਿੱਧਰ ਕੂਚ ਕਰੇ !!!


Final dummy

## ਕਵੀ–9

ਲਓ ਜੀ ! ਹੁਣ ਮਿੰਨੀ ਕਵਿਤਾਵਾਂ ਸੁਣੋ :

1.
ਜਦੋਂ ਕੁਰਸੀ 'ਤੇ ਬੈਠਣ ਵਾਲਾ ਚਲੇ ਗਿਆ,
ਤਾਂ ਕੁਰਸੀ ਮੇਜ਼ ਤੋਂ ਨੀਵੀਂ ਹੋ ਗਈ।

2.
ਖੋਤੇ ਕੋਲ ਇੱਕੋ ਸਵਾਲ ਸੀ, ਮਨੁੱਖ ਕੋਲ ਇੱਕੋ ਜਵਾਬ,
ਮਨੁੱਖ ਖੋਤੇ ਵੱਲ ਤੱਕਦਾ ਰਿਹਾ, ਖੋਤਾ ਬ੍ਰਹਿਮੰਡ ਵੱਲ।

3.
ਜਦੋਂ ਪਾਲਤੂ ਨੂੰ ਪੈਰ ਚੱਟਣ ਲਈ ਕਿਹਾ,
ਤਾਂ ਉਸ ਨੇ ਪੂਛ ਹਿਲਾਈ।
ਜਦੋਂ ਉਸ ਨੂੰ ਪੂਛ ਹਿਲਾਉਣ ਲਈ ਕਿਹਾ,
ਤਾਂ ਉਸ ਨੇ ਪੈਰ ਚੱਟੇ।
ਸਰਕਾਰ ਪਾਲਤੂ ਨੂੰ, ਪਾਲਤੂ ਰੱਖਣ ਲਈ,
ਵਿਧਾਨ 'ਚ ਸੰਸ਼ੋਧਨ ਕਰ ਰਹੀ ਹੈ।

4.
ਅੱਗ ਲਾਉਣਾ ਤੇ ਲਵਾਉਣਾ,
ਕਾਨੂੰਨਨ ਮਨ੍ਹਾਂ ਹਨ,
ਲੋਕ–ਸਭਾ ਵਿਚ,
ਅੱਗ ਦਾ ਅਲਾਰਮ ਵੱਜ ਰਿਹਾ ਹੈ।

5.
ਬੱਤੀਆਂ 'ਚ ਊਰਜਾ ਬਲਦੀ ਰਹੀ,
ਸ਼ਕਤੀ 'ਚ ਇਨਸਾਨ ਖ਼ਤਮ ਹੁੰਦੇ ਰਹੇ।

–ਤੇ ਲਓ ਜੀ ! ਹੁਣ ਸੁਣੋ ਮਿੰਨੀ ਤੋਂ ਜ਼ਰਾ ਵੱਡੀ, ਪਰ ਵੱਡੀ ਤੋਂ ਜ਼ਰਾ ਛੋਟੀ, ਇਕ ਹੋਰ ਕਵਿਤਾ : "ਸ਼ੋਰ"–


Final dummy

ਸ਼ੋਰ ਹੈ,
ਆਵਾਜ਼ ਸੁਣਾਈ ਨਹੀਂ ਦਿੰਦੀ।
ਦੁਨੀਆਂ ਆਉਂਦੀ ਹੈ,
ਮੇਰੇ 'ਚੋਂ ਰੋਜ਼ ਲੰਘਦੀ ਹੈ
ਇਕ ਭੀੜ ਜਿਹੀ—
ਐਟਮ ਤੋਂ ਐਟਮ-ਧੂੜ ਤਕ,
ਫੈਲਦੀ, ਫਟਦੀ ਬਿਖਰ ਜਾਂਦੀ।
ਨਹੀਂ,
ਨਹੀਂ ਮਿਲਦਾ,
ਸਬੂਤਾ ਆਪ ਨਹੀਂ ਮਿਲਦਾ।
ਸ਼ੋਰ ਹੈ,
ਆਵਾਜ਼ ਸੁਣਾਈ ਨਹੀਂ ਦਿੰਦੀ।

## ਕਵੀ–10

ਮੇਰੀ ਕਵਿਤਾ ਦਾ ਨਾਮ ਹੈ : "ਅਗਲੀ ਨਸਲ ਦੇ ਬੀਜ"

ਨਹੀਂ, ਨਹੀਂ—
ਇਹ ਕੌਣ ਚਾਹੁੰਦਾ ਹੈ, ਕਿ
ਬੀਆਂ ਮੂੰਹ ਪ੍ਰਮਾਣੂੰ ਬੰਬ ਫੁੱਟਣ ?

ਸਾਨੂੰ ਪਤਾ ਹੈ
ਤੁਸੀਂ, ਇਹ ਸਭ, ਕਰ ਸਕਦੇ ਹੋ।
ਤੁਸੀਂ ਜਿਨ੍ਹਾਂ
ਕੁੱਕੜ ਬਿਨਾਂ ਅੰਡਾ ਪੈਦਾ ਕੀਤਾ;
ਆਦਮੀ ਨੂੰ ਯਾਂਤਰਕ ਦਿਲ ਦਿੱਤਾ।
ਤੁਸੀਂ, ਜਿਨ੍ਹਾਂ
ਮਸਨੂਈ ਤਪਸ਼-ਘਰਾਂ ਵਿਚ,
ਰੁੱਤਾਂ ਨੂੰ ਨੱਥ ਪਾਈ,
ਉਪਜ ਵਧਾਈ।
ਕੁਦਰਤ ਦੀ ਕਰਤਾਰੀ ਕਾਰੀਗਰੀ ਵੀ,
ਮਸ਼ੀਨ ਦੀ ਬੰਦੀ ਬਣਾਈ।
ਤੁਸੀਂ, ਜਿਨ੍ਹਾਂ


Final dummy

ਕੰਪਿਊਟਰ ਦੀ ਪਹਿਲੀ, ਦੂਜੀ, ਤੀਜੀ, ਨਸਲ ਚਲਾਈ,
ਵਾਹ ! ਵਾਹ !! ਮਸ਼ੀਨੀ ਜ਼ਿਹਨ ਦੀ ਵੇਸਵਾਈ !

ਤੁਸੀਂ ਸਰਬ ਸ਼ਕਤੀਮਾਨ ਹੋ।
ਤੁਸੀਂ ਜੁ ਮਨੁੱਖ ਨੂੰ ਪੁਰਜ਼ਿਆਂ ਵਾਂਗ,
ਅਸੈਂਬਲ ਕਰਨ ਦੀ ਯੋਗਤਾ ਕਮਾ ਰਹੇ ਹੋ,
ਤੁਸੀਂ ਸਭ ਕੁਝ ਕਰ ਸਕਦੇ ਹੋ।
ਪਰ, ਨਹੀਂ—
ਇਹ ਕੌਣ ਚਾਹੁੰਦਾ ਹੈ, ਕਿ
ਬੀਆਂ ਮੂੰਹ ਪ੍ਰਮਾਣੂ ਬੰਬ ਫੁੱਟਣ ?

## ਕਵੀ–11

ਮੇਰੀ ਕਵਿਤਾ ਦਾ ਸਿਰਲੇਖ ਹੈ : "ਸੂਰਜ ਦੀ ਤਕਦੀਰ"।

ਧੁੰਦ ਦਾ ਹੱਥ ਪਕੜ ਕੇ ਜਿਸ ਨੇ
ਸੂਰਜ ਦੀ ਤਕਦੀਰ ਲਿਖੀ।
ਉਸ ਦੇ ਪੈਰੀਂ ਗੁਲਿਸਤਾਨ ਕੀ
ਸਾਰੀ ਕੁਦਰਤ ਆਣ ਪਈ।

ਸੂਰਜ ਵਿੱਚੋਂ ਚਾਨਣ ਵੇਖੇ
ਹਰ ਕੋਈ ਚਾਨਣ ਸੰਗ ਪਰਛਾਵੇਂ।
ਧੁੰਦ ਦੇ ਹੱਥ ਨਾਲ ਚਾਨਣ-ਰੇਖਾ
ਵਾਹੁੰਦੇ ਟਾਵੇਂ ਟਾਵੇਂ।

ਪੈਰ ਪੈਰ ਤੇ ਪਹਿਨ ਕੇ ਉਲਝਣ
ਥੱਕੇ ਅੰਗੀਂ ਅੱਕੀਆਂ ਕੜੀਆਂ।
ਖੁੱਸੇ ਮਨ ਵਿਚ ਸਾਗਰ-ਜੇਰਾ
ਦਾਵਾਨਲ ਦੀਆਂ ਕਾਂਗਾਂ ਚੜ੍ਹੀਆਂ।

ਜੇਲ੍ਹ ਦੀਆਂ ਦੀਵਾਰਾਂ ਅੰਦਰ
ਜੇਲ੍ਹ ਦੀ ਹਸਤੀ ਡੋਲ ਰਹੀ।


Final dummy

ਸਿਰ 'ਤੇ ਕੱਫਣ, ਲਹੂ ਨਜ਼ਰ ਵਿਚ
ਸਗਲੀ ਹਸਤੀ ਖੌਲ ਰਹੀ।

ਧੁੰਦ ਦਾ ਹੱਥ ਹੀ ਹੱਥ ਚਾਨਣ ਦਾ
ਸੂਰਜ ਦੀ ਤਕਦੀਰ ਅਸੀਂ।
ਹੋਂਦ ਦੇ ਦੀਪਕ ਜੋਤ ਅਮਰ ਹੈ
ਜੋਤ ਦੀ ਜਦ ਤਦਬੀਰ ਅਸੀਂ।

ਧੁੰਦ ਹੀ ਆਦਿ-ਜੁਗਾਦੀ ਜਣਨੀ
ਤੀਜੀ ਅੱਖ ਜਗਾਵਣ ਲਈ।
ਬੇਹਿੰਮਤੀ 'ਚੋਂ ਹਿੰਮਤ ਖੋਜਣ
ਖੁਦ 'ਚੋਂ ਸਭ ਨੂੰ ਪਾਵਣ ਲਈ।

ਧੁੰਦ ਦਾ ਹੱਥ ਪਕੜ ਕੇ ਜਿਸ ਨੇ
ਸੂਰਜ ਦੀ ਤਕਦੀਰ ਲਿਖੀ।
ਉਸ ਦੇ ਪੈਰੀਂ ਗੁਲਿਸਤਾਨ ਕੀ
ਸਾਰੀ ਕੁਦਰਤ ਆਣ ਪਈ।

**-ਫ਼ੇਡ ਆਊਟ-**



ਮੰਚ ਉੱਤੇ ਚਾਨਣ ਹੁੰਦਾ ਹੈ ਤਾਂ ਮਾਹੀਆ ਗਾਉਣ ਵਾਲੇ ਪਾਤਰ ਦੋ ਟੋਲੀਆਂ ਵਿਚ ਚੁਰਸਤੇ ਵਿਚ ਬੈਠੇ ਨਜ਼ਰ ਆਉਂਦੇ ਹਨ। ਮੁੰਡੇ ਇਕ ਪਾਸੇ ਹਨ ਤੇ ਕੁੜੀਆਂ ਇਕ ਪਾਸੇ। ਘੜਾ ਤੇ ਹੋਰ ਸਾਜ਼ ਗੀਤ ਦਾ ਸਾਥ ਦਿੰਦੇ ਹਨ।

**ਟੋਲੀ-1**

'ਨ੍ਹੇਰੀ ਕਿੱਥੋਂ ਕਿੱਥੋਂ ਆਈ ਹੋਈ ਏ
ਏਸ ਚੌਰਾਹੇ ਵਿਚ
ਅਸਾਂ ਜਾਗੋ ਜਗਾਈ ਹੋਈ ਏ।

**ਟੋਲੀ-2**

ਅੱਖੀਂ ਕਾਲਖ਼ ਪਾਈ ਹੋਈ ਏ
ਏਸ ਚੌਰਾਹੇ ਵਿਚ
ਸਾਨੂੰ ਨੀਂਦਰ ਆਈ ਹੋਈ ਏ।

**ਟੋਲੀ-1**

ਅਸੀਂ ਕਾਲਖ਼ ਬਾਲ ਦੇਈਏ
ਨੈਣਾਂ 'ਚ ਪਾ ਸਾਨੂੰ
ਸਭ ਰਸਤੇ ਵਿਖਾਲ ਦੇਈਏ।

**ਟੋਲੀ-2**

ਰਾਹਾਂ ਵਿਚ ਰਾਹ ਕੋਈ ਨਾ
ਮੱਥੇ ਵਿਚ ਬੰਦ ਸੁਰਤੀ
ਏਥੇ ਦਿਸਦੀ ਦਿਸ਼ਾ ਕੋਈ ਨਾ।

**ਟੋਲੀ-1**

ਮੱਥੇ 'ਚ ਦਿਸ਼ਾਵਾਂ ਨੇ
ਜਾਗੋ ਜਗਾਵੇਂ, ਤਾਂ
ਪੈਰ ਚੁੰਮਣੇ ਨੇ ਰਾਹਵਾਂ ਨੇ।

**ਟੋਲੀ-2**

ਜਾਗੋ ਕੋਈ ਖੇਲ੍ਹ ਨਹੀਂ
ਮੌਤ ਨੂੰ ਜਿੱਤਣੇ ਲਈ
ਇਸ ਜ਼ਿੰਦਗੀ 'ਚ ਤੇਲ ਨਹੀਂ।

**ਟੋਲੀ-1**

ਜ਼ਿੰਦਗੀ ਰੁਸ਼ਨਾਵਾਂਗੇ
ਮੱਥੇ ਦੀਆਂ ਜੁਗਤਾਂ, ਰੁਖ਼
ਪਲਟੇ ਦਰਿਆਵਾਂ ਦੇ।

**ਟੋਲੀ-2**

ਧਰਤੀ ਦੀ ਕੁੱਖ ਖ਼ਾਲੀ
ਰੱਜਿਆ ਰੱਜਦਾ ਪਿਆ
ਭੁੱਖਾ ਮਰਿਆ ਹਰ ਹਾਲੀ।

**ਟੋਲੀ-1**

ਭੋਂ ਹਰ ਵਰ੍ਹਿਆਈ ਏ
ਹੱਕਾਂ ਦੀ ਜੰਗ ਲਈ
ਅਸਾਂ ਜਾਗੋ ਜਗਾਈ ਏ।

**ਟੋਲੀ-2**

ਸਾਨੂੰ ਨੀਂਦਰ ਆਈ ਏ।

**ਟੋਲੀ-1**

ਅਸਾਂ ਜਾਗੋ ਜਗਾਈ ਏ।

**ਟੋਲੀ-2**

ਸਾਨੂੰ ਨੀਂਦਰ ਆਈ ਏ।

**-ਫ਼ੇਡ ਆਊਟ-**



Final dummy

ਪਿਛੋਕੜ 'ਚ ਟਰੈਫਿਕ ਦਾ ਸ਼ੋਰ ਸਿਖਰ ਤੇ ਪਹੁੰਚ ਕੇ ਖਾਮੋਸ਼ ਹੋ ਜਾਂਦਾ ਹੈ। ਸਪਾਟਲਾਈਟ ਹੇਠਾਂ ਸੂਤਰਧਾਰ ਨਜ਼ਰ ਆਉਂਦਾ ਹੈ। ਲੰਬਾਈ ਦੇ ਰੁਖ਼ ਉਸ ਦਾ ਚੋਲਾ ਅੱਧਾ ਕਾਲਾ ਤੇ ਅੱਧਾ ਚਿੱਟਾ ਹੈ।

**ਸੂਤਰਧਾਰ**

ਰਾਹਾਂ ਨੂੰ ਕੀ ਵੱਗੀ ਮਾਰ,
ਅੱਖਾਂ ਉੱਤੇ ਚੜ੍ਹੇ ਉਛਾੜ,
ਸਿਰ ਤੱਕ ਧੱਸ ਗਏ,
ਅੰਨ੍ਹੀਂ ਗ਼ਾਰ।

ਅੰਦਰ ਉਮਡੇ ਧੁੰਦ ਗ਼ੁਬਾਰ,
ਭਾਂਬੜ ਹਰ ਇਕ ਵਾਦ ਵਿਚਾਰ।

-ਵਕਫ਼ਾ-

ਚੌਂਹ ਤਰਫ਼ਾਂ ਤੋਂ ਪੱਥਰ ਡਿੱਗਣ,
ਚੌਂਹ ਤਰਫ਼ਾਂ ਤੋਂ ਮੌਤ ਦੀ ਵਾਹਰ।

-ਵਕਫ਼ਾ-

ਜੀਵਨ ਵਿੱਚੋਂ ਜੰਗ ਮੁੱਕ ਗਈ,
ਜੀਵਨ ਨੇ ਲਈ ਇੱਛਾ ਮਾਰ।

-ਵਕਫ਼ਾ-

ਨਟ ਨਟੀ ਤੇ ਮਰਦ, ਔਰਤਾਂ,
ਆਪਣੇ ਆਪੇ ਤੋਂ ਬੇਜ਼ਾਰ।

ਰਾਹਾਂ ਨੂੰ ਕੀ ਵੱਗੀ ਮਾਰ,
ਅੱਖਾਂ ਉੱਤੇ ਚੜ੍ਹੇ ਉਛਾੜ,
ਸਿਰ ਤੱਕ ਧੱਸ ਗਏ ਅੰਨ੍ਹੀਂ ਗ਼ਾਰ।

**-ਫ਼ੇਡ ਆਊਟ-**



Final dummy

ਮੰਚ ਉਤਲੇ ਚੌਰਾਹੇ ਵਿਚ ਇਕ ਉਜਾੜ ਬੀਆਬਾਨ ਦਾ ਦ੍ਰਿਸ਼ ਹੈ। ਪਿਛੋਕੜ 'ਚੋਂ ਸੰਗੀਤ ਦੀਆਂ ਉਦਾਸੀ ਤੇ ਨਿਰਾਸ਼ਾ ਵਿਚ ਭਿੱਜੀਆਂ ਸੁਰਾਂ ਉੱਭਰਦੀਆਂ ਹਨ। ਰੌਸ਼ਨੀ ਧੀਰੇ ਧੀਰੇ ਫੈਲ ਰਹੀ ਹੈ। ਨੀਮ-ਚਾਨਣੇ ਤੇ ਨੀਮ-ਅਨ੍ਹੇਰੇ ਵਿਚ ਇਸ ਸਮੇਂ ਪਿਛੋਕੜ ਦਾ ਸੰਗੀਤ ਮੌਤ ਦੀ ਰਾਗਨੀ ਅਲਾਪਦਾ ਹੈ।

**ਮਰਦ**

ਇਕ, ਇਕ ਕਰਕੇ,
ਪੰਛੀ ਉੱਡ ਗਏ।
ਤਿਣਕਾ, ਤਿਣਕਾ,
ਖਿੰਡੇ ਆਲ੍ਹਣੇ—
ਖੜਸੁਕ ਰੁੱਖ ਬਚੇ।

**ਔਰਤ**

ਸੰਘਣੀ ਚੁੱਪ, ਤੇ
ਲੀਰਾਂ ਛਾਂ ਵਿਚ,
ਥਲ ਦਾ, ਭੱਠ ਤਪੇ।

ਕਿਣਕਾ, ਕਿਣਕਾ,
ਵੈਰੀ ਹੋਇਆ,
ਕਿਣਕੇ,
ਸੂਰਜ ਮਚ ਉੱਠੇ।

**ਮਰਦ**

ਨਾ ਧੂੰਆਂ ਨਾ ਭਾਂਬੜ ਏਥੇ,
ਖਿੱਲਾਂ ਵਾਂਗੂੰ ਭੁੱਜੇ ਜੀਵਨ।
ਅੰਦਰੇ ਅੰਦਰ ਧਰਤ ਤ੍ਰੇੜੇ,
ਮਨ, ਦਿਲ, ਜ਼ਿਹਨ, ਮਨੂਰ ਭਏ।



Final dummy

**ਔਰਤ**

ਚੁੱਪ ਦੀ ਕਾਤੀ,
ਲੈ ਗਈ ਕੱਟ ਕੇ,
ਚੀਕਾਂ, ਹਉਕੇ, ਜੀਭ ਸਣੇ।

-ਵਕਫ਼ਾ-

ਆਦਿ ਜਗਾਦੀ ਮਾਰੂ ਗਿੱਧ ਨੇ,
ਦੀਦੇ ਨੋਚ ਲਏ।

**ਮਰਦ**

ਉੱਬਲ ਗਿਆ ਦੁੱਧ,
ਚੁੱਲ੍ਹੇ ਉੱਤੇ,
ਸੱਖਣਾ ਭਾਂਡਾ—
ਸੂਹਾ ਲਾਲ ਤਪੇ।
ਸੜਨੇ ਦੀ ਹਲਕੀ ਗੰਧ, ਛਿਣ ਛਿਣ,
ਸਭ ਕੁਝ ਨਸ਼ਰ ਕਰੇ।

-ਵਕਫ਼ਾ-

ਸ਼ੂਨਯਤਾ ਦਾ ਡੇਰਾ ਏਥੇ,
ਸੁੰਨਾ ਸੱਖਣਾਪਨ ਬਚੇ।

**ਔਰਤ**

ਤਿਣਕਾ, ਤਿਣਕਾ,
ਹੁਣ ਨਹੀਂ ਜੁੜਨਾ,
ਸੁੱਕੀ ਅੱਖ, ਜੁ
ਪੱਥਰ ਵਰਗੀ,
ਉਸ 'ਚੋਂ ਕਿਸੇ ਲਗਰ ਨਾ ਫੁੱਟਣਾ।

**ਮਰਦ**

ਅੰਡੇ ਲਈ ਥਾਂ ਕਿੱਥੇ ?
ਬੋਟ ਵੀ ਸੁਫ਼ਨਾ,
ਭਰਮ ਹੈ ਬਰਖਾ।

-ਵਕਫ਼ਾ-



Final dummy

ਜੀਭ ਕਟਾ ਕੇ,
ਗੁੰਗਾ ਹੋਇਆ—
ਨਗ਼ਮਾ ਕਿਵੇਂ ਬਣੇ ?

–ਵਕਫ਼ਾ–

ਕੋਲੇ ਵਰਗੀ ਧਰਤ—
ਦਰਾੜਾਂ,
ਕੀਕੂੰ ਫੁੱਲ ਜਣੇ।

–ਵਕਫ਼ਾ–

## ਮਰਦ ਤੇ ਔਰਤ

(ਇਕੱਠੇ)
ਚੁੱਕ ਲੈ, ਚੁੱਕਣ ਵਾਲਿਆ,
ਹੁਣ ਤਾਂ,
ਏਥੋਂ, ਚੱਲਣਾ ਹੀ ਬਣੇ।

*–ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ–*

ਚੁੱਕ ਲੈ, ਚੁੱਕਣ ਵਾਲਿਆ,
ਹੁਣ ਤਾਂ,
ਏਥੋਂ, ਚੱਲਣਾ ਹੀ ਬਣੇ।

**–ਫ਼ੇਡ ਆਊਟ–**



ਪਿਛੋਕੜ 'ਚੋਂ ਟ੍ਰੈਫ਼ਿਕ ਦਾ ਸ਼ੋਰ ਇਕ ਸਿਖਰ 'ਤੇ ਪਹੁੰਚ ਕੇ ਮੌਨ ਹੋ ਜਾਂਦਾ ਹੈ। ਸਪਾਟਲਾਈਟ ਸੂਤਰਧਾਰ ਉੱਤੇ ਪੈਂਦੀ ਹੈ। ਉਹ ਇਕ ਚਿੰਤਕ ਦਰਸ਼ਨਵੇਤਾ ਦੇ ਰੂਪ ਵਿਚ ਮਨਬਚਨੀ ਦੀ ਅਵਸਥਾ ਵਿਚ ਹੈ।

## ਸੂਤਰਧਾਰ

ਆਦਮ ਨੇ ਫੈਕਟਰੀਆਂ ਪਹਿਨ ਰੱਖੀਆਂ ਹਨ। ਆਤਮਾ ਹਵਾ ਹੋ ਕੇ ਸਕਾਈ–ਸਕਰੇਪਰਾਂ ਤੇ ਹਾਈ ਰਾਈਜ਼ਰਾਂ ਦੀਆਂ ਦੀਵਾਰਾਂ ਵਿਚ ਵੰਡੀ, ਛੱਤਾਂ, ਤਾਕੀਆਂ, ਰੌਸ਼ਨਦਾਨਾਂ 'ਚੋਂ, ਬੰਦੀ ਵਾਂਗ, ਗਗਨ–ਮੰਡਲ 'ਤੇ ਨਖਸ਼ੱਤਰਾਂ ਵੱਲ ਘੂਰ ਰਹੀ ਹੈ। ਜ਼ਿਹਨ ਵਿਚ ਇਸ਼ਤਿਹਾਰੀ ਰੌਸ਼ਨੀਆਂ ਦੀ ਝਿਲਮਿਲ ਹੈ, ਅਖ਼ਬਾਰੀ ਖ਼ਬਰਾਂ ਦਾ ਸ਼ੋਰ–ਸ਼ਰਾਬਾ ਹੈ, ਟੈਲੀਵੀਯਨੀ ਵਜੂਦਾਂ ਦੀ ਬੇਪਛਾਣ ਵਿਚ ਵੱਸਦਾ, ਨਿੱਤ ਵਧਦਾ ਹਜੂਮ ਹੈ...ਇਹ ਸਭ ਕੁਝ ਅੰਦਰੋਂ ਬਾਹਰ ਨਿਕਲ ਕੇ ਨਿਰਵਸਤਰ ਹੋ ਜਾਂਦਾ ਹੈ। ਇਸ ਸਭ ਕੁਝ ਦਾ ਬੁਝੇ ਹੋਏ ਲਾਟੂਆਂ, ਉੱਡੇ ਹੋਏ ਰੰਗਾਂ, ਪਾਟੀਆਂ ਹੋਈਆਂ ਤਸਵੀਰਾਂ ਵਾਂਗ ਮੀਲਾਂ ਤਕ ਬਰਸਾਤਾਂ ਵਿਚ ਡਿਗੂੰ ਡਿਗੂੰ ਕਰਦੀਆਂ ਚੋਂਦੀਆਂ ਝੁੱਗੀਆਂ ਵਿਚ ਕਾਇਆ ਕਲਪ ਹੋ ਜਾਂਦਾ ਹੈ। ਵਿਚਕਾਰੋਂ ਦੀ ਇਕ ਪੱਕੀ ਸੜਕ ਲੰਘਦੀ ਹੈ। ਉਸ ਨੂੰ ਇਕ ਕੱਚੀ ਸੜਕ ਕੱਟਦੀ ਹੈ ਤੇ ਝੁੱਗੀਆਂ ਦੀ ਇਹ ਸਾਰੀ ਬਸਤੀ ਇਕ ਖੜੋਤੇ ਹੋਏ, ਫ਼ਰੀਜ਼ ਹੋਏ ਚੌਰਾਹੇ ਦਾ ਰੂਪ ਧਾਰਨ ਕਰ ਲੈਂਦੀ ਹੈ।

ਮੇਰੀ ਨਜ਼ਰ ਸੌਂਹੇ ਇਹ ਸਭ ਕੁਝ ਹਰ ਰੋਜ਼ ਹੁੰਦਾ ਹੈ। ਪਤਾ ਨਹੀਂ ਮੈਂ ਕਿਉਂ ਤੇ ਕਿਵੇਂ ਖੁਦ ਹੀ ਦਰਸ਼ਕ, ਖ਼ੁਦ ਹੀ ਦ੍ਰਿਸ਼ਟੀ, ਖ਼ੁਦ ਹੀ ਦ੍ਰਿਸ਼...ਟੈਲੀਵੀਯਨ ਤੇ ਉਸ ਦੀ ਸਕਰੀਨ 'ਤੇ ਫ਼ਰੀਜ਼ ਹੋਇਆ ਦ੍ਰਿਸ਼ ਇਹ ਸਭ ਕੁਝ ਆਪ ਹੀ ਬਣ ਜਾਂਦਾ ਹਾਂ। ਐਕਸ–ਰੇ ਵਾਂਗ ਆਪਣੇ ਆਪ 'ਚੋਂ ਲੰਘਦਾ, ਆਪਣੇ ਆਪ ਨੂੰ ਵੇਖਦਾ...ਆਪਣੇ ਆਪ 'ਤੇ ਘਟਦਾ...ਆਪਣੇ ਆਪ ਨੂੰ ਸਹਿੰਦਾ...ਆਪਣੇ ਆਪ ਵਿਚ ਟੁੱਟਦਾ ਮੈਂ ਆਪਣੇ ਆਪ ਨਾਲ ਗੱਲੀਂ ਪੈ ਜਾਂਦਾ ਹਾਂ। ਜਿਵੇਂ, ਮੈਂ ਹੀ ਦੀਪਕ ਹੋਵਾਂ ਤੇ ਮੈਂ ਹੀ ਰੌਸ਼ਨੀ। ਮੇਰਾ ਸੰਵਾਦ, ਮੇਰਾ ਵਜੂਦ, ਜਿਵੇਂ ਦੀਪਕ ਤੇ ਰੌਸ਼ਨੀ ਦਾ ਸੰਵਾਦ ਹੈ, ਵਜੂਦ ਹੈ। ਮੈਂ ਆਪਣੀ ਆਪ ਅਵੱਗਿਆ ਹਾਂ, ਆਪਣਾ ਆਪ ਖੰਡਨ ਹਾਂ...ਨਾਸ਼ਮਾਨ ਜਿਸਮ ਵਿਚ ਆਤਮਾ ਹਾਂ...ਮਿੱਟੀ ਦੇ ਵਜੂਦ ਵਿਚ ਰੌਸ਼ਨੀ ਹਾਂ...ਮਿੱਟੀ ਤੇ ਰੌਸ਼ਨੀ ਦਾ ਕੀ ਰਿਸ਼ਤਾ ?

**–ਫ਼ੇਡ ਆਊਟ–**

ਮੰਚ ’ਤੇ ਮੁਕੰਮਲ ਅਨ੍ਹੇਰਾ ਹੈ। ਮੰਚ ਉੱਤੇ ਇਕ ਚੌਕ ਦਾ ਦ੍ਰਿਸ਼ ਹੈ, ਪਰ ਉਸ ਦੇ ਆਸੇ ਪਾਸੇ ਚੌਂਹ ਦਿਸ਼ਾਵਾਂ ਵੱਲ ਪ੍ਰਤੀਕਾਤਮਕ ਢੰਗ ਨਾਲ ਹੋਰ ਚੌਕ ਉਸਰੇ ਹੋਏ ਹਨ। ਪਿਛੋਕੜ ’ਚੋਂ ਦੋ ਆਵਾਜ਼ਾਂ ਉੱਭਰਦੀਆਂ ਹਨ। ਪਹਿਲੀ ਆਵਾਜ਼ ਜ਼ਨਾਨਾ ਹੈ ਤੇ ਦੂਸਰੀ ਮਰਦਾਨਾ। ਮੰਚ ਉੱਤੇ ਸਿਵਾਏ ਅਨ੍ਹੇਰੇ ਦੇ ਦਰਸ਼ਕਾਂ ਨੂੰ ਹੋਰ ਕੁਝ ਵੀ ਵਿਖਾਈ ਨਹੀਂ ਦਿੰਦਾ। ਸਿਰਫ਼ ਆਵਾਜ਼ਾਂ ਸੁਣਦੀਆਂ ਹਨ।

ਆਵਾਜ਼-1 : ਇਹ ਲੋਕ ਕਿੱਥੇ ਜਾ ਰਹੇ ਨੇ ?

ਆਵਾਜ਼-2 : ਇਹ ਲੋਕ ਬਸ ਜਾ ਈ ਰਹੇ ਨੇ।

ਆਵਾਜ਼-1 : ਪਰ ਕਿੱਥੇ ?

ਆਵਾਜ਼-2 : ਇਹ ਲੋਕ ਜਾ ਈ ਰਹੇ ਨੇ, ਪਰ ਪਹੁੰਚਦੇ ਕਿਤੇ ਨਹੀਂ।

ਆਵਾਜ਼-1 : ਕਿਉਂ ?

ਆਵਾਜ਼-2 : ਇਨ੍ਹਾਂ ਦਾ ਜਨਮ ਵੀ ਜਾਣ ’ਚ ਈ ਹੁੰਦਾ ਏ ਤੇ ਮੌਤ ਵੀ ਜਾਣ ’ਚ ਈ।

ਆਵਾਜ਼-1 : ਕਿਉਂ ?

ਆਵਾਜ਼-2 : ਇਨ੍ਹਾਂ ਦਾ ਸਫ਼ਰ ਸਿਰਫ਼ ਜਾਣ ਤੋਂ ਜਾਣ ਤੱਕ ਏ ... ਆਉਣਾ ਤਾਂ ਐਵੇਂ ਭਰਮ ਹੈ।

ਆਵਾਜ਼-1 : ਤੇਰੀ ਕੋਈ ਗੱਲ ਸਮਝ ਨਹੀਂ ਪੈਂਦੀ।

ਆਵਾਜ਼-2 : ਪੈ ਵੀ ਜਾਂਦੀ, ਤਾਂ ਕਿਹੜਾ ਆਸਮਾਨ ਡਿਗ ਪੈਣਾ ਸੀ। ਏਸ ਸੰਸਾਰ ਵਿਚ ਜਾਣਾ ਹੀ ਇਕ ਸੱਚ ਹੈ। ਆਉਣਾ ਤਾਂ ਐਵੇਂ ਇਕ ਭਰਮ ਹੈ। ਅਸੀਂ ਸਭ ਜੀਣ ਦਾ ਭਰਮ ਭੋਗ ਰਹੇ ਹਾਂ।

ਆਵਾਜ਼-1 : ਧੀਰੇ ਧੀਰੇ ਮਰ ਰਹੇ ਹਾਂ।

ਆਵਾਜ਼-2 : ਜਾਣ ਤੋਂ ਜਾਣ ਤੱਕ ਦਾ ਸਫ਼ਰ ਕਰ ਰਹੇ ਹਾਂ।

*ਪਿਛੋਕੜ ’ਚੋਂ ਏਧਰ ਓਧਰ ਜਾਂਦੇ ਕਦਮਾਂ ਦੀਆਂ ਆਵਾਜ਼ਾਂ ਸੁਣਦੀਆਂ ਹਨ। ਤੇ ਫਿਰ ਮੌਨ ਵਰਤ ਜਾਂਦਾ ਹੈ।*

-ਵਕਫ਼ਾ-



Final dummy

(ਇਸ ਸਮੇਂ ਪਿੱਠਭੂਮੀਂ ਦੇ ਪਰਦੇ ਉੱਤੇ ਇਕ ਦੀਪਕ ਬਲਦਾ ਵਿਖਾਈ ਦਿੰਦਾ ਹੈ। ਮੰਚ ਉੱਤੇ ਹੌਲੀ ਹੌਲੀ ਨੀਮ-ਚਾਨਣਾ ਹੁੰਦਾ ਹੈ, ਤਾਂ ਰੌਸ਼ਨੀ ਤੇ ਦੀਪਕ ਇਕ ਦੂਜੇ ਨਾਲ ਵਾਰਤਾਲਾਪ ਕਰਦੇ ਵਿਖਾਈ ਦਿੰਦੇ ਹਨ। ਉਹ ਅੱਧਲੇਟੇ ਜਿਹੇ ਪਏ ਹਨ।)

ਰੌਸ਼ਨੀ : ਇਹ ਆਵਾਜ਼ਾਂ ਕੈਸੀਆਂ ਸਨ?

ਦੀਪਕ : ਜਦੋਂ ਤੋੜ ਲੱਗਦੀ ਹੈ, ਤਨ ਮਨ ਟੁੱਟਦਾ, ਭੱਜਦਾ ਹੈ, ਤਾਂ ਇਹ ਆਵਾਜ਼ਾਂ ਉਸੇ ਟੁੱਟ ਭੱਜ ’ਚੋਂ ਪੈਦਾ ਹੁੰਦੀਆਂ ਹਨ। ਮੈਂ ਰੋਜ਼ ਸੁਣਦਾ ਹਾਂ।

ਰੌਸ਼ਨੀ : ਅੱਗੇ ਤਾਂ ਕਦੇ ਨਹੀਂ ਸੀ ਸੁਣੀਆਂ ...

ਦੀਪਕ : ਹਾਂ ਅੱਗੇ ਤਾਂ ...

*(ਗੱਲ ਵਿਚੇ ਛੱਡ ਦਿੰਦਾ ਹੈ। ਦੋਵੇਂ ਚੁੱਪ ਕਰ ਜਾਂਦੇ ਹਨ। ਗੱਲਾਂ ਦਾ ਸਿਲਸਿਲਾ ਰੁਕ ਜਾਂਦਾ ਹੈ।)*

-ਵਕਫ਼ਾ-

*-ਪਿਛੋਕੜ ’ਚੋਂ ‘ਮਾਰੋ’, ‘ਲੁੱਟੋ’, ‘ਜ਼ਿੰਦਾਬਾਦ’ ਦਾ ਸ਼ੋਰ ਉੱਭਰਦਾ ਹੈ। ਏਧਰ ਓਧਰ ਦੌੜਦੇ ਕਦਮਾਂ ਦਾ ਸ਼ੋਰ ਸੁਣਾਈ ਦਿੰਦਾ ਹੈ। ਲਾਠੀ ਚਾਰਜ ਤੇ ਗੋਲੀ ਚੱਲਣ ਦੇ ਧੁਨੀ ਪ੍ਰਭਾਵ ਉੱਭਰਦੇ ਹਨ ਤੇ ਫਿਰ ਮੌਨ ਵਰਤ ਜਾਂਦਾ ਹੈ।-*

-ਵਕਫ਼ਾ-

ਰੌਸ਼ਨੀ : ਦੀਪਕ ! ਸਰਕਾਰ ਨੇ ਬੜੀ ਵਧੀਆ ਸੜਕ ਬਣਾਈ ਹੈ। ਵਿਮਾਨਾਂ ਲਈ ਬਣੇ ਰਨ-ਵੇ ਤੋਂ ਵੀ ਪੱਧਰੀ, ਸਾਵੀਂ ਤੇ ... ਕਹਿੰਦੇ ਹਨ ਇਸ ਨੂੰ ਮੁਕੰਮਲ ਕਰਨ ਲਈ ਪੰਜ ਸਾਲਾਂ ਦੀ ਸਾਰੀ ਯੋਜਨਾ ਲੱਗ ਗਈ ਹੈ।

ਦੀਪਕ : ਸੋਚਦੀ ਹੋਵੇਂਗੀ, ਬੜੀ ਉੱਨਤੀ ਹੋਈ ਹੈ। ਸੜਕ ਬਣਵਾਈ ਹੈ ਤਾਂ ਕਿ ਭਾਰੀ ਬਰਸਾਤਾਂ ਵਿਚ ਜਦੋਂ ਇਸ ਕੰਢੇ ਵੱਸਦੇ ਲੋਕਾਂ ਦੀਆਂ ਖੋਲੀਆਂ ਚੋਣ ਲੱਗ ਪੈਣ, ਤਾਂ ਉਹ ਸੜਕ ’ਤੇ ਆ ਬੈਠਣ।

ਰੌਸ਼ਨੀ : ਸੜਕ ’ਤੇ ਕਿਉਂ ?

ਦੀਪਕ : ਅਲਾਦੀਨ ਦਾ ਜਾਦੂ। ਕਹਿੰਦੇ ਹਨ ਜਦੋਂ ਖੋਲੀਆਂ ਚੋਂਦੀਆਂ ਹਨ, ਤਾਂ ਇਸ ਸੜਕ ’ਤੇ ਮੀਂਹ ਨਹੀਂ ਪੈਂਦਾ।



Final dummy

ਰੌਸ਼ਨੀ : ਇਹ ਰੌਸ਼ਨੀ ਕਿਹੀ ਹੈ ? ਸ਼ਾਇਦ ਕੋਈ ਕਾਰ ਹੈ ਤੇਜ਼ ਰਫ਼ਤਾਰ 'ਤੇ। ਚਲੋ ਕੁਝ ਦੇਰ ਲਈ ਹੀ ਸਹੀ, ਅਸੀਂ ਆਪਣਾ ਰਸਤਾ ਵੇਖ ਸਕਾਂਗੇ।

ਦੀਪਕ : ਤੇ ਫਿਰ ਜਦੋਂ ਕਾਰ ਲੰਘ ਜਾਵੇਗੀ, ਨ੍ਹੇਰੇ ਵਿਚ ਡੁੱਬ ਜਾਵਾਂਗੇ। ਆਪਣਾ ਆਪ ਵੀ ਨਜ਼ਰ ਨਹੀਂ ਆਵੇਗਾ। ਤੋਰ, ਜੋ ਪਹਿਲਾਂ ਹੀ ਮੱਧਮ ਹੈ, ਕਾਰ ਦੀ ਰਫ਼ਤਾਰ ਸੌਂਹੇ, ਇਕ ਜਨਮ ਹੋਰ ਧੀਮੀਂ ਹੋ ਗਈ ਪ੍ਰਤੀਤ ਹੋਵੇਗੀ।

ਰੌਸ਼ਨੀ : ਹਾਂ, ਅਸੀਂ ਕਦੋਂ ਦੇ ਤੁਰੇ ਹੋਏ ਹਾਂ, ਪਰ ਪਹੁੰਚੇ ਕਿਤੇ ਵੀ ਨਹੀਂ। ਨਾ ਹੀ ਕਿਤੇ ਪਹੁੰਚਣ ਦੇ ਆਸਾਰ ਵਿਖਾਈ ਦਿੰਦੇ ਹਨ।

ਦੀਪਕ : ਇਕ ਗੱਲ ਆਖਾਂ, ਰੌਸ਼ਨੀ ?

ਰੌਸ਼ਨੀ : ਆਖ, ਦੀਪਕ।

ਦੀਪਕ : ਚੱਲ ਸੜਕ ਵਿਚ ਕਿੱਲਾਂ ਗੱਡ ਦਈਏ, ਮੋਟੀਆਂ, ਮੋਟੀਆਂ ਕਿੱਲਾਂ।

ਰੌਸ਼ਨੀ : ਉਹ ਕਿਉਂ ?

ਦੀਪਕ : ਤਾਂ ਕਿ ਟਾਇਰਾਂ 'ਤੇ ਤੇਜ਼ ਰਫ਼ਤਾਰ ਭੱਜੀ ਜਾਂਦੀ ਜ਼ਿੰਦਗੀ ਬਰਸਟ ਹੋ ਸਕੇ, ਫਟ ਸਕੇ।

ਰੌਸ਼ਨੀ : ਇਸ ਨਾਲ ਕੀ ਹੋਵੇਗਾ ?

ਦੀਪਕ : ਸਾਨੂੰ ਆਪਣੇ ਸਬੂਤੇ ਹੋਣ ਦਾ ਅਹਿਸਾਸ ...
ਆਪਣੀ ਰਫ਼ਤਾਰ ਦੇ ਵਧ ਜਾਣ ਦਾ ਅਹਿਸਾਸ।

ਰੌਸ਼ਨੀ : ਪਰ ਜਾਣਾ ਕਿੱਥੇ ਹੈ ?

ਦੀਪਕ : ਇਸ ਚੁਰਸਤੇ ਤੋਂ ਉਸ ਚੁਰਸਤੇ ਤੱਕ।
ਦੋ ਮਿੰਟ ਪਹਿਲਾਂ, ਜਾਂ ਤਿੰਨ ਮਿੰਟ ਬਾਅਦ।
ਕੀ ਫ਼ਰਕ ਪੈਂਦਾ ਹੈ।

ਰੌਸ਼ਨੀ : ਨਹੀਂ, ਨਹੀਂ ... ਚੁਰਸਤੇ ਵਿਚ ਬੜੀ ਸ਼ਾਂਤੀ ਹੈ। ਇਹ ਸ਼ਾਂਤੀ ਸ਼ਾਇਦ ਸੜਕ ਵਿਚ ਕਿੱਲਾਂ ਗੱਡ ਕੇ ਵੀ ਪ੍ਰਾਪਤ ਨਾ ਹੋਵੇ। ਕੁਝ ਲੋਕ ਰਨ-ਵੇ 'ਤੇ ਉਸ ਤੋਂ ਵੀ ਤੇਜ਼ ਦੌੜ ਕੇ ਅਸਮਾਨ ਵਿਚ ਬੱਦਲਾਂ ਤੋਂ ਵੀ ਉੱਪਰ ਜਾ ਉੱਡਦੇ ਹਨ।

ਦੀਪਕ : ਰਨ-ਵੇ ਵਿਚ ਵੀ ਕਿੱਲਾਂ ਗੱਡੀਆਂ ਜਾ ਸਕਦੀਆਂ ਹਨ।

ਰੌਸ਼ਨੀ : ਚੰਦਰਯਾਨ ਕਿਵੇਂ ਰੋਕੇਂਗਾ ?



ਦੀਪਕ : ਦੁਨੀਆਂ ਦੀ ਸਾਰੀ ਗ਼ਰੀਬੀ ਤੇ ਬੀਮਾਰੀ ਦਾ ਬੋਝ ਉਸ ਉੱਤੇ ਪਾ ਕੇ। ਚੰਦ ਦਾ ਮੂੰਹ ਵੇਖਣ ਤੋਂ ਪਹਿਲਾਂ ਪ੍ਰਿਥਵੀ ਨੂੰ ਜਿਊਣ ਜੋਗੀ ਤਾਂ ਬਣਾ ਲਈਏ।

ਰੌਸ਼ਨੀ : ਨਿਕਾਰਖ਼ਾਨੇ ਵਿਚ ਤੂਤੀ ਦੀ ਆਵਾਜ਼।

ਦੀਪਕ : ਐਸੀ ਗੱਲ ਨਹੀਂ, ਇਹ ਕਿੱਲਾਂ ਸੰਸਦ-ਭਵਨ ਦੀਆਂ ਕੁਰਸੀਆਂ 'ਤੇ ਵੀ ਗੱਡੀਆਂ ਜਾ ਸਕਦੀਆਂ ਹਨ।

ਰੌਸ਼ਨੀ : ਉਹ ਕਿਉਂ ?

ਦੀਪਕ : ਕਿੱਲਾਂ 'ਤੇ ਬੈਠ ਕੇ ਬਣਾਏ ਕਾਨੂੰਨ ਦੀ ਪ੍ਰਕਿਰਤੀ ਹੀ ਬਦਲ ਜਾਵੇਗੀ।

ਰੌਸ਼ਨੀ : ਇਹ ਲੋਕ, ਐਸੀ ਸੋਚ ਸੋਚਣ ਵਾਲੇ ਦਾ ਵਕਤੋਂ ਪਹਿਲਾਂ ਹੀ ਕੰਡਾ ਕੱਢ ਦਿੰਦੇ ਹਨ।

ਦੀਪਕ : ਬਸ ਹੁਣ, ਕੰਡਾ ਨਿਕਲਣਾ ਹੀ ਬਾਕੀ ਰਹਿੰਦਾ ਹੈ। ਜ਼ਰਾ ਰੁਕ ਜਾਈਏ।

ਰੌਸ਼ਨੀ : ਅਜੇ ਤੁਰੇ ਹੀ ਕਿਹੜਾ ਹਾਂ ?
ਇਕ ਪੈਰ ਪੂਰਬ, ਇਕ ਪੱਛਮ,
ਇਕ ਪੈਰ ਉੱਤਰ, ਇਕ ਦੱਖਣ।

ਦੀਪਕ : ਇਸ ਸਦੀ ਵਿਚ ਪੈਰ ਨਹੀਂ, ਜ਼ਿਹਨ ਤੁਰਦੇ ਹਨ, ਦਿਮਾਗ਼ ਤੁਰਦੇ ਹਨ ਤੇ ਉਹ ਵੀ ਕਿੱਲਾਂ ਉੱਤੇ। ਕੱਚ-ਕੰਕਰਾਂ ਉੱਤੇ।

ਰੌਸ਼ਨੀ : ਇਹ ਕੀ ਖਾ ਰਿਹਾ ਹੈਂ ?

ਦੀਪਕ : ਸੋਚ ਤੋਂ ਮੁਕਤੀ, ਦੁੱਖਾਂ ਤੋਂ ਨਿਰਵਾਣ ਲਈ ਹੈਰੋਇਨ ...

ਰੌਸ਼ਨੀ : ਤੈਨੂੰ ਇਸ ਦੀ ਕੀ ਲੋੜ ਪੈ ਗਈ ?

ਦੀਪਕ : ਇਹ ਡਰੱਗ-ਕਲਚਰ ਹੈ ... ਨਸ਼ਿਆਂ ਦਾ ਜ਼ਮਾਨਾ ਹੈ। ਕੁਝ ਤਾਂ ਖਾਣਾ ਹੀ ਹੋਇਆ। ਇਹ ਖਾ ਕੇ ਮਨ ਸ਼ਾਂਤ ਹੋ ਜਾਂਦਾ ਹੈ।

ਰੌਸ਼ਨੀ : ਦੇਰ ਦੇ ਤੁਰੇ ਹੋਏ ਹਾਂ। ਇਕ ਪੈਰ ਨਹੀਂ ਪੁੱਟਿਆ ਅਜੇ ਤੱਕ। ਦੋ ਕਦਮ ਚੱਲ। ਚਾਰ ਕਦਮ 'ਤੇ ਚੁਰਸਤਾ ਹੈ। ਚੁਰਸਤੇ 'ਚ ਮੈਨੂੰ ਬੜੀ ਰਾਹਤ ਮਿਲਦੀ ਹੈ।

ਦੀਪਕ : ਕਿਸ ਰਾਹਤ ਦੀ ਗੱਲ ਕਰਦੀ ਹੈਂ ? ਉਹ ਰਾਹਤ ਜੁ ਵੀਅਤਨਾਮ ਵਿਚ ਇਕ ਮਾਂ ਨੂੰ ਬੰਬਾਂ ਦੀ ਬਰਖਾ ਹੇਠ ਆਪਣੇ ਇਕ ਹੋਰ ਬੱਚੇ ਦੇ ਚੀਥੜੇ ਉਡਵਾ ਕੇ ਮਿਲਦੀ ਸੀ ? ਜਾਂ ਉਸ ਸਬਰ ਦੀ, ਜੁ ਉਸ

ਮਾਂ ਨੂੰ ਕਰਨਾ ਪੈਂਦਾ ਸੀ, ਆਪ ਬੰਦੂਕ ਉਠਾ ਕੇ—ਤਾਂਕਿ ਉਹ ਇਕ ਹੋਰ ਬੱਚਾ ਜੰਮਣ ਤੱਕ, ਡਟ ਕੇ ਲੜ ਸਕੇ ?

ਰੌਸ਼ਨੀ : ਵੀਅਤਨਾਮ ਦੀਆਂ ਮਾਵਾਂ ... ਜੋ ਦਿਨੇ ਰਣ ਲੜਦੀਆਂ, ਰਾਤੀਂ ਸਿਪਾਹੀ ਜਣਦੀਆਂ ਸਨ।

ਦੀਪਕ : ਤੇ ਦੁਨੀਆਂ ਦੇ ਹੋਰ ਦੇਸ਼ਾਂ ਦੀਆਂ ਬਹੁ-ਗਿਣਤੀ ਮਾਵਾਂ, ਜੋ ਹਰ ਰੋਜ਼ ਗਿਰਜੇ, ਮੰਦਰ, ਮਸੀਤ ਜਾਂ ਗੁਰੂ-ਘਰ ਵਿਚ ਜਾ ਕੇ ਦੁਆਵਾਂ ਕਰਦੀਆਂ ਹਨ। ਬਿਨਾਂ ਰਣ ਲੜਿਆਂ—ਥੱਕੀਆਂ, ਟੁੱਟੀਆਂ, ਅੱਕੀਆਂ, ਆਪਣੇ ਮਰਦਾਂ ਦੇ ਗਲੀਂ ਬਾਹਾਂ ਪਾ ਕੇ, ਡੂੰਘੀ ਨੀਂਦ ਸੌਂ ਜਾਂਦੀਆਂ ਹਨ। ਇਹ ਮਾਹੌਲ, ਇਹ ਧਰਤੀ, ਇਹ ਲੋਕੀਂ, ਇਹ ਰਾਜਨੀਤੀ—ਇਹ ਸਾਰਾ ਸੰਸਾਰ ਬੀਮਾਰ ਹੈ। ਤੂੰ, ਮੈਂ ਅਵਾਜ਼ਾਰ ਹਾਂ, ਬਹੁਤ ਬੀਮਾਰ ਹਾਂ।

ਰੌਸ਼ਨੀ : ਪਰ ਬੀਮਾਰੀ ਕੀ ਹੈ ?

ਦੀਪਕ : ਇਹੀ ਚੌਰਾਹੇ ਦੀ ਬੀਮਾਰੀ। ਤੁਰਨ ਬਿਨਾਂ, ਖੜ੍ਹਨ ਦੀ ਬੀਮਾਰੀ। ਰੁਝੇਵੇਂ ਹੁੰਦਿਆਂ, ਅਕੇਵੇਂ ਦੀ ਬੀਮਾਰੀ। ਆਪੇ ਤੋਂ ਨਿਜਾਤ ਦੀ ਬੀਮਾਰੀ...ਚੌਂਹ ਤਰਫ਼ੀਂ, ਚੁਰਸਤੇ ਦੀ ਬੀਮਾਰੀ...ਨਿਰੀ ਸਟੇਲਮੇਟ...

-ਵਕਫ਼ਾ-

ਰੌਸ਼ਨੀ, ਲੈ ਇਹ ਹੈਰੋਇਨ ਤੂੰ ਵੀ ਖਾ ਲੈ।

ਰੌਸ਼ਨੀ : ਨਹੀਂ ਦੀਪਕ। ਮੈਨੂੰ ਨੀਂਦ ਆ ਜਾਵੇਗੀ, ਮੈਨੂੰ ਨਸ਼ਾ ਹੋ ਜਾਵੇਗਾ। ਨਹੀਂ, ਨਹੀਂ ... ਮੈਂ ਰਸਤਾ ਭਟਕ ਜਾਵਾਂਗੀ।

ਦੀਪਕ : ਕਿਹੜਾ ਰਸਤਾ ?

ਰੌਸ਼ਨੀ : ਚੁਰਸਤੇ ਤੱਕ ਦਾ। ਚੁਰਸਤੇ ਵਿਚ ਜਾ ਕੇ ਚੈਨ ਨਾਲ ਸੌਂ ਸਕਾਂਗੇ। ਉਥੇ ਜਾ ਕੇ ਇੰਜ ਮਹਿਸੂਸ ਹੁੰਦਾ ਹੈ, ਜਿਵੇਂ ਮੈਂ ਦਿਸ਼ਾਵਾਂ, ਰਾਹਵਾਂ ਮੰਜ਼ਲਾਂ ਤੇ ਪੜਾਵਾਂ ਦੇ ਆਫ਼ਰੇ ਹੋਏ ਸਾਗਰ ਨਾਲੋਂ ਟੁੱਟ ਕੇ ਇਕ ਸ਼ਾਂਤ ਟਾਪੂ ਵਿਚ ਪੁੱਜ ਗਈ ਹੋਵਾਂ। ਇਕ ਜ਼ੀਰੋ-ਖੇਤਰ ਵਿਚ, ਜਿੱਥੇ ਦਿਮਾਗ ਉੱਤੇ ਕੋਈ ਬੋਝ ਨਹੀਂ ਰਹਿੰਦਾ ... ਕਿਸੇ ਪਾਸਿਓਂ ਕੋਈ ਖਿੱਚ ਨਹੀਂ ਪੈਂਦੀ।

-ਵਕਫ਼ਾ-

ਅਸੀਂ ਸਭ ਕਿਤੇ ਵੀ ਨਹੀਂ ...
ਧਰਮ, ਕਰਮ, ਗਿਆਨ, ਵਿਗਿਆਨ, ਜ਼ਿੰਦਗੀ,
ਸਮਾਜ, ਰਾਜਨੀਤੀ, ਜੁਰਮ, ਨੈਤਿਕਤਾ ...



Final dummy

ਜੇ ਹਾਂ, ਤਾਂ ਸਿਰਫ਼ ਚੁਰਸਤੇ ਵਿਚ ਹਾਂ।
ਚੱਲ ਦੀਪਕ, ਚੁਰਸਤੇ ਤੱਕ ਚੱਲੀਏ।

ਦੀਪਕ : ਤੇ ਅਹਿ ਕੀ ਐ ? ਇਹ ਵੀ ਤਾਂ ਚੁਰਸਤਾ ਈ ਐ।

ਰੌਸ਼ਨੀ : ਹਾਂ, ਇਹ ਵੀ ਤਾਂ ਚੁਰਸਤਾ ਈ ਐ। ਪਰ ਚੁਰਸਤੇ ਤੋਂ ...

ਦੀਪਕ : ਚੁਰਸਤੇ ਤੱਕ ਦਾ ਸਫ਼ਰ ...
ਅੰਦਰ ਤੋਂ ਬਾਹਰ ...
ਬਾਹਰ ਤੋਂ ਅੰਦਰ ਤਕ ਦਾ ਸਫ਼ਰ ...
ਚੁਰਸਤਾ ਹੀ ਹੈ ...

-ਵਕਫ਼ਾ-

*-ਦੀਪਕ ਝੋਲੇ ਵਿੱਚੋਂ ਸਰਿੰਜ, ਨਸ਼ੇ ਵਾਲੀ ਦਵਾਈ ਤੇ ਕਿੱਲ ਕੱਢਦਾ ਹੈ।*

ਰੌਸ਼ਨੀ, ਤੂੰ ਵੀ ਬੀਮਾਰ ਹੋ ਗਈ ਐਂ। ਤੇਰੀਆਂ ਗੱਲਾਂ ਨੂੰ ਸਮਝ ਦੀ ਬੀਮਾਰੀ ਲੱਗ ਗਈ ਹੈ। ਆਹ ਲੈ, ਕੁਝ ਹੋਰ ਕਿੱਲ—ਤੇਰੇ ਪੇਟ, ਤੇਰੇ ਸਿਰ, ਤੇਰੇ ਹੱਥਾਂ ਤੇ ਪੈਰਾਂ ਲਈ। ਤੈਨੂੰ ਇਨ੍ਹਾਂ ਕਿੱਲਾਂ ਦੀ ਸਖਤ ਜ਼ਰੂਰਤ ਹੈ।

*-ਸਰਿੰਜ ਵਿਚ ਦਵਾਈ ਭਰਦਾ ਹੈ।-*

ਤੇ ਏਸ ਟੀਕੇ ਦੀ ਵੀ। ਇਹ ਸੋਚ, ਚਿੰਤਾ, ਤੇ ਸਮਝ ਤੋਂ ਮੁਕਤੀ ਦਾ ਟੀਕਾ ਹੈ। ਖ਼ੂਨ ਰਾਹੀਂ ਸਿੱਧਾ ਦਿਮਾਗ਼ ਵਿਚ ...

-ਵਕਫ਼ਾ-

ਉਰੇ ਹੋ। ਪਹਿਲਾਂ ਮੈਂ ਤੇਰੇ ਲਾ ਦਿਆਂ।
ਫੇਰ ਤੂੰ ਮੇਰੇ ਲਾ ਦੇਈਂ।

*-ਇਕ ਦੂਜੇ ਨੂੰ ਨਿਹਾਰਦੇ, ਇਕ ਦੂਜੇ ਨੂੰ ਟੀਕਾ ਲਾਉਂਦੇ ਹਨ। ਲੇਟ ਜਾਂਦੇ ਹਨ। ਸੌਂ ਜਾਂਦੇ ਹਨ।-*

-ਵਕਫ਼ਾ-

*-ਪਿਛੋਕੜ ਚੋਂ 'ਮਾਰੋ', 'ਲੁੱਟੋ', 'ਜ਼ਿੰਦਾਬਾਦ', ਦੌੜਦੇ ਕਦਮਾਂ, ਲਾਠੀ ਚਾਰਜ ਤੇ ਗੋਲੀ ਚੱਲਣ ਦੇ ਸ਼ੋਰ ਦੇ ਧੁਨੀ-ਪ੍ਰਭਾਵ ਉੱਭਰਦੇ ਹਨ।*



Final dummy

*ਨੀਮ ਚਾਨਣਾ ਹੌਲੀ ਹੌਲੀ ਅਨ੍ਹੇਰੇ ਵਿਚ ਬਦਲਦਾ ਤੇ ਹੇਠ ਲਿਖੀਆਂ ਆਵਾਜ਼ਾਂ ਉੱਭਰਦੀਆਂ ਹਨ ਪ੍ਰਤੀਧੁਨੀਆਂ ਦੇ ਰੂਪ ਵਿਚ।–*

ਆਵਾਜ਼–1 : ਇਹ ਕੌਣ ਹਨ ?
ਕਿੱਥੇ ਜਾ ਰਹੇ ਹਨ ?

ਆਵਾਜ਼–2 : ਜਾਣ ਤੋਂ ਜਾਣ ਤੱਕ ...

ਆਵਾਜ਼–1 : ਆਉਣਾ ਤਾਂ ਐਵੇਂ ਇਕ ਭਰਮ ਹੈ।

ਆਵਾਜ਼–2 : ਇਹ ਜ਼ਿੰਦਗੀ ਤਾਂ ਜਾਣ ਤੋਂ ਜਾਣ ਤੱਕ ਦਾ ਸਫ਼ਰ ਹੈ।

ਆਵਾਜ਼ 1 ਅਤੇ 2 (ਇਕੱਠੀਆਂ) : ਚੱਲ ਚੱਲੀਏ
ਜਾਣ ਤੋਂ ਜਾਣ ਤੱਕ ...
ਜਾਣ ਤੋਂ ਜਾਣ ਤੱਕ ...
ਜਾਣ ਤੋਂ ਜਾਣ ਤੱਕ ...
ਜਾਣ ਤੋਂ ਜਾਣ ਤੱਕ ...

***–ਫ਼ੇਡ ਆਊਟ–***





## ਅੰਤ–ਦ੍ਰਿਸ਼ (Epilogue)

ਮੰਚ–ਜੜਤ ਤੇ ਵੇਸ–ਭੂਸ਼ਾ 'ਜਾਗੋ' ਨਾਟ–ਦ੍ਰਿਸ਼ ਵਾਲੀ ਹੀ ਹੈ। ਏਸ ਨਾਟਕ ਦੇ ਸਾਰੇ ਦੇ ਸਾਰੇ ਪਾਤਰ ਆਪੋ ਆਪਣੇ ਮਖ਼ਸੂਸ ਅੰਦਾਜ਼ ਅਤੇ ਪਹਿਰਾਵੇ ਵਿਚ ਮੰਚ 'ਤੇ ਉਸਾਰੇ ਚੌਕ ਦੇ ਵਿਚਕਾਰ ਅਰਧ–ਚੱਕਰ ਵਿਚ ਖੜੋਤੇ ਹਨ। ਜਾਗੋ–ਪਾਤਰ ਜਾਗੋ ਜਗਾਈ, ਜਾਗੋ ਦੀਆਂ ਧੁਨਾਂ ਉੱਤੇ ਨ੍ਰਿਤ ਕਰਦੇ ਅਰਧ–ਚੱਕਰ ਦੇ ਵਿਚਕਾਰੋਂ ਲੰਘ ਕੇ ਮੰਚ ਉੱਤੇ ਪਰਵੇਸ਼ ਕਰਦੇ ਹਨ। ਜਾਗੋ ਲੋਕ–ਗੀਤ–ਨ੍ਰਿਤ–ਨਾਟ ਦਾ ਨਜ਼ਾਰਾ ਬੱਝਦਾ ਹੈ। ਸਮੇਂ ਸਿਰ ਬਾਕੀ ਪਾਤਰ ਵੀ ਤਾਲੀ ਵਜਾਉਂਦੇ, ਬੋਲੀ ਚੁੱਕਦੇ ਤੇ ਜਾਗੋ ਵਿਚ ਸ਼ਾਮਿਲ ਹੋ ਕੇ ਜਾਗੋ ਬਣ ਜਾਂਦੇ ਹਨ :

ਇਕ–ਤਾਰਾ ਦੋ–ਤਾਰਾ ਵੱਜਦਾ
ਢੋਲਕ ਕਿਸੇ ਉਠਾਈ
ਕੋਈ ਗਾਵੇ ਢੋਲਾ ਮਾਹੀਆ
ਜਾਗੋ ਕਿਸੇ ਜਗਾਈ
ਛੱਲੇ ਦੇ ਵਿਚ ਦਰਦ ਪਰੋ ਕੇ
ਹੀਰ ਕਿਸੇ ਦੀ ਆਈ
ਇਹ ਅਸਮਾਨੀ ਲਾਟ ਚੌਰਾਹੇ
ਨੱਚਿਆਂ, ਮਚੇ ਸਵਾਈ
ਖ਼ਬਰਦਾਰ ਰਹਿਣਾ ਜੀ
ਜਾਗੋ ਸੂਰਜਾਂ ਦੀ ਜਾਈ

ਖ਼ਬਰਦਾਰ ਰਹਿਣਾ ਜੀ
ਜਾਗੋ ਸੂਰਜਾਂ ਦੀ ਜਾਈ
ਖ਼ਬਰਦਾਰ ਰਹਿਣਾ ਜੀ,
ਜਾਗੋ ਆਈ ਐ
ਸ਼ਾਵਾ ਵਈ ਹੁਣ ਜਾਗੋ ਆਈ ਐ

ਰੁੱਸੀ ਨੂੰ ਮਨਾ ਲੈ
ਸੁੱਤੀ ਨੂੰ ਜਗਾ ਲੈ
ਸੋਨ-ਚਿੜੀ ਗਲ ਲਾ ਲੈ ਵੇ
ਜਾਗੋ ਆਈ ਐ
... ... ... ...
... ... ... ...

**-ਫ਼ੇਡ ਆਊਟ-**



# 'ਚੌਕ ਨਾਟਕ' ਦੀ ਅੰਤਿਕਾ



# * Chowk Natak' : A Blazing Trail

Yet another play by Ravinder Ravi is out. It is called 'Chowk Natak' both cynically and euphemistically. It is his fourth dramatic work and establishes beyond any doubt that Ravinder Ravi, who has carved for himself a niche in Punjabi writing as a poet of dissent and a fiction writer imbued with fury, is blazing a trail in the world of drama as well.

Ravi has two distinct advantages over writers of his generation. Based as he is in Canada, he is not conditioned by the physical limitations of the theatre in India, and he does not suffer from the inhibitions which native plywrights are subject to. He writers as fancy seizes him, and with an eye on the theatre in the highly developed society in the West.

Drama is essentailly metaphoric in character. It owes its origin to religious rituals where it substituted a symbolic sacrifice with the real one. It is an analogous rather than an imitative art. It can, therefore,be poetic. It can present in a constellation a series of events that need not be contiguous in space or time. It need not have linear structure.

Ravi has, accordingly, done away with unity of time and space. He is not bothered about the naturalistic fourth wall. His characters are not realistically motivated. The dramatic time in his plays is not indistinguishable from the real time. The proscenium arch, doors and windows and other natural features like furniture are unnatural

in 'Chowk Natak'. He takes pains to emphasise the allegorical dimension of drama.

There is no stage as such. The entire action takes place at the crossroads. There is no logic of cause and effect in the behaviour and actions of the characters. There is hardly any progress through time. For an average reader or the unintiated audience it will be scarcely intelligible, the playwright aims at projecting human conditions as a metaphor.

The action of the play, as mentioned earlier, is laid at the crossroads. Among the characters are Kennedy and Reagan, Gandhi and Martin Luther King, Napolean and Churchill, Nehru and Nasser, Lennin and Mao in one scene. In another scene we have a blind, a deaf and a dumb wayfarer with a prophet making them into one whole. In yet another scence there are four mad men.

It is not without purpose that man today stands at crossroads. Every man carries his own cross. Born at the crossroads, one lives at the crossroads, and then dies there. Says the 'sutradhar'.

| | |
|---|---|
| Har vyakti hi ik chowraha | ਹਰ ਵਿਅਕਤੀ ਹੀ ਇਕ ਚੌਰਾਹਾ |
| sir te chukki phire bhatakda | ਸਿਰ 'ਤੇ ਚੁੱਕੀ ਫਿਰੇ ਭਟਕਦਾ |
| koi vi taan ik rah nahin banada | ਕੋਈ ਵੀ ਤਾਂ ਇਕ ਰਾਹ ਨਹੀਂ ਬਣਦਾ |
| chowraha jum chowraha jeeve | ਚੌਰਾਹਾ ਜੰਮ, ਚੌਰਾਹਾ ਜੀਵੇ |
| ant vich chowraha marda. | ਅੰਤ ਵਿਚ ਚੌਰਾਹਾ ਮਰਦਾ। |

There is hardly a man with his personality intact. Everyone around is shattered and torn to bits. May be we owe it to our origin, the original sin committed by Adam. We forge chains in which we, eventually, find ourselves entangled.

| | |
|---|---|
| Sab di hasti wadhi-tukki | ਸਭ ਦੀ ਹਸਤੀ ਵੱਢੀ ਟੁੱਕੀ |
| Sab di hasti leeran leeran. | ਸਭ ਦੀ ਹਸਤੀ ਲੀਰਾਂ ਲੀਰਾਂ |



Final dummy

Even Adam and Eve, who were at one time a single entity, have since parted company. They live in their own islands and suffer their own destinies.

| | |
|---|---|
| Adam ate hawa jo ik san | ਆਦਮ ਅਤੇ ਹਵਾ ਜੁ ਇਕ ਸਨ |
| vekho, keekun hoye juda | ਵੇਖੋ ਕੀਕੂੰ ਹੋਏ ਜੁਦਾ |
| apna apna tapoo bhogan | ਆਪਣਾ ਆਪਣਾ ਟਾਪੂ ਭੋਗਣ |
| apna apna jhal suda. | ਆਪਣਾ ਆਪਣਾ ਝੱਲ ਸ਼ੁਦਾ। |

In search of adventure and sensation man defies the system, finds pleasure in rape and joy in murder. The hungry and the have-nots become rebels and revolutionaries. Everyone is anxious to win the race and yet stay put in his place. Everyone knows how to justify his or her misdeeds. Everyone stands at the crossroads not knowing where to go. This is the predicament of the modern man.

| | |
|---|---|
| Sadi sabhita, sada jiwan | ਸਾਡੀ ਸੱਭਿਅਤਾ ਸਾਡਾ ਜੀਵਨ |
| sada gyan, sadi prapati | ਸਾਡਾ ਗਿਆਨ ਸਾਡੀ ਪ੍ਰਾਪਤੀ |
| sada aaramb, sadi samapati | ਸਾਡਾ ਆਰੰਭ, ਸਾਡੀ ਸਮਾਪਤੀ |
| ih chowraha hai. | ਇਹ ਚੌਰਾਹਾ ਹੈ। |

Where do we go from here? This is the dilemma of man today. He moves but does not know where he is going. He travels but he lands nowhere.

Ravi tells all this with the consummate skill of a poet in the time-honoured mould of folksongs reverberating with their haunting melodies.

–ਕਰਤਾਰ ਸਿੰਘ ਦੁੱਗਲ

**The Tribune** (July 29, 1984)



Final dummy

# ਚੌਕ ਨਾਟਕ : ਸੰਸਾਰ ਪਰਪੰਚ ਦੀ ਮਸ਼ਕਰੀ

ਚੌਕ ਨਾਟਕ ਦੇ ਪਾਠਕ ਨੂੰ ਮੈਂ ਭੁਲਾਵੇ ਜਾਂ ਮਸ਼ਕਰੀ ਕਾਵਿ-ਨਾਟਕ ਵਜੋਂ ਵੇਖਣ ਦਾ ਹੀਆ ਕੀਤਾ ਹੈ। ਇਸੇ ਲਈ ਮਸ਼ਕਰੀ ਬਾਰੇ ਆਪਣਾ ਮੱਤ ਸਪਸ਼ਟ ਕਰਨਾ ਬਣਦਾ ਹੈ। ਇਹ ਤਾਂ ਜ਼ਾਹਰ ਹੈ ਕਿ ਨਾਟਕੀ ਕਿਰਤ ਸੁਜੀਵ ਚਿਤਰਕਾਰੀ ਹੈ ਅਤੇ ਯਥਾਰਥ ਦਾ ਭੁਲਾਵਾ ਹੈ, ਇੰਨ ਬਿੰਨ ਯਥਾਰਥ ਨਹੀਂ। ਜੇਕਰ ਸਾਹਿਤਕ ਕਿਰਤ ਦੀ ਗੱਲ ਈ ਕਰਨੀ ਹੋਵੇ ਤਾਂ ਕੇਵਲ ਯਥਾਰਥ ਦਾ ਭੁਲਾਵਾ ਜਾਂ ਨਕਲ ਪੇਸ਼ ਕਰ ਦੇਣੀ ਸੁਹਜਾਤਮਕ ਕਾਰਜ ਨਹੀਂ। ਸਮਾਜੀ ਲੇਖਕ, ਸਮੀਖਿਅਕ ਦਾ ਕੰਮ ਇਹ ਹੈ ਕਿ ਉਹ ਆਪਣੀ ਕਿਰਤ ਨੂੰ ਕਲਾਤਮਕ ਵਿਸ਼ਲੇਸ਼ਣ ਦੇ ਚੌਖਟੇ ਵਿਚ ਰਖ ਕੇ ਦਲੇਰਾਨਾ ਤੌਰ ’ਤੇ ਅਤੇ ਆਚਰਣਕ ਸਾਰਥਕਤਾ ਪੱਖੋਂ ਇਸ ਨੂੰ ਸੰਕੇਤੀ ਬਣਾਉਂਦਾ ਹੈ। ਇਸ ਦਲੇਰਾਨਾ ਸਮਾਜੀ ਸੰਕੇਤ ਦੀ ਉਸਾਰੀ ਤਾਂ ਹੀ ਹੋ ਸਕਦੀ ਹੈ ਜੇਕਰ ਕਿਰਤਕਾਰ ਸਮਾਜੀ ਬਣਤਰਾਂ ਦੀ ਜਾਂ ਪ੍ਰਬੰਧ ਦੇ ਘਾਪਿਆਂ ਦੀ ਕਮਜ਼ੋਰ ਰਗ ਤੇ ਨਸ਼ਤਰ ਰੱਖੇ ਅਤੇ ਖੁੱਲ੍ਹ ਕੇ ਖਿੱਲੀ ਉਡਾਵੇ। ਦਿਸਦੇ ਵਿਆਪਕ ਪ੍ਰਬੰਧ ਅਤੇ ਇਸ ਦੀਆਂ ਸੰਜੋਗੀ ਬਣਤਰਾਂ ਦੇ ਭੈੜ ਨੂੰ ਇੰਜ ਨੰਗਿਆਂ ਕਰੇ ਕਿ ਸਾਫ਼ ਪਤਾ ਲੱਗੇ, ਜੋ ਇਨ੍ਹਾਂ ਬਣਤਰਾਂ ਨੇ ਕਿਸ ਤਰ੍ਹਾਂ ਸਾਰਥਕ ਨੂੰ ਨਿਰਾਰਥਕ ਬਣਾਇਆ ਹੈ। ਮਸ਼ਕਰੀ ਕੇਵਲ ਮਜ਼ਾਕ ਜਾਂ ਵਿਅੰਗ ਜਾਂ ਤੁਣਕਾ ਜਾਂ ਚੂੰਢੀ ਨਹੀਂ ਬਲਕਿ ਕਰਮ-ਨਿਵਾਰਣ ਲਈ ਨਿਰੰਤਰਤ ਚੀਰ-ਫਾੜੀ ਕਾਰਜ ਹੈ। ਮੇਰੇ ਮੱਤ ਅਨੁਸਾਰ ਮਸ਼ਕਰੀ ਦਾ ਕਾਰਜ ਸਥਿਰ ਨਹੀਂ ਸਗੋਂ ਭਵਿੱਖਮੁਖੀ ਤੇ ਗਤੀਸ਼ੀਲ ਹੈ ਤਾਂ ਜੋ ਦਰਸ਼ਕ ਪੇਸ਼ਕਾਰੀ ਦੇ ਸੰਕੇਤ ਤੋਂ ਭੈੜ ਨੂੰ ਦੂਰ ਕਰਨ, ਟੁੱਟੇ ਦੀ ਮੁਰੰਮਤ ਕਰਨ ਅਤੇ ਢੱਠੇ ਦੀ ਮੁੜ ਉਸਾਰੀ ਵਰਗੀ ਪ੍ਰੇਰਨਾ ਲੈ ਸਕੇ। ‘ਚੌਕ ਨਾਟਕ’ ਦੇ ਮਸ਼ਕਰੀ ਕਾਰਜ ਨੂੰ ਮੈਂ ਇਨ੍ਹਾਂ ਅਰਥਾਂ ਵਿਚ (ਸ਼ਬਦਾਂ ਵਿਚ ਨਹੀਂ) ਲਿਆ ਹੈ। ਉਪ੍ਰੋਕਤ ਵਿਚਾਰ-ਪ੍ਰਬੰਧ ਨੂੰ ਮੈਂ ਇਸ ਕਾਵਿ-ਨਾਟਕ ਵਿਚੋਂ ਲੱਭਿਆ ਹੈ ਤੇ ਇਵੇਂ ਹੀ ਦੱਸਣ ਦੀ ਕੋਸ਼ਿਸ਼ ਕਰਾਂਗਾ।

ਇਸ ਮਸ਼ਕਰੀ-ਨਾਟਕ ਦੇ ਭੁਲਾਵੇ ਦਾ ਪਹਿਲਾ ਪੜਾ ਈ ਇਹ ਹੈ ਕਿ ਇਸ ਵਿਚ ਵਿਚਾਰ (ਅਰਥ) ਵਿਚਰਦੇ ਹਨ, ਪਾਤਰ ਤਾਂ ਸ਼ਬਦ ਰੂਪੀ ਹਨ।



ਇਤਿਹਾਸ-ਪਾਤਰ ਜਾਂ ਸਾਹਿਤ-ਪਾਤਰ ਵੀ ਨਾਵਾਂ ਪੱਖੋਂ ਹੀ ਅਜਿਹੇ ਹਨ, ਵਰਨਾ ਕਾਰਜ ਪੱਖੋਂ ਉਹ ਵੀ ਵਿਚਾਰ-ਚੌਖਟੇ ਹਨ।

ਏਥੇ ਸੂਤਰਧਾਰ ਕੋਈ ਵੀ ਆਵਾਜ਼ ਹੋ ਸਕਦੀ ਹੈ, ਜਿਵੇਂ ਇਕ ਦ੍ਰਿਸ਼-ਖੰਡ ਵਿਚ ਪਤਾ ਨਹੀਂ ਲੱਗਦਾ ਕਿ ਉਚਾਰ ਕਿਸ ਦਾ ਹੈ, ਮੰਚ ਉੱਤੇ ਤਾਂ ਕੇਵਲ ਮੂਰਤਾਂ ਆਕ੍ਰਿਤੀਆਂ ਹਨ। ਕਹਿਣ ਦਾ ਭਾਵ ਹੈ ਕਿ ਸੂਤਰਧਾਰ ਵੀ ਉਵੇਂ ਵਿਚਾਰ-ਪ੍ਰਭਾਵ ਹੈ, ਜਿਵੇਂ ‘ਨਟ’ ਜਾਂ ‘ਨਟੀ’ ਜਾਂ ਅੱਠਵੇਂ ਖੰਡ ਦੇ ਮੁਜਰਿਮ, ਨੌਵੇਂ ਖੰਡ ਦੇ ਗੁੰਗਾ, ਅੰਨ੍ਹਾਂ ਤੇ ਬੋਲਾ, ਦਸਵੇਂ ਖੰਡ ਦੀਆਂ ਆਵਾਜ਼ਾਂ ਜਾਂ ਪੰਦਰਵ੍ਹੇਂ ਖੰਡ ਦੇ ਮਰਦ ਤੇ ਔਰਤ ਆਦਿ।

‘ਆਦਿ-ਦ੍ਰਿਸ਼’ ਤੋਂ ਬਾਅਦ ਨਾਟਕ ਦਾ ਪਹਿਲਾ ਦ੍ਰਿਸ਼-ਖੰਡ ਲੋਕ-ਗੀਤ ਨਾਚ ‘ਜਾਗੋ’ ਨਾਲ ਸ਼ੁਰੂ ਹੁੰਦਾ ਹੈ। ਜਾਗੋ ਗੀਤ-ਨਿਰਤ ਜਾਗਣ ਦਾ ਸਮਾਜੀ ਸੰਕੇਤ ਹੈ। ਨਾਟਕ ਦੇ ਅਗਲੇ ਦ੍ਰਿਸ਼ਾਂ ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਇਸ ਗੀਤ ਦੀ ਪ੍ਰਤੀਕਾਤਮਕ ਸਾਰਥਕਤਾ ਹੈ, ਅਰਥਾਤ ਇਹ ਵਿਆਪਕ ਦੁਨਿਆਵੀ ਘਾਪਿਆਂ ਵਿਚ ਉਲਝੇ ਮਨੁੱਖ ਨੂੰ ਝੂਣ ਕੇ ਜਗਾਉਣ ਦਾ ਹੀਲਾ ਹੈ। ਗੀਤ ਜਿਥੇ ਅੰਤਰੀਵੀ ਸੰਵੇਦਨਾ ਜਗਾਉਣ ਦਾ ਕਾਰਜ ਹੈ, ਉੱਥੇ ਨਾਚ ਸਰੀਰਕ ਸਿੱਥਲਤਾ ਨੂੰ ਤਿਆਗ ਕੇ ਗਤੀਸ਼ੀਲ ਕਰਦਾ ਹੈ। ਇੰਜ ਇਹ ਜਾਗਰਣ ਗੀਤ ਚੌਰਾਹੇ ’ਚੋਂ ਰਾਹ ਲੱਭਣ ਦਾ ਸੂਚਕ ਹੈ। ਨਾਟਕਕਾਰ ਇਸ ਰਾਹ ਪ੍ਰਤੀ ਐਨਾ ਸੁਚੇਤ ਹੈ ਅਤੇ ਏਥੋਂ ਈ ਉਹਦੀ ਵਿਚਾਰ-ਸੰਗਲੀ ਸ਼ੁਰੂ ਹੁੰਦੀ ਹੈ।

ਨਾਟਕੀ ਪੇਸ਼ਕਾਰੀ ਵਿਚ ਵਿਰੋਧ-ਸੁਰ ਦਾ ਵੱਡਾ ਕਾਰਜ ਹੈ। ‘ਚੌਕ ਨਾਟਕ’ ਵਿਚ ਬਹੁਤੀਆਂ ਪਾਤਰ-ਸਥਿਤੀਆਂ ਇਸੇ ਵਿਰੋਧ-ਜੁਗਤ ਤੇ ਉੱਸਰੀਆਂ ਹਨ। ਮਸਲਨ ਇਸ ਕਾਵਿ-ਨਾਟਕ ਵਿਚ ‘ਸੋਤਾ-ਗੀਤ’ ਨੂੰ ਲਿਆ ਜਾ ਸਕਦਾ ਹੈ। ਏਥੇ ਇਹ ਗੱਲ ਵੇਖਣ ਵਾਲੀ ਹੈ, ਕਿ ਇਨ੍ਹਾਂ ਵਿਰੋਧਤਾਈਆਂ ਵਿਚ ਪ੍ਰਕਿਰਤੀ ਪੱਖੋਂ ਇਕਸੁਰਤਾ ਹੈ। ਜਿਵੇਂ ‘ਜਾਗੋ-ਗੀਤ’ ਦੀ ਵਿਰੋਧੀ-ਧਿਰ ‘ਸੋਤਾ-ਗੀਤ’ ਹੈ। ਵਿਚਾਰ ਦੇ ਪੱਖੋਂ ਅਜੇਹੇ ਸੰਜੋਗ ਕਲਾਤਮਕ ਯੋਗਤਾ ਦੇ ਲਖਾਇਕ ਹਨ। ਸੋਤਾ-ਗੀਤ ਨਾਟਕੀ ਰੂਪ ’ਚ ਪ੍ਰਗੀਤਕ ਵਿਧਾ ਤੋਂ ਰਵੀ ਦਾ ਅਸਲੋਂ ਨਵਾਂ ਤਜਰਬਾ ਹੈ। ਇਸ ਸੋਤਾ-ਗੀਤ ਅਤੇ ਜਾਗੋ-ਗੀਤ ਵਿਚਲੀ ਵਿਚਾਰਕ ਟੱਕਰ ’ਚੋਂ ਇਸ ਨਾਟਕ ਦਾ ਅਗਲਾ ਵਿਸਥਾਰ ਬਣਦਾ ਹੈ। ਨਾਟਕ ਦਾ ਇਹ ਵਿਰੋਧ-ਵਿਚਾਰੀ-ਰਿਸ਼ਤਾ ਹੀ ਨਾਟਕੀ ਅਰਥ-ਕਾਰਜ ਨੂੰ ਅਗਾਂਹ ਤੋਰਦਾ ਹੈ।

ਦੋਹਾਂ ਗੀਤਾਂ ਵਿਚ ‘ਦਿਸ਼ਾਵਾਂ’ ਸ਼ਬਦ ਸਮਾਜੀ ਚੇਤਨਾ ਦਾ ਸੰਕੇਤ ਹੈ। ਇਕ ਪਾਸੇ (ਜਾਗੋ-ਗੀਤ) ਗਤੀ ਦਾ ਪ੍ਰਤੀਕ ਹੈ ਅਤੇ ਦੂਜੇ ਪਾਸੇ (ਸੋਤਾ-ਗੀਤ) ਖੜੋਤ ਦਾ ਪ੍ਰਤੀਕ ਹੈ। ਜਿੱਥੇ ਇਹ ਵਿਰੋਧ-ਵਿਚਾਰ ਥੀਮਕੀ ਜੁਗਤ ਹੈ, ਉੱਥੇ ਨਾਟ-ਕਾਰਜੀ ਜੁਗਤ ਵੀ ਹੈ। ‘ਸੋਤਾ-ਗੀਤ’ ਦੇ ਅਰਥ-ਵਿਸਥਾਰ ਤੋਂ ਸਥਾਪਤੀ-ਵਿਰੋਧੀ ਵਿਚਾਰ-ਪ੍ਰਬੰਧ ਦਾ ਮਸ਼ਕਰੀ ਕਾਰਜ ਸ਼ੁਰੂ ਹੁੰਦਾ ਹੈ। ਇਸ ਮਸ਼ਕਰੀ-ਕਾਰਜ ਦੀ

ਸਿਖਰ ਨਾਟਕ ਦੇ 16ਵੇਂ ਦ੍ਰਿਸ਼ ਵਿਚ ਮਿਲਦੀ ਹੈ। ਇਸ ਖੰਡ ਵਿਚ ਦੋ ਚਿੰਨ੍ਹਾਂ, ਦੀਪਕ ਤੇ ਰੌਸ਼ਨੀ ਦਾ ਸੰਵਾਦ ਹੈ।

ਤੇ ਇਹੋ ਪ੍ਰਤੀਕ-ਪਾਤਰ ਜੋ ਬੁੱਧੀਜੀਵੀ ਹੋਣ ਦਾ ਭਰਮ ਪਾਲਦੇ ਹਨ, ਆਖ਼ਿਰ ਹੈਰੋਇਨ ਖਾ ਕੇ ਮੁਕਤੀ ਹਾਸਿਲ ਕਰਦੇ ਹਨ। ਇਹੋ ਮਸ਼ਕਰੀ-ਕਾਰਜ ਹੈ, ਜੋ ਅੰਤ ਦ੍ਰਿਸ਼ ਦੇ ਜਾਗੋ-ਗੀਤ ਨਾਚ ਵਿਚ ਆਪਣਾ ਰੂਪਾਂਤਰਿਤ ਰੂਪ ਉਜਾਗਰ ਕਰਦਾ ਹੈ। ਪਰ ਇਹ ਵੇਰਵਾ ਦੇਣ ਤੋਂ ਪਹਿਲਾਂ ਕੁਝ ਹੋਰ ਵਿਚਾਰ ਵੇਰਵੇ ਦੇਣੇ ਬਣਦੇ ਹਨ, ਜੋ ਇਸ ਨਾਟਕ ਵਿਚ ਪੇਸ਼ ਵਿਆਪਕ ਪ੍ਰਪੰਚ ਨੂੰ ਵਿਰੋਧ-ਵਿਚਾਰੀ ਨੁਕਤੇ ਤੋਂ ਵਿਚਾਰਨਯੋਗ ਬਣਾਉਂਦਾ ਹੈ। ਕੈਨਵਸ ਦਾ ਇਹ ਵੱਡ-ਵਿਸਥਾਰੀ ਚਿਤਰਪਟ ਸਮੁੱਚੀ ਦੁਨੀਆਂ ਵਿਚ ਵਿਚਾਰਕ-ਬਣਤਰਾਂ ਨੂੰ ਉਘਾੜਦਾ ਹੈ। ਦੁਨੀਆਂ ਦੀਆਂ ਵੱਡੀਆਂ ਸ਼ਕਤੀਆਂ ਦੇ ਆਪਸੀ ਅਤੇ ਅੰਤਰ-ਵਿਰੋਧਾਂ ਨੂੰ ਫ਼ਾਸਲੇ ਤੋਂ ਵੇਖਣਾ ਵੀ ਇਸ ਨਾਟਕ ਦਾ ਵਿਸ਼ੇਸ਼ ਲੱਛਣ ਹੈ। ਦੁਨੀਆਂ ਦੀਆਂ ਦੋਵੇਂ ਵੱਡੀਆਂ ਸ਼ਕਤੀਆਂ ਜਿਵੇਂ ਆਪਣੇ ਨਿੱਜੀ ਸਵਾਰਥਾਂ ਲਈ ਬਾਕੀ ਲੋਕਾਈ ਨੂੰ ਦਾਅ ਤੇ ਲਾਉਂਦੀਆਂ ਹਨ, ਇਹ ਗੱਲ ਜ਼ੋਰ ਨਾਲ ਕਹਿਣੀ ਅੱਜ ਦੇ ਚਿੰਤਕ ਦੀ ਵੱਡੀ ਜੁਰੱਅਤ ਆਖੀ ਜਾ ਸਕਦੀ ਹੈ। ਇਕ ਵਾਰ ਫਿਰ ਮਸ਼ਕਰੀ-ਕਾਰਜ ਆਪਣਾ ਰੰਗ ਬੰਨ੍ਹਦਾ ਹੈ।

ਇੰਜ 'ਚੌਕ ਨਾਟਕ' ਵਿਆਪਕ ਦੁਨਿਆਵੀ ਪ੍ਰਪੰਚ ਦੀ ਗੱਲ ਛੇੜਦਾ ਹੈ, ਜਿਸ ਵਿਚ ਦੁਨੀਆ ਦੇ ਸਾਰੇ ਪ੍ਰਬੰਧ ਮਸ਼ਕਰੀ ਦਾ ਸ਼ਿਕਾਰ ਬਣਦੇ ਹਨ।

'ਚੌਕ ਨਾਟਕ' ਵਿਚ ਰੂਪ ਪੱਖੋਂ ਕੁਝ ਅਸਲੋਂ ਨਵੀਆਂ ਈਜਾਦਾਂ ਨਾਟਕਕਾਰ ਨੇ ਕੀਤੀਆਂ ਹਨ, ਜਿਸ ਕਾਰਨ ਇਹ ਕਾਵਿ-ਨਾਟਕੀ ਕਿਰਤ ਆਪਣਾ ਵੱਖਰਾ ਸਥਾਨ ਬਣਾਉਂਦੀ ਹੈ।

ਲੇਖਕ ਨੇ ਪਹਿਲੀ ਵਾਰ ਲੋਕਯਾਨਕ ਪ੍ਰਸੰਗਾਂ ਦਾ ਆਧੁਨਿਕ ਸੋਚ ਨਾਲ ਰਿਸ਼ਤਾ ਜੋੜਿਆ ਹੈ। ਹੀਰ, ਛੱਲਾ ਅਤੇ ਮਾਹੀਆ ਵਰਗੇ ਲੋਕ ਗੀਤਾਂ ਦੀਆਂ ਜੁਗਤਾਂ, ਵਿਚਾਰ-ਗਤੀ ਨੂੰ ਹੀ ਨਹੀਂ, ਨਾਟਕੀ ਕਾਰਜ ਨੂੰ ਵੀ ਤੇਜ਼ ਕਰਦੀਆਂ ਹਨ।

ਇਕ ਪਾਸੇ ਜੇ ਆਦਮ ਹੱਵਾ ਦੀ ਮਿੱਥ ਨੂੰ ਦ੍ਰਿਸ਼ਟਮਾਨ ਕੀਤਾ ਗਿਆ ਹੈ ਤਾਂ ਦੂਜੇ ਪਾਸੇ ਕਵੀਆਂ ਦੀਆਂ ਕਵਿਤਾਵਾਂ ਰਾਹੀਂ ਗੱਲ ਨੂੰ ਸਮਕਾਲੀ ਸਥਿਤੀ ਨਾਲ ਜੋੜਿਆ ਹੈ। ਇਤਿਹਾਸ ਅਤੇ ਸਾਹਿਤ-ਪਾਤਰਾਂ ਦੇ ਵਿਚਾਰ-ਪ੍ਰਤੀਕਾਂ ਦੀ ਪੇਸ਼ਕਾਰੀ ਵੀ ਇਸ ਨਾਟਕ ਦਾ ਨਵਾਂ ਪ੍ਰਯੋਗ ਹੈ। ਰੂਪ ਦੀਆਂ ਇਹ ਨਵੀਆਂ ਈਜਾਦਾਂ ਪ੍ਰਯੋਗ ਮਾਤਰ ਨਹੀਂ ਹਨ, ਬਲਕਿ "ਚੌਕ ਨਾਟਕ" ਵਿਚਲੇ ਵਿਚਾਰ-ਪ੍ਰਬੰਧ ਦੇ ਹੀ ਸੰਗਲੀ ਰੂਪ ਹਨ।

ਵਿਰੋਧ-ਵਿਚਾਰ ਦੀ ਜੁਗਤ ਰਾਹੀਂ ਉਸਾਰੇ ਇਸ ਕਲਾ-ਪ੍ਰਬੰਧ ਨੂੰ ਆਖ਼ਿਰ ਵਿਚ ਫਿਰ ਜਾਗੋ-ਗੀਤ-ਨਾਚ ਨਾਲ ਖ਼ਤਮ ਕੀਤਾ ਗਿਆ ਹੈ। ਲੇਖਕ ਵਿਰੋਧ-



Final dummy

ਧਿਰਾਂ 'ਚੋਂ ਆਪਣੀ ਗੱਲ ਮੁੱਕਦੀ ਗੱਲ ਵਜੋਂ ਪੇਸ਼ ਕਰਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਜਟਿੱਲ, ਭੇਖੀ, ਤਬਾਹਕੁੰਨ ਦੁਨਿਆਵੀ ਪ੍ਰਪੰਚ ਨੂੰ ਜਾਗਣ ਨਾਲ ਹੀ ਸੋਧਿਆ ਜਾ ਸਕਦਾ ਹੈ।

ਇੰਜ 'ਚੌਕ ਨਾਟਕ' ਦੁਨਿਆਵੀ ਪ੍ਰਪੰਚ ਨੂੰ ਮਸ਼ਕਰੀ ਕਰਨ ਵਾਲੀ ਆਪਣੀ ਹੀ ਤਰ੍ਹਾਂ ਦੀ ਕਾਵਿ-ਨਾਟਕੀ ਕਿਰਤ ਹੈ, ਜੋ ਆਪਣੇ ਸਾਰਥਕ ਸਮਾਜੀ ਕਾਰਜ ਨੂੰ ਆਪਣੀ ਵਿਧਾ ਅਨੁਸਾਰ ਸਫਲਤਾ ਨਾਲ ਪੇਸ਼ ਕਰਦੀ ਹੈ।

**-ਡਾ. ਮੋਹਨਜੀਤ**

**'ਲੋਅ'**, ਜਨਵਰੀ, 1985



Final dummy

# 'ਚੌਕ ਨਾਟਕ' : ਟੋਟਲ ਤੇ ਪ੍ਰੌਢ ਥੀਏਟਰ

ਰਵਿੰਦਰ ਰਵੀ ਨੇ ਆਧੁਨਿਕ ਮੰਚ-ਵਿਧੀ ਦੀ ਚੇਤਨਾ ਨਾਲ 'ਚੌਕ ਨਾਟਕ' ਤੋਂ ਪਹਿਲਾਂ ਵੀ ਤਿੰਨ ਕਾਵਿ-ਨਾਟਕਾਂ ਦੀ ਰਚਨਾ ਕੀਤੀ ਹੈ ਤੇ ਇਸ ਕਾਵਿ-ਨਾਟ ਵਿਚ ਉਸੇ ਵਿਧੀ ਦਾ ਹੋਰ ਪ੍ਰਯੋਗ ਕੀਤਾ ਹੈ। ਉਹ ਸੰਚਾਰ ਮਾਧਿਅਮਾਂ (ਰੇਡੀਓ, ਟੈਲੀਵੀਯਨ ਸਿਨਮੈਟਿਕ ਸਭ ਵਿਧੀਆਂ) ਨੂੰ ਵਰਤ ਕੇ 'ਟੋਟਲ' ਤੇ 'ਪੌਢ' ਥੀਏਟਰ ਦੀ ਵਿਧੀ ਬਣਾਉਂਦਾ ਹੈ। ਕੇਵਲ ਵਿਧੀ ਕਰਕੇ ਹੀ ਨਹੀਂ, ਸਗੋਂ ਆਪਣੇ ਥੀਮ ਕਰਕੇ ਵੀ ਇਹ ਨਾਟਕ ਜੱਟਿਲ ਹੈ। ਇਹ ਥੀਮ ਕਈ ਪ੍ਰਤੀਕਾਂ ਤੇ ਬਿੰਬਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਆਦਿ ਦ੍ਰਿਸ਼ ਵਿਚ ਨਾਟਕਕਾਰ (ਜਿਸ ਦੀ ਥਾਂ ਨਿਰਦੇਸ਼ਕ ਜਾਂ ਕੋਈ ਹੋਰ ਵੀ ਹੋ ਸਕਦਾ ਹੈ) ਦਰਸ਼ਕਾਂ ਨੂੰ ਸੰਬੋਧਨ ਕਰਦਾ ਹੈ ਤੇ ਨਾਟਕ ਦੀ ਵਿਧੀ ਨਾਲ ਜੋੜਦਾ ਹੈ। ਉਸ ਪਿੱਛੋਂ ਇਸ ਕਾਵਿ-ਨਾਟ ਦੇ ਛੋਟੇ ਛੋਟੇ ਦ੍ਰਿਸ਼ ਹਨ। ਕਾਵਿ-ਨਾਟਕ 'ਜਾਗੋ' ਅਤੇ 'ਸੋਤੇ' ਦੇ ਗੀਤ ਅਤੇ ਸਥਿਤੀ ਤੋਂ ਸ਼ੁਰੂ ਹੁੰਦਾ ਹੈ। ਜਦੋਂ ਵੀ ਸੂਤਰਧਾਰ ਦਾ ਦ੍ਰਿਸ਼ ਆਉਂਦਾ ਹੈ, ਪਿਛੋਕੜ ਤੋਂ ਚੌਕ ਵੱਲ ਆ ਰਹੇ ਟਰੈਫਿਕ ਦਾ ਸ਼ੋਰ ਹੈ। ਉਸ ਪਿੱਛੋਂ ਨੇਤਾਵਾਂ ਚਿੰਤਕਾਂ ਵੱਲੋਂ ਪੈਦਾ ਕੀਤੇ ਚਿੰਤਨਾਂ ਦੇ ਸ਼ੋਰ ਵੱਲ ਸੰਕੇਤ ਹੈ, ਗਿਆਨ ਵਿਗਿਆਨ ਨੇ ਵੀ ਇਕ ਚੌਕ ਦੀ ਸਥਿਤੀ ਹੀ ਪੈਦਾ ਕੀਤੀ ਹੈ, ਆਦਮ, ਹੱਵਾ 'ਅੰਨ੍ਹੇ ਖੂਹ' ਦੇ ਪ੍ਰਤੀਕ ਰਾਹੀਂ ਇਸ ਖੜੋਤ ਨੂੰ ਪਰਗਟ ਕਰਦੇ ਹਨ। ਸੂਤਰਧਾਰ ਜਿਨ੍ਹਾਂ ਪਾਤਰਾਂ ਦਾ ਸੰਖੇਪ ਦ੍ਰਿਸ਼ਾਂ 'ਚ ਜ਼ਿਕਰ ਕਰਦਾ ਹੈ ਅਗਲੇ ਦ੍ਰਿਸ਼ਾਂ 'ਚ ਉਨ੍ਹਾਂ ਦਾ ਪਾਸਾਰ ਹੈ। ਗਾਂਧੀ ਦੇ ਤਿੰਨ ਬਾਂਦਰ, ਚਾਰ ਪਾਗ਼ਲ, ਗਿਆਰਾਂ ਕਵੀਆਂ ਦੀ ਬੌਧਿਕਤਾ, ਕਿਸੇ ਐਬਸਰਡ ਸਥਿਤੀ ਤੇ ਸਵੈ-ਕਟਾਖਸ਼ੀ ਭਾਸ਼ਾ ਵਿਚ ਪੇਸ਼ ਹੁੰਦੇ ਹਨ। ਅੰਤ ਤੇ ਦੀਪਕ ਤੇ ਰੌਸ਼ਨੀ ਵੀ ਇਸੇ ਚੌਰਾਹੇ 'ਤੇ ਪਹੁੰਚ ਮਨਫ਼ੀ ਹੋ ਜਾਣ ਦੇ ਕਾਇਲ ਹਨ। ਜ਼ਿੰਦਾ ਹਨ ਤਾਂ ਕੇਵਲ ਮਾਰੋ, ਲੁੱਟੋ ਦੀਆਂ ਆਵਾਜ਼ਾਂ। ਲਾਠੀ, ਗੋਲੀ, ਜ਼ਿੰਦਾਬਾਦ। ਅੰਤਲਾ-ਦ੍ਰਿਸ਼ ਫਿਰ 'ਜਾਗੋ' ਦਾ ਏ, ਪਰ 'ਜਾਗੋ' ਤੋਂ 'ਜਾਗੋ' ਦੇ ਵਿਚਾਲੇ 'ਚੌਕ ਨਾਟਕ' ਹੈ। ਇਕ ਚੌਕ ਤੋਂ ਵਧ ਕੇ ਹੋਰ ਚੌਕ ਬਣ ਗਏ ਹਨ। ਅਜਿਹੇ ਜੱਟਿਲ ਕਾਵਿ-ਨਾਟ ਪੰਜਾਬੀ ਵਿਚ ਜਦੋਂ ਮੰਚ ਤੇ ਪੇਸ਼ ਕੀਤੇ ਜਾ ਸਕਣਗੇ, ਉਸ ਦਿਨ ਦੀ ਉਡੀਕ ਹੈ।

**–ਡਾ ਸੁਤਿੰਦਰ ਸਿੰਘ ਨੂਰ**
**'ਸਮਦਰਸ਼ੀ',** ਪ੍ਰਵੇਸ਼ ਅੰਕ



Final dummy

# 'ਚੌਕ ਨਾਟਕ' : ਅੰਤਰਰਾਸ਼ਟਰੀ ਪੱਧਰ ਦੀ ਰਚਨਾ

ਰਵਿੰਦਰ ਰਵੀ ਪੰਜਾਬੀ ਦਾ ਪ੍ਰਮੁੱਖ ਆਧੁਨਿਕਤਾਵਾਦੀ ਕਵੀ ਹੈ ਅਤੇ ਬ੍ਰਹਿਮੰਡਕ ਚੇਤਨਾ ਦਾ ਅਲਮਬਰਦਾਰ ਹੈ। ਪਰ 1973 ਵਿਚ 'ਬੀਮਾਰ ਸਦੀ' ਨਾਮ ਦਾ ਕਾਵਿ ਨਾਟਕ ਲਿਖ ਕੇ ਉਸ ਨੇ ਨਾਟਕ-ਖੇਤਰ ਵਿਚ ਇਕ ਵੱਡਾ ਹਸਤਾਖਰ ਸਥਾਪਿਤ ਕਰਨ ਦਾ ਜੋ ਪ੍ਰਣ ਕੀਤਾ ਸੀ ਉਸ ਨੂੰ ਉਹ ਸਾਕਾਰ ਕਰ ਰਿਹਾ ਹੈ। ਸਾਡੇ ਵਿਚਾਰ ਅਧੀਨ ਉਸਦੀ ਪੁਸਤਕ 'ਚੌਕ ਨਾਟਕ' ਇਸ ਪ੍ਰਸੰਗ ਵਿਚ ਉਸਦੀ ਚੌਥੀ ਰਚਨਾ ਹੈ। ਭਾਰਤ ਰਹਿੰਦਿਆਂ ਉਹ ਕੇਵਲ ਕਵੀ ਤੇ ਕਹਾਣੀਕਾਰ ਸੀ। ਪਰਦੇਸਾਂ ਵਿਚ ਜਾ ਕੇ ਉਸਨੂੰ ਨਾਟਕ ਵਰਗੇ ਸ਼ਕਤੀਸ਼ਾਲੀ ਮਾਧਿਅਮ ਦਾ ਅਹਿਸਾਸ ਤੇ ਅਨੁਭਵ ਹੋਇਆ ਹੈ। ਨਾਟਕ, ਰੰਗਮੰਚ ਨਾਲ ਜੁੜਿਆ ਹੋਣ ਕਰਕੇ ਇਕ ਅਜਿਹਾ ਪ੍ਰਭਾਵਸ਼ਾਲੀ ਰੂਪ ਹੈ ਕਿ ਉਸ ਸਾਹਵੇਂ ਸਾਹਿਤ ਦੇ ਸਭ ਰੂਪ ਗੌਣ ਰੂਪ ਹੋ ਜਾਂਦੇ ਹਨ। ਖਾਸ ਕਰਕੇ ਯੂਰਪੀ ਮੁਲਕਾਂ ਵਿਚ ਥੀਏਟਰ ਦੇ ਜੋ ਨਵੇਂ ਪ੍ਰਯੋਗ ਹੋ ਰਹੇ ਹਨ ਉਹ ਹੈਰਾਨਕੁੰਨ ਹਨ ਅਤੇ ਨਾਟਕ, ਥੀਏਟਰ ਦੁਆਰਾ, ਸਿਨੇਮਾ ਅਤੇ ਟੀ.ਵੀ. ਸਭ ਉੱਤੇ ਹਾਵੀ ਹੁੰਦਾ ਜਾ ਰਿਹਾ ਹੈ। ਦੇਸ਼-ਦੇਸ਼ਾਂਤਰ ਘੁੰਮਣ ਵਾਲੇ ਸਾਡੇ ਕਵੀ ਰਵਿੰਦਰ ਰਵੀ ਦਾ ਇਸ ਆਧੁਨਿਕਤਮ ਰੂਪ ਵਲ ਪ੍ਰੇਰਿਤ ਹੋਣਾ ਸੁਭਾਵਿਕ ਹੀ ਹੈ।

'ਚੌਕ ਨਾਟਕ' ਥੀਮ ਤੇ ਥੀਏਟਰੀਕਲ ਪ੍ਰਯੋਗਾਂ ਦੇ ਪੱਖ ਤੋਂ ਪੰਜਾਬੀ ਦੇ ਹੁਣ ਤਕ ਲਿਖੇ ਆਧੁਨਿਕ ਨਾਟਕਾਂ ਵਿਚ ਇਕ ਵਿਸ਼ੇਸ਼ ਸਥਾਨ ਦਾ ਅਧਿਕਾਰੀ ਹੈ।

ਪ੍ਰਵਾਸੀ ਲੇਖਕਾਂ ਦੇ ਬਾਹਰਲੇ ਅਨੁਭਵ ਦੁਆਰਾ ਸਾਡੀ ਜ਼ੁਬਾਨ ਤੇ ਸਾਡੇ ਸਾਹਿਤ ਨੇ ਅੰਤਰਰਾਸ਼ਟਰੀ ਚੇਤਨਾ ਵਿਚ ਪ੍ਰਵੇਸ਼ ਕੀਤਾ ਹੈ। ਰਵੀ ਦਸਦਾ ਹੈ ਕਿ ਖੇਰੂੰ ਖੇਰੂੰ ਹੋ ਰਹੀ ਮਨੁੱਖਤਾ ਅਤੇ ਸੰਸਕ੍ਰਿਤੀ ਆਪਣੀ ਹੋਂਦ ਗਵਾ ਰਹੀ ਹੈ। ਓਪੇਰਾ ਸ਼ੈਲੀ ਵਿਚ ਉਸ ਨੇ ਥੀਏਟਰੀ ਸੂਝ ਦੀਆਂ ਵੱਖ-ਵੱਖ ਦਿਸ਼ਾਵਾਂ ਦੁਆਰਾ ਵਰਤਮਾਨ ਸੰਸਾਰ ਨੂੰ ਸਾਕਾਰ ਕੀਤਾ ਹੈ ਅਤੇ ਪ੍ਰਵਾਸੀ ਲੇਖਕਾਂ ਲਈ ਇਕ ਪ੍ਰਤੀਮਾਨ ਕਾਇਮ ਕੀਤਾ ਹੈ। ਉਹ ਮਨੁੱਖਤਾ ਦੇ ਦਰਦ ਨੂੰ ਹੰਢਾਉਂਦਾ ਤੇ ਹੰਝੂ ਕੇਰਦਾ ਨਜ਼ਰ ਆਉਂਦਾ ਹੈ। ਪਹਿਲੇ ਹੀ ਅੰਕ ਵਿਚ ਪੰਜਾਬ ਦੀ ਆਦਿ-ਜੁਗਾਦੀ



Final dummy

ਪਰੰਪਰਾ 'ਜਾਗੋ' ਦਾ ਮਾਧਿਅਮ ਵਰਤਿਆ ਹੈ, ਪਹਿਲਾ ਟੋਲਾ ਜਾਗਣ ਲਈ ਪ੍ਰੇਰ ਰਿਹਾ ਹੈ। ਪਰ ਦੂਜਾ ਟੋਲਾ ਸੌਣ ਤੇ ਅੱਖਾਂ ਮੀਟਣ ਲਈ ਪ੍ਰੇਰਦਾ ਦੂਸ਼ਨਾਇਕ (ਖਲਨਾਇਕ) ਦਾ ਕਿਰਦਾਰ ਨਿਭਾ ਰਿਹਾ ਹੈ।

ਨਾਟਕ ਦਾ ਕਰਮ-ਸਥਲ ਇਕ ਚੌਕ ਹੈ, ਜਿਸ ਵਿਚ ਵੱਖ ਵੱਖ ਭਾਵਾਂ ਤੇ ਵਿਚਾਰਾਂ ਦੇ ਪਾਤਰ ਆ ਕੇ ਆਪਣੇ ਖ਼ਿਆਲ, ਕਵਿਤਾ ਤੇ ਗੀਤਾਂ ਦੁਆਰਾ ਪ੍ਰਗਟਾ ਰਹੇ ਹਨ। ਇਹ ਸ਼ੈਲੀ ਭਾਰਤ ਲਈ ਹੁਣ ਨਵੀਂ ਨਹੀਂ ਰਹੀ ਪਰ ਪੰਜਾਬੀ ਵਿਚ ਰਵੀ ਨੇ ਪਹਿਲੀ ਵਾਰ ਇਹ ਪ੍ਰਯੋਗ ਕੀਤਾ ਹੈ। ਨੈਸ਼ਨਲ ਸਕੂਲ ਆਫ਼ ਡਰਾਮਾ, ਦਿੱਲੀ ਦੇ ਨਿਰਦੇਸ਼ਕ ਅਲਕਾਜ਼ੀ ਅਤੇ ਪ੍ਰਸਿੱਧ ਨਾਟਕ ਲੇਖਕ, ਨਿਰਦੇਸ਼ਕ ਦੇ ਨਿਰਮਾਤਾ ਹਬੀਬ ਤਨਵੀਰ ਇਸ ਬਾਰੇ ਬਹੁਤ ਉੱਤਮ ਪੇਸ਼ਕਾਰੀਆਂ ਕਰ ਚੁੱਕੇ ਹਨ। 'ਚਰਨ ਦਾਸ ਚੋਰ' ਅਤੇ 'ਆਗਰਾ ਬਾਜ਼ਾਰ' ਇਸ ਦੇ ਪ੍ਰਮੁਖ ਪ੍ਰਮਾਣ ਹਨ। ਬੰਗਾਲ ਤੇ ਮਹਾਂਰਾਸ਼ਟਰ ਵਿਚ ਇਸ ਸ਼ੈਲੀ ਦਾ ਬਹੁਤ ਪ੍ਰਯੋਗ ਹੁੰਦਾ ਹੈ। ਇਹ ਚੌਕ ਸੰਸਾਰ ਦੇ ਜੀਵਨ ਦਾ ਮਘਦਾ ਪ੍ਰਤੀਕ ਹੈ। ਜਿਸ ਵਿਚ ਭਾਰਤ ਦੇ ਰਾਜਗੁਰੂ ਅਤੇ ਭਗਤ ਸਿੰਘ ਤੋਂ ਲੈ ਕੇ ਕੈਨੇਡੀ, ਮਾਰਟਨ ਲੂਥਰ ਕਿੰਗ ਤਕ ਆਪਣਾ ਅਭਿਨਯ ਕਰ ਰਹੇ ਹਨ। ਇਸ ਚੌਕ ਨੂੰ ਵਿਸ਼ਾਲ ਪ੍ਰਕਰਣ ਵਿਚ ਵੇਖੀਏ ਤਾਂ ਸਾਡੇ ਅੰਦਰ ਵੀ ਇਸ ਚੌਕ ਦਾ ਲਘੂ ਰੂਪ ਹੈ ਅਤੇ ਸਾਰੇ ਸੰਸਾਰ ਵਿਚ ਇਹ 'ਚੌਕ ਨਾਟਕ' ਰੋਜ਼ ਵਾਪਰ ਰਿਹਾ ਹੈ। ਬੁੱਧੀਜੀਵੀ ਕੈਦ ਹਨ, ਰਾਜ ਸੱਤਾ ਪ੍ਰਧਾਨ ਹੈ, ਖ਼ਿਆਲ ਜ਼ੰਜੀਰਾਂ ਵਿਚ ਬੱਧੇ ਹਨ। ਲੋਕਾਂ ਨੂੰ ਲੜਾਉਣ ਵਾਲਾ ਸੂਤਰਧਾਰ ਆਪਣਾ ਖੇਲ ਰਚਾ ਰਿਹਾ ਹੈ। ਲੇਖਕ ਨੇ ਚੌਕ ਨੂੰ ਸੰਸਾਰ ਦੇ ਇਤਿਹਾਸ ਦਾ ਮਾਧਿਅਮ ਬਣਾ ਦਿੱਤਾ ਹੈ। ਵਿਸ਼ਵ ਜੀਵਨ ਦਾ ਇਹ ਚੌਕ ਹਰ ਥਾਂ ਮੌਜੂਦ ਹੈ।

ਸਾਹਿਤ ਦੀ ਆਮ ਪਰੰਪਰਾ ਅਨੁਸਾਰ ਉਸਨੇ ਆਦਿ ਤੋਂ ਅੰਤ ਤਕ ਕੇਵਲ ਇਕ ਖ਼ਿਆਲ ਪ੍ਰਮਾਣਿਤ ਕਰਨ ਦਾ ਯਤਨ ਨਹੀਂ ਕੀਤਾ ਸਗੋਂ ਹਰ ਦ੍ਰਿਸ਼ ਦੁਆਰਾ ਸੰਸਾਰ ਵਿਚ ਪਸਰੇ ਜਾਲ ਨੂੰ ਪ੍ਰਸਤੁਤ ਕੀਤਾ ਹੈ। ਰਵਿੰਦਰ ਰਵੀ ਮੁੱਢ ਤੋਂ ਹੀ ਦਾਰਸ਼ਨਿਕ, ਤਰਕਸ਼ੀਲ ਤੇ ਵਿਅੰਗਕਾਰ ਕਵੀ ਰਿਹਾ ਹੈ। ਇਸ ਨਾਟਕ ਵਿਚ ਉਸਦੇ ਉਪਰੋਕਤ ਤਿੰਨੇ ਗੁਣ ਕਾਵਿ-ਨਾਟਕ ਦੇ ਵੱਖ ਵੱਖ ਟੋਟਿਆਂ ਵਿਚ ਬੱਝੇ ਸਾਡੀ ਬੁੱਧੀ ਅਤੇ ਭਾਵਨਾ ਨੂੰ ਝੰਜੋੜਦੇ ਹਨ, ਕਾਵਿ-ਨਾਟਕ ਦੇ ਕੁਝ ਬੋਲ ਪੇਸ਼ ਹਨ-

ਆਪੋ-ਆਪਣੀਆਂ ਚੁੱਕ ਸਲੀਬਾਂ
ਜਨਮ-ਕਾਲ ਤੋਂ ਅੰਤ ਕਾਲ ਤਕ
ਜੀਵਨ ਜੀਊਂਦੇ, ਲੜਦੇ ਭਿੜਦੇ
ਜਰਦੇ, ਨਿੰਵਦੇ, ਮਾਰਨ, ਮਰਦੇ
ਇਕ ਕਰਨ ਉਡੀਕ ਮੌਤ ਦੀ
ਲਾਹ ਨਾ ਸਕਣ ਗਲ 'ਚੋਂ ਫਾਹਾ।



Final dummy

ਤੁਰਦਾ ਫਿਰਦਾ ਬੰਦੀਖਾਨਾ
ਅੱਜ ਦਾ ਜੀਵਨ, ਇਹ ਇਨਸਾਨ
ਸਗਲਾ ਢਾਂਚਾ, ਸਗਲ ਜ਼ਮਾਨਾ
ਇਹ ਦੁਨੀਆਂ ਇਕ ਬੰਦੀਖਾਨਾ
ਜੰਮਣਾ, ਜੰਮ ਕੇ ਨਿਸ ਦਿਨ ਜੀਊਣਾ
ਜੀਊਂਦੇ ਜਾਣਾ, ਬੰਦਸ਼ਾਂ ਅੰਦਰ
ਹੋਰ ਬੰਦਸ਼ਾਂ, ਪੈਦਾ ਕਰਨਾ।

ਏਸ ਚੌਰਾਹੇ ਮੁਜਰਮ ਆਏ,
ਪੀਰ ਪੈਗੰਬਰ ਭਾਰੇ।
ਏਸ ਚੌਰਾਹੇ ਦੀਨ, ਦੁਨੀ ਦੇ,
ਭੇਦ ਛੁਪੇ ਹਨ, ਸਾਰੇ।
ਏਸ ਚੌਰਾਹੇ ਜੰਗਲ ਵਸਦਾ,
ਵੱਜਦੇ ਢੋਲ ਨਗਾਰੇ,
ਏਸ ਚੌਰਾਹੇ ਸੱਭਿਅਤਾ ਆਈ,
ਪੱਤਝੜ ਵਿਚ ਨਜ਼ਾਰੇ।
ਏਸ ਚੌਰਾਹੇ ਸੁੰਨ ਸਮਾਧੀ,
ਸ਼ੋਰ-ਸ਼ਰਾਬੇ ਭਾਰੇ।
ਏਸ ਚੌਰਾਹੇ ਤੁਰਨ ਖੜਨ ਵਿਚ
ਜੀਵ ਵਿਚਰਦੇ ਸਾਰੇ।
ਏਸ ਚੌਰਾਹੇ ਭੈ ਮੌਤ ਦਾ,
ਜੀਵਨ ਵਿਚ ਪੁਆੜੇ।
ਏਸ ਚੌਰਾਹੇ ਹੁਣ ਹੀ ਸਭ ਕੁਝ
ਕੱਲ੍ਹ, ਭਲਕ, ਅੱਜ ਮਾਰੇ।

ਲੇਖਕ ਨੇ ਆਪਣੇ ਵਿਚਾਰਾਂ ਨੂੰ ਹੋਰ ਵਧੇਰੇ ਮੂਰਤੀਮਾਨ ਕਰਨ ਲਈ ਇਕ ਦ੍ਰਿਸ਼ ਵਿਚ ਕਵੀ-ਦਰਬਾਰ ਦਾ ਆਯੋਜਨ ਕੀਤਾ ਹੈ। ਇਸ ਤਰ੍ਹਾਂ ਇਸ ਮਾਧਿਅਮ ਦੁਆਰਾ ਆਪਣੇ ਸਭ ਵਿਚਾਰ ਅਭਿਵਿਅਕਤ ਕਰ ਦਿੱਤੇ ਹਨ। ਜਿੱਥੇ ਇਹ ਨਾਟਕ ਸਾਰਥਕ ਚਿੰਤਨਸ਼ੀਲ ਸਾਹਿਤ ਵਿਚ ਇਕ ਵੱਡਾ ਸਥਾਨ ਪ੍ਰਾਪਤ ਕਰੇਗਾ, ਉਸਦੇ ਨਾਲ ਹੀ ਲੇਖਕ ਦੀ ਆਧੁਨਿਕਤਮ ਰੰਗ ਮੰਚ ਸੂਝ ਨੂੰ ਵੀ ਹਸਤਾਖਰਿਤ ਕਰੇਗਾ। ਇਸ ਦਾ ਪ੍ਰਮਾਣ ਉਹ ਸੁਝਾਓ ਹਨ ਜੋ ਉਹ ਨਿਰਦੇਸ਼ਕ ਨੂੰ ਹਰ ਨਾਟ ਦੇ ਪ੍ਰਾਰੰਭ ਵਿਚ ਦਿੰਦਾ ਹੈ। ਉਦਾਹਰਣ ਵਜੋਂ ਇਕ ਮੰਚ ਨਿਰਦੇਸ਼ਨ ਇਸ ਤਰ੍ਹਾਂ ਦੇਂਦਾ ਹੈ-



Final dummy

"ਮੰਚ ਉੱਤੇ ਅਨ੍ਹੇਰਾ ਹੈ, ਚੌਂਹ ਦਿਸ਼ਾਵਾਂ, ਚੌਹਾਂ ਸੜਕਾਂ ਵਲੋਂ ਚੌਕ ਵੱਲ ਆ ਰਹੇ ਟਰੱਕ, ਸਕੂਟਰ, ਮੋਟਰ ਸਾਈਕਲ, ਰਿਕਸ਼ੇ, ਟਾਂਗੇ, ਬੱਸਾਂ, ਲਾਰੀਆਂ, ਬੈਲ-ਗੱਡੀਆਂ, ਕਾਰਾਂ, ਸਾਈਕਲਾਂ ਤੇ ਐਸੇ ਹੀ ਹੋਰ ਵਾਹਣਾਂ ਅਤੇ ਪੈਦਲ ਸਵਾਰਾਂ ਦੇ ਸ਼ੋਰ ਦੇ ਧੁਨੀ ਪ੍ਰਭਾਵ ਉੱਭਰਦੇ ਹਨ। ਹਾਰਨ, ਸਾਇਰਨ, ਘੰਟੀਆਂ, ਆਵਾਜ਼ਾਂ, ਇੰਜਨਾਂ ਦਾ ਡਾਢਾ ਸ਼ੋਰ ਹੈ। ਹਫਦਾ ਹੌਂਕਦਾ ਇਹ ਸ਼ੋਰ ਸਿਖ਼ਰ ਤੇ ਪਹੁੰਚ ਕੇ ਇਕ ਛਣਾਕੇ ਨਾਲ ਸੰਘਣੇ ਮੌਨ ਵਿਚ ਡੁੱਬ ਜਾਂਦਾ ਹੈ। ਚੌਹਾਂ ਤਰਫ਼ਾਂ ਤੋਂ ਆ ਰਿਹਾ ਸਭ ਕੁਝ ਇਕ ਦੂਜੇ ਵਿਚ ਗੰਢ ਪੀਚਵਾਂ ਫਸਿਆ ਰੁਕ ਜਾਂਦਾ ਹੈ। ਇਸ ਦੌਰਾਨ ਸਪਾਟਲਾਈਟ ਪਿੱਠਭੂਮੀ ਦੇ ਪਰਦੇ ਉੱਤੇ ਸਿਨਮੈਟਿਕ ਤੇ ਜਾਂ ਵੀਡੀਓ ਟੀ.ਵੀ. ਤਕਨੀਕ ਦੁਆਰਾ ਪ੍ਰਤੀਕਾਤਮਕ ਢੰਗ ਨਾਲ ਉਸਾਰੇ, ਅਜਿਹੇ ਹੀ ਪ੍ਰਭਾਵ ਦ੍ਰਿਸ਼ਟੀਗੋਚਰ ਕਰਦੀ ਹੈ, ਚਾਨਣ ਹੁੰਦਿਆਂ ਹੀ ਸਾਖਸ਼ਾਤ ਇਤਿਹਾਸ ਬਣਿਆ, ਮੰਚ ਉੱਤੇ ਉਸਾਰੇ ਚੌਰਸਤੇ ਵਿਚ, ਸੂਤਰਧਾਰ ਪ੍ਰਗਟ ਹੁੰਦਾ ਹੈ।"

ਨਾਟਕ ਲੇਖਕ ਦੁਆਰਾ ਰੰਮਮੰਚੀ ਨਿਰਦੇਸ਼ਨ ਦੀ ਯੋਗਤਾ ਦੇ ਪ੍ਰਸੰਗ ਵਿਚ ਉਹ ਸਾਡੇ ਪ੍ਰੋੜ੍ਹ ਨਾਟਕਕਾਰਾਂ ਦੀ ਸਫ਼ ਵਿਚ ਜਾ ਖਲੋਤਾ ਹੈ। ਰਵਿੰਦਰ ਰਵੀ ਦੀ ਇਸ ਰਚਨਾ ਨੂੰ ਜੇ ਪੰਜਾਬੀ ਦੀ ਇਕ ਅੰਤਰ-ਰਾਸ਼ਟਰੀ ਪੱਧਰ ਦੀ ਰਚਨਾ ਆਖਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

**-ਡਾ. ਕੁਲਬੀਰ ਸਿੰਘ ਕਾਂਗ**
**ਦੈਨਿਕ ਅਜੀਤ,** 1985



## ਚੌਕ ਨਾਟਕ : ਨਿਊ ਵੇਵ ਦਾ ਨਾਟਕ

ਚੌਕ-ਨਾਟਕ ਪ੍ਰਸਿੱਧ ਪ੍ਰਵਾਸੀ ਲੇਖਕ ਰਵਿੰਦਰ ਰਵੀ ਦਾ ਚੌਥਾ ਕਾਵਿ-ਨਾਟਕ ਹੈ। ਇਸ ਤੋਂ ਪਹਿਲਾਂ ਉਸਦੇ 'ਬੀਮਾਰ ਸਦੀ', 'ਦਰ-ਦੀਵਾਰਾਂ' ਤੇ 'ਅੱਧੀ ਰਾਤ ਦੁਪਹਿਰ' ਕਾਵਿ-ਨਾਟਕ ਪੰਜਾਬੀ ਸਾਹਿਤ ਵਿਚ ਚਰਚਾ ਦਾ ਵਿਸ਼ਾ ਬਣੇ ਹਨ।

ਇਹ ਸਮੁੱਚਾ ਨਾਟਕ ਹੀ ਚੌਰਾਹੇ 'ਚ ਵਾਪਰਦਾ ਹੈ—ਚੌਰਾਹਾ ਜਿੱਥੇ ਮਨੁੱਖਤਾ ਬਹੁ-ਪ੍ਰਤੀ ਤੇ ਬਹੁ-ਦਿਸ਼ਾਵੀ ਵਿਕਾਸ ਕਰਦੀ ਹੈ, ਤੇ ਸਾਰੇ ਵਿਕਾਸ ਚੌਰਾਹੇ 'ਚ ਆ ਕੇ ਹੀ ਮੁੱਕ ਜਾਂਦੇ ਹਨ : ਚੌਰਾਹਾ ਵਿਕਾਸ ਦਾ ਸੂਚਕ ਵੀ ਹੈ ਤੇ ਨਿਕਾਸ ਦਾ ਵੀ—ਇਹਦੀ ਡਾਈਮੈਨਸ਼ਨ ਵੀ ਇਥੋਂ ਹੀ ਸ਼ੁਰੂ ਹੁੰਦੀ ਹੈ ਤੇ ਕੰਟਰੈਕਸ਼ਨ ਵੀ ਇੱਥੇ ਹੀ ਹੁੰਦੀ ਹੈ। ਮਨੁੱਖ ਨੇ ਬੜਾ ਲੰਮਾ ਸਫ਼ਰ ਕੀਤਾ ਹੈ। ਬੜਾ ਕੁਝ ਪੈਦਾ ਕੀਤਾ ਹੈ—ਪਰ ਕਾਹਦੇ ਲਈ—ਪਾਗ਼ਲ, ਮੁਜਰਮ, ਕਾਤਿਲ ਤੇ ਲਾਲਚੀ ਹੋਣ ਲਈ—ਤੇ ਇਹੋ ਅੱਜ ਦੇ ਆਧੁਨਿਕ ਮਨੁੱਖ ਦੀ ਤ੍ਰਾਸਦੀ ਹੈ ਜਿਸ ਨੂੰ ਉਹ ਹਰ ਪਲ ਛਿਨ ਭੋਗਦਾ ਹੈ। ਮਨੁੱਖ ਦੀ ਇਸ ਪ੍ਰਵਿਰਤੀ ਕਰਕੇ ਜਾਗੋ, ਛੱਲਾ, ਹੀਰ, ਮਾਹੀਆ ਸਭ ਬੀਮਾਰ ਸਦੀ ਦੀ ਤ੍ਰਾਸਦਿਕ ਅਵਸਥਾ ਦਾ ਸ਼ਿਕਾਰ ਹੁੰਦੇ ਹੋਏ ਸੋਗੀ ਸੰਗੀਤ ਪੈਦਾ ਕਰਦੇ ਹਨ। ਇਸ ਥੀਮਕ ਤ੍ਰਾਸਦੀ ਨੂੰ ਰਵਿੰਦਰ ਰਵੀ ਨੇ ਬਾਖ਼ੂਬੀ ਆਪਣੇ ਇਸ 'ਚੌਕ ਨਾਟਕ' ਵਿਚ ਬੜੀ ਹੀ ਸਫਲਤਾ ਨਾਲ ਪ੍ਰਤੀਬਿੰਬਤ ਕੀਤਾ ਹੈ।

ਰਵੀ ਨੇ ਇਸ ਨਾਟਕ ਵਿਚ ਮਨੁੱਖ ਦੀ ਬੀਮਾਰ ਮਾਨਸਿਕ ਅਵਸਥਾ ਦੀ ਵਾਈਡਰ ਐਂਗਲ ਤੋਂ ਤਿੱਖੇ ਲੈਂਜ਼ ਨਾਲ ਫੋਟੋਗ੍ਰਾਫੀ ਪ੍ਰਤੀਕਾਂ ਰਾਹੀਂ ਕੀਤੀ ਹੈ—ਜਿੱਥੇ ਸਲੇਟਮੇਟ ਹੈ—ਠਹਿਰਾਓ ਹੈ ਤੇ ਜਿਸ ਦਾ ਇਲਾਜ ਹੈਰੋਇਨ ਤਸਲੀਮ ਕਰ ਲਿਆ ਜਾਂਦਾ ਹੈ। ਲੋਕ ਤੁਰਦੇ ਜ਼ਰੂਰ ਹਨ, ਪਰ ਪਹੁੰਚਦੇ ਕਿਤੇ ਨਹੀਂ—ਪਰ ਰਵਿੰਦਰ ਰਵੀ ਦਾ ਕਮਾਲ ਇਹ ਹੈ ਕਿ ਉਹ ਗੱਲ ਵੱਲ ਕੇਵਲ ਸੰਕੇਤ ਹੀ ਨਹੀਂ ਕਰਦਾ ਇਸ ਦਾ ਹੱਲ ਵੀ ਤਲਾਸ਼ ਕਰਦਾ ਹੈ, ਜਿਵੇਂ : "ਦੀਪਕ'-ਦੁਨੀਆਂ ਦੀ ਸਾਰੀ ਗ਼ਰੀਬੀ ਤੇ ਬੀਮਾਰੀ ਦਾ ਬੋਝ ਉਸ ਉੱਤੇ ਪਾ ਕੇ, ਚੰਦ ਦਾ ਮੂੰਹ ਵੇਖਣ ਤੋਂ ਪਹਿਲਾਂ ਪ੍ਰਿਥਵੀ ਨੂੰ ਜਿਊਣ ਜੋਗੀ ਤਾਂ ਬਣਾ ਲਈਏ-"

"ਦੀਪਕ', ਐਸੀ ਗੱਲ ਨਹੀਂ, ਇਹ ਕਿੱਲਾਂ ਸੰਸਦ-ਭਵਨ ਦੀਆਂ ਕੁਰਸੀਆਂ ਤੇ ਵੀ ਗੱਡੀਆਂ ਜਾ ਸਕਦੀਆਂ ਹਨ।"

ਖ਼ਬਰਦਾਰ ਰਹਿਣਾ ਜੀ, ਜਾਗੋ ਸੂਰਜਾਂ ਦੀ ਜਾਈ—

ਸੁੰਗੜਿਆ ਬੈਠਾ ਹੈ ਜ਼ੱਰੇ ਵਿਚ ਕਿਉਂ ?
ਆਦਮੀ ਨੂੰ ਸੂਰਜੀ ਬਣਾ ਦਿਉ !

ਸੋ ਮਨੁੱਖ ਦਾ ਵਿਕਾਸ ਆਪੂੰ ਹੀ ਮਨੁੱਖ ਦੇ ਅਸਤਿਤਵ ਲਈ ਖ਼ਤਰਾ ਬਣ ਗਿਆ ਹੈ ਤੇ ਮਨੁੱਖ ਆਪ ਸਿਰਜੇ ਚੱਕਰਵਿਊ ਦਾ ਹੀ ਸ਼ਿਕਾਰ ਹੋ ਗਿਆ ਹੈ : ਇਹ ਹੈ ਇਸ "ਚੌਕ ਨਾਟਕ" ਦਾ ਸੰਦੇਸ਼। ਰਵਿੰਦਰ ਰਵੀ ਦੇ ਕਹਿਣ ਵਾਂਗ ਇਹ ਨਾਟਕ ਪੰਜਾਬੀ 'ਚ ਰਚੇ ਜਾ ਰਹੇ ਜਣੇ ਖਣੇ ਦੇ ਨਾਟਕ ਦੀ ਬਦਲ ਹੈ, ਜੋ ਨਿਰਾ ਹਾਸ-ਵਿਲਾਸ, ਡੰਗ ਟਪਾਊ ਸਾਹਿਤ ਰੂਪ ਨਾ ਰਹਿ ਕੇ ਮਨੁੱਖ ਨੂੰ ਚਿੰਤਨ ਲਈ ਪ੍ਰੇਰਦਾ ਹੈ ਤੇ ਪ੍ਰਤੀਕਾਂ ਰਾਹੀਂ ਆਪਣੀ ਗੱਲ ਨੂੰ ਪੰਜਾਬੀ ਚੇਤਨਾ ਦਾ ਅਟੁੱਟ ਹਿੱਸਾ ਬਣਾਉਣ ਦਾ ਯਤਨ ਕਰਦਾ ਹੈ। ਆਸ ਹੈ ਪੰਜਾਬੀ ਪਾਠਕ ਵੀ ਨਵੀਂ ਵੇਵ ਦੀਆਂ ਫ਼ਿਲਮਾਂ ਵਾਂਗ ਇਸ ਨਾਟਕ ਨੂੰ ਸਾਧਾਰਨ ਤੋਂ ਵੱਖਰਿਆ ਕੇ ਗੰਭੀਰਤਾ ਨਾਲ ਦੇਖਣ ਦਾ ਯਤਨ ਕਰਨਗੇ। ਇਸੇ 'ਚ ਨਾਟਕਕਾਰ ਦੀ ਸਫਲਤਾ ਹੈ ਤੇ ਉਹਦੇ ਨਵੇਂ ਪ੍ਰਯੋਗ ਨੂੰ ਦਾਦ—

**-ਕੇ. ਐਲ. ਗਰਗ**
**'ਨੀਲਮਣੀ'**, 1985



# ਚੌਕ ਨਾਟਕ (ਰਵਿੰਦਰ ਰਵੀ) : ਇਕ ਅਧਿਅਨ

'ਚੌਕ ਨਾਟਕ' ਰਵਿੰਦਰ ਰਵੀ ਦਾ ਚੌਥਾ ਕਾਵਿ-ਨਾਟਕ ਹੈ। ਇਹ ਨਾਟਕ 15 ਮਈ 1986 ਵਿਚ, ਬੰਬਈ ਵਿਖੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਡਾ. ਸੁਰਜੀਤ ਸਿੰਘ ਸੇਠੀ ਦੇ ਨਿਰਦੇਸ਼ਨ ਹੇਠ ਬੜੀ ਸਫਲਤਾ ਸਹਿਤ ਖੇਡਿਆ ਗਿਆ। 22, ਫਰਵਰੀ, 1987 ਵਿਚ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਆਯੋਜਿਤ ਯੁਵਕ ਮੇਲੇ ਵਿਚ, ਪਟਿਆਲਾ ਜ਼ੋਨ ਵੱਲੋਂ ਸੁਭਾਸ਼ ਪੁਰੀ ਦੇ ਨਿਰਦੇਸ਼ਨ ਹੇਠ ਇਹ ਕਾਵਿਨਾਟਕ ਆਯੁਰਵੇਦਿਕ ਕਾਲਜ, ਪਟਿਆਲਾ ਦੇ ਵਿੱਦਿਆਰਥੀ ਕਲਾਕਾਰਾਂ ਨੇ ਪ੍ਰਸਤੁਤ ਕੀਤਾ। ਇਹ ਕਾਵਿਨਾਟਕ ਲੋਕ-ਗੀਤ ਨਾਚ ਜਾਗੋ ਨਾਲ ਸ਼ੁਰੂ ਹੁੰਦਾ ਹੈ। ਨਾਟਕਕਾਰ ਨੇ 'ਜਾਗੋ' ਦੇ ਪ੍ਰਤੀ-ਰੂਪ 'ਸੋਤਾ' ਦੀ ਟੱਕਰ 'ਚੋਂ ਹੀ ਆਧੁਨਿਕ ਯੁੱਗ ਦੀ ਗਤੀ ਤੇ ਖੜੋਤ ਨੂੰ ਪ੍ਰਤੀਕਾਤਮਕ ਸ਼ੈਲੀ ਰਾਹੀਂ ਪੇਸ਼ ਕੀਤਾ ਹੈ। ਇਹ ਦੋਵੇਂ ਟੋਲੇ ਵਿਰੋਧੀ ਕਾਰਜ ਕਰਦੇ ਹਨ। ਪਹਿਲਾ ਟੋਲਾ ਆਧੁਨਿਕ ਮਨੁੱਖ ਦੀ ਸੁੱਤੀ ਹੋਈ ਚੇਤਨਾ ਨੂੰ ਜਗਾਉਣ ਲਈ ਨਾਇਕ ਅਤੇ ਦੂਜਾ ਟੋਲਾ ਆਧੁਨਿਕ ਯੁੱਗ ਦੇ ਯਥਾਰਥ ਤੋਂ ਅੱਖਾਂ ਮੀਟ ਕੇ ਸੌਣ ਲਈ ਖ਼ਲਨਾਇਕ ਦੀ ਭੂਮਿਕਾ ਨਿਭਾਉਂਦਾ ਹੈ। ਨਾਟਕਕਾਰ ਨੇ ਇਸ ਕਾਵਿ-ਨਾਟਕ ਨੂੰ ਛੋਟੇ ਛੋਟੇ ਦ੍ਰਿਸ਼ਾਂ ਵਿਚ ਵੰਡ ਕੇ ਆਧੁਨਿਕ ਯੁੱਗ ਦੇ ਯਥਾਰਥ ਨੂੰ ਪ੍ਰਤੀਬਿੰਬਤ ਕੀਤਾ ਹੈ। ਨਾਟਕ ਦਾ ਹਰ ਦ੍ਰਿਸ਼ ਵੱਖ ਵੱਖ ਖ਼ਿਆਲਾਂ, ਜੁਗਤਾਂ ਤੇ ਵਿਸ਼ਵ, ਬ੍ਰਹਿਮੰਡ ਵਿਚ ਪਸਰੀ ਮਨੁੱਖੀ ਤ੍ਰਾਸਦੀ ਨਾਲ ਜੁੜੇ ਹੋਣ ਦੇ ਬਾਵਜੂਦ ਵੀ ਅੰਤਰੀਵ ਤੌਰ 'ਤੇ ਇਕ ਦੂਜੇ ਨਾਲ ਜੁੜਿਆ ਹੋਇਆ ਹੈ। ਜੇਕਰ ਪੰਜਵੇਂ ਦ੍ਰਿਸ਼ ਨੂੰ ਦਸਵੇਂ ਅਤੇ ਦਸਵੇਂ ਨੂੰ ਪੰਜਵੇਂ ਦੀ ਥਾਂ ਪੇਸ਼ ਕੀਤਾ ਜਾਵੇ ਜਾਂ ਇਸ 'ਚੋਂ ਕੋਈ ਦ੍ਰਿਸ਼ ਕੱਢ ਦਿੱਤਾ ਜਾਵੇ ਤਾਂ ਵੀ ਇਸ ਦਾ ਅੰਤਰੀਵ ਸੰਬੰਧ ਨਹੀਂ ਟੁੱਟਦਾ ਕਿਉਂਕਿ ਅਸਲ ਵਿਚ ਪੂਰਨ ਤੌਰ 'ਤੇ ਇਹ ਕਾਵਿ-ਨਾਟਕ ਇੱਕੋ ਪ੍ਰਭਾਵ ਕਾਇਮ ਕਰਨ ਅਤੇ ਚੇਤਨਾ ਲਿਆਉਣ ਦੀ ਵਿਧੀ ਨਾਲ ਜੁੜਿਆ ਹੋਇਆ ਹੈ।

ਇਸ ਨਾਟਕ ਦਾ ਵਿਸ਼ਾ ਗੰਭੀਰ ਤੇ ਡੂੰਘਾ ਹੈ। ਇਹ ਨਾਟਕ ਆਧੁਨਿਕ ਯੁੱਗ ਦੇ ਮਨੁੱਖ ਦੀ ਅੰਦਰਮੁਖੀ ਖੰਡਿਤਾ, ਵਿਖੰਡਿਤਾ ਤੇ ਸੰਸਕ੍ਰਿਤੀ ਦੀ ਚਿੰਤਾ

ਨੂੰ ਲਕੋਈ ਬੈਠਾ ਹੈ। ਇਹ ਨਾਟਕ ਸਿਖਰ ਵੱਲ ਜਾ ਰਹੇ ਆਧੁਨਿਕ ਮਨੁੱਖ ਦੇ ਕੁਕਰਮਾਂ, ਲਾਲਚਾਂ, ਖੋਖਲੇਪਨ, ਵਹਿਸ਼ੀਪਨ, ਮਾਨਸਿਕ ਰਿਸ਼ਤਿਆਂ ਦੀ ਟੁੱਟ-ਭੱਜ, ਰਾਜਨੀਤਿਕ ਅਵਸਥਾ, ਸੱਚ, ਝੂਠ ਤੇ ਸੰਤਾਪ ਦੀ ਬੜੀ ਵਧੀਆ ਤਸਵੀਰ-ਕਸ਼ੀ ਕਰਦਾ ਹੈ।

ਇਕ ਚੌਕ ਤੋਂ ਦੂਜੇ ਚੌਕ ਤਕ ਦਾ ਸਫ਼ਰ ਜ਼ਿੰਦਗੀ ਮੌਤ ਦਾ ਸਫ਼ਰ ਹੈ। ਇਕ ਚੌਕ ਤੋਂ ਦੂਜੇ ਚੌਕ ਤੇ ਦੂਜੇ ਤੋਂ ਤੀਜੇ ਚੌਕ ਆਦਿ ਦੀ ਸੜਕ ਅਜੋਕੇ ਮਨੁੱਖ ਦੀ ਸਥਿਤੀ ਵੱਖ ਵੱਖ ਵਿਚਾਰਾਂ ਨੂੰ ਦੂਜੇ ਜਾਂ ਤੀਜੇ ਚੌਕ 'ਤੇ ਜਾ ਕੇ ਮਿਲਾ ਦਿੰਦੀ ਹੈ, ਇਸ ਲਈ ਨਾਟਕ ਦਾ ਕਰਮ ਸਥਲ ਚੌਕ ਹੀ ਹੈ। ਇਹ ਚੌਕ ਵਿਸ਼ਵ, ਬ੍ਰਹਿਮੰਡ ਦੇ ਆਧੁਨਿਕ ਯੁੱਗ ਦਾ ਦਰਪਣ ਹੈ ਜਿਸ ਤੋਂ ਸਭ ਚੇਹਰੇ ਸਾਫ ਵਿਖਾਈ ਦਿੰਦੇ ਹਨ। ਇਹ ਅੱਜ ਦੇ ਮਨੁੱਖ ਦੇ ਵਿਕਾਸ, ਸੋਚ ਤੇ ਤ੍ਰਾਸਦੀ ਦਾ ਪ੍ਰਤੀਕ ਹੈ। ਨਾਟਕਕਾਰ ਅੰਦਰੋ ਅੰਦਰ ਖੁਰਦੇ, ਘੁਲਦੇ ਜਾ ਰਹੇ ਮਨੁੱਖ ਨੂੰ ਆਪਣੇ ਸਿਰਜੇ ਚੱਕਰਵਿਊ 'ਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰਦਾ ਹੈ। ਮਨੁੱਖ ਦੇ ਚਾਰੇ ਪਾਸੇ ਚੌਰਾਹਾ ਹੈ ਤੇ ਉਸ ਚੌਰਾਹੇ 'ਤੇ ਖੜੋਤਾ ਸਭ ਕੁਝ ਦੇਖ ਸੁਣ ਤੇ ਅਨੁਭਵ ਕਰ ਰਿਹਾ ਹੈ, ਪਰ ਅੱਖਾਂ ਤੇ ਕੰਨ ਬੰਦ ਕਰਕੇ ਖੜੋਤਾ ਹੈ।

'ਆਦਿ ਦ੍ਰਿਸ਼' ਨਾਟਕ ਦੀ ਭੂਮਿਕਾ ਦਾ ਕੰਮ ਦਿੰਦਾ ਹੈ। ਨਾਟਕਕਾਰ ਸੂਤਰਧਾਰ ਦੇ ਰੂਪ ਵਿਚ ਨਾਟਕ ਦੀ ਰੂਪ ਰੇਖਾ ਦਸਦਾ ਹੋਇਆ ਦਰਸ਼ਕਾਂ ਨੂੰ ਇਸ ਨਾਟਕ ਦੀ ਵਿਧੀ ਅਤੇ ਥੀਮ ਨਾਲ ਜੋੜਨ ਦੀ ਕੋਸ਼ਿਸ਼ ਕਰਦਾ ਹੈ।

ਸ਼ੁਰੂ ਵਿਚ ਨਾਟਕਕਾਰ ਪ੍ਰਚਾਰਕ ਜਾਂ ਉਪਦੇਸ਼ਕ ਲੱਗਣ ਲਗਦਾ ਹੈ। ਨਾਟਕਕਾਰ ਇਤਿਹਾਸ ਅਤੇ ਜੀਵਨ ਫਿਲਾਸਫੀ ਦਾ ਚਿਤਰਨ ਪਰੰਪਰਾਗਤ ਢੰਗ ਨਾਲ ਕਰਦਾ ਹੈ। 'ਆਦਿ ਦ੍ਰਿਸ਼' ਤੋਂ ਬਾਅਦ ਹਨੇਰਾ ਤੇ ਫਿਰ ਜਗਮਗ ਜਗਮਗ ਕਰਦਾ ਮੰਚ ਸ਼ੋਖ ਰੰਗ ਦੀਆਂ ਰੰਗਾ ਰੰਗ ਕਾਸਟਿਊਮਜ਼ ਉਤੇ ਲੱਗਾ ਗੋਟਾ ਕਿਨਾਰੀ ਝਿਲਮਿਲ ਕਰਦੇ ਸਿਲਮੇਂ, ਸਿਤਾਰੇ ਤੇ ਸੰਗੀਤ ਅਤੇ ਨ੍ਰਿਤ ਦਰਸ਼ਕਾਂ ਵਿਚ ਰੌਚਿਕਤਾ ਤੇ ਚੇਹਰਿਆਂ ਨੂੰ ਰੌਸ਼ਨ ਕਰਦੇ ਹਨ।

ਮੰਚ 'ਤੇ ਹਨੇਰਾ ਹੈ। ਚੌਹਾਂ ਦਿਸ਼ਾਵਾਂ, ਚੌਹਾਂ ਸੜਕਾਂ ਵਲੋਂ ਚੌਕ ਵੱਲ ਆ ਰਹੇ ਟਰੱਕ, ਸਕੂਟਰ, ਮੋਟਰ ਸਾਈਕਲ, ਰਿਕਸ਼ੇ, ਟਾਂਗੇ, ਬੱਸਾਂ, ਲਾਰੀਆਂ, ਬੈਲ-ਗੱਡੀਆਂ, ਕਾਰਾਂ, ਸਾਈਕਲ, ਅਜਿਹੇ ਹੋਰ ਵਾਹਣਾਂ ਅਤੇ ਪੈਦਲ-ਸਵਾਰਾਂ, ਹਾਰਨ, ਸਾਇਰਨ, ਘੰਟੀਆਂ, ਆਵਾਜ਼ਾਂ, ਇੰਜਨ ਦਾ ਡਾਢਾ ਸ਼ੋਰ ਮਨੁੱਖੀ ਵਿਕਾਸ ਤੇ ਉੱਨਤੀ ਅਤੇ ਹਫਦਾ ਹੌਂਕਦਾ ਇਹ ਸ਼ੋਰ ਸ਼ਿਖਰ 'ਤੇ ਪਹੁੰਚ ਕੇ ਇਕ ਛਣਾਕੇ ਨਾਲ ਸਘਨ ਮੌਨ ਵਿਚ ਡੁੱਬਾ ਮਨੁੱਖ ਦੀ ਉਦਾਸੀਨਤਾ ਦਾ ਪ੍ਰਤੀਕਾਤਮਕ ਚਿਤਰਨ ਹੈ।

ਨਾਟਕਕਾਰ ਨੇ ਆਧੁਨਿਕ ਯੁੱਗ ਦੇ ਇਤਿਹਾਸ ਵਿਚ ਸੰਤਾਪ ਭੋਗ ਰਹੇ ਮਨੁੱਖ ਦਾ ਚਿਤਰਨ ਗੁੰਗੇ, ਬੋਲੇ, ਅੰਨ੍ਹੇ ਤੇ ਪਾਗ਼ਲ ਆਦਿ ਪਾਤਰਾਂ ਰਾਹੀਂ ਪੇਸ਼ ਕਰਕੇ ਨਾਟਕ ਨੂੰ ਸਾਰਥਕਤਾ ਪ੍ਰਦਾਨ ਕੀਤੀ ਹੈ। ਉਹ ਜਾਣਦਾ ਹੈ ਕਿ ਅੱਜ



ਦਾ ਮਨੁੱਖ ਜਾਣ ਬੁਝ ਕੇ ਗੁੰਗਾ, ਬੋਲਾ, ਅੰਨ੍ਹਾ ਤੇ ਪਾਗਲ ਬਣਿਆ ਹੋਇਆ ਹੈ। ਇਹ ਸਭ ਪਾਤਰ ਆਧੁਨਿਕ ਯੁੱਗ ਦੇ ਸੂਝਵਾਨ ਮਨੁੱਖਾਂ ਤੇ ਬੁੱਧੀਜੀਵੀਆਂ ਦੇ ਪ੍ਰਤੀਕ ਹਨ। ਇਹ ਪਾਤਰ ਨਾ ਤਾਂ ਅੰਦਰੋਂ ਜੀਵਨ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ ਤੇ ਨਾ ਹੀ ਟੁੱਟੇ ਹੋਏ। ਇਹ ਸਭ ਅੰਦਰੋਂ ਬਿਖਰੇ ਹੋਏ ਹਨ, ਪਰ ਬਾਹਰੋਂ ਇਕ ਤੇਜ਼ ਰਫ਼ਤਾਰੀ ਤੇ ਮਸ਼ੀਨੀ ਜ਼ਿੰਦਗੀ ਜੀ ਰਹੇ ਹਨ। ਅੰਦਰੋਂ ਇਹ ਜ਼ਿੰਦਗੀ ਦੀਆਂ ਪਰਸਥਿਤੀਆਂ ਵਿਚ ਉਲਝੇ ਹੋਏ ਉਦਾਸ ਤੇ ਕਮਜ਼ੋਰ ਹੁੰਦੇ ਜਾ ਰਹੇ ਹਨ। ਇਹ ਤ੍ਰਾਸਦੀ ਕੇਵਲ ਪਾਤਰਾਂ ਦੀ ਹੀ ਨਹੀਂ ਸਗੋਂ ਆਧੁਨਿਕ ਯੁੱਗ ਦੇ ਸਮੂਹ ਦੀ ਤ੍ਰਾਸਦੀ ਵੀ ਹੈ। ਆਧੁਨਿਕ ਮਕਾਨਕੀ ਜ਼ਿੰਦਗੀ ਅਧੀਨ ਦੁੱਖ ਭੋਗ ਰਹੇ ਮਨੁੱਖ ਦੀ ਤ੍ਰਾਸਦੀ ਹੈ। ਇਹ ਕੇਵਲ ਤ੍ਰਾਸਦੀ ਹੀ ਨਹੀਂ ਅੱਜ ਦੇ ਮਨੁੱਖ 'ਤੇ ਕਰਾਰੀ ਤਨਜ਼ ਹੈ, ਜਿਹੜਾ ਇੰਨੀ ਡੂੰਘੀ ਸੋਚ ਸ਼ਕਤੀ ਰੱਖਦਾ ਹੈ। ਅੰਦਰ ਦੀ ਅੱਗ ਦੇ ਸੇਕ ਨੂੰ ਮਹਿਸੂਸ ਕਰਦਾ ਤੇ ਉਲਝਣਾਂ ਨੂੰ ਸਮਝਦਾ ਤੇ ਜਾਣਦਾ ਹੈ। ਉਹ ਜਾਣਦਾ ਹੈ, ਇਹ ਅੰਦਰ ਹੀ ਅੰਦਰ ਸੁਲਗ ਰਹੀ ਹੈ ਜੇਕਰ ਇਹ ਭੜਕ ਪਈ ਤਾਂ ਸ਼ਾਇਦ ਕੀ ਦਾ ਕੀ ਹੋ ਜਾਵੇਗਾ ਤੇ ਇਸ ਦਾ ਲਾਵਾ ਸਭ ਨੂੰ ਲਪੇਟ ਵਿਚ ਲੈ ਲਵੇਗਾ; ਤੇ ਹੁਣ ਇਹ ਅੱਗ ਘਰ ਘਰ ਵਿਚ ਸੁਲਗਣ ਲਗ ਪਈ ਹੈ :

ਪਾਗਲ-1 : ਘਰ ਘਰ ਦੇ ਵਿਚ, ਅੱਗ ਸੁਲਗ ਪਈ,
ਪਾਗਲ-2 : ਦਾਵਾਨਲ, ਬਣਿਆ ਇਹ ਵਣ।
... ... ...
ਪਾਗਲ-1 : ਅੰਦਰ ਦੀ ਅੱਗ, ਅੰਦਰ ਸੁਲਗੇ...
ਭੜਕ ਪਵੇ, ਤਾਂ ...
ਆਪੂੰ ਤਾਂ ਜਲਣਾ ਹੀ ਹੋਇਆ,
ਇਹ ਸਾਰਾ ਸੰਸਾਰ ਜਲਾਵੇ।

(58-59)

ਨਾਟਕਕਾਰ ਮਨੁੱਖ ਦੀ ਇਸ ਤਰੱਕੀ ਤੇ ਮੇਹਨਤ 'ਤੇ ਦੁੱਖ ਅਤੇ ਅਫ਼ਸੋਸ ਪ੍ਰਗਟ ਕਰਦਾ ਹੈ, ਜਿਸ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿਤਾ ਸਗੋਂ ਪਾਗਲ, ਮੁਜਰਮ, ਕਾਤਿਲ, ਲਾਲਚੀ, ਬੀਮਾਰ, ਚੋਰ, ਡਾਕੂ, ਜੰਗਲੀ ਤੇ ਬੰਦੀ ਬਣਾ ਦਿਤਾ ਹੈ।

ਪਾਗਲ-2 : ਪਾਗਲ, ਜੀਵਣ,
ਪਾਗਲ, ਸੋਚਣ
ਪਾਗਲ-3 : ਪਾਗਲਾਂ ਦੇ ਹੱਥ, ਸੱਤਾ ਆਈ
ਪਾਗਲ-1 : ਇਹ ਨਿਜ਼ਾਮ ਤਾਂ ਪਾਗਲ ਜਣਦਾ

(59-60)

... ... ...

ਮੁਜਰਮ-3 : ਢਿੱਡਾਂ, ਸਿਰਾਂ, ਨੱਕਾਂ ਤੇ ਵਕਾਰਾਂ ਦੀ,
ਚੂਹੇ ਦੌੜ ਵਿਚ,
ਮਾਂ, ਬਾਪ, ਭੈਣ ਭਾਈ,
ਮਿੱਤਰ, ਸਨੇਹੀ ਤੇ ਰਿਸ਼ਤੇਦਾਰ ਸਭ ... ਚੋਰ ਹਨ ...ਚੋਰਾਂ
ਨੂੰ ਮੋਰ ਹਨ।

ਮੁਜਰਮ-1 : ਡਾਕੂ ਹਨ,
ਅੱਗ ਹਨ,
ਆਪਣੇ ਅੰਦਰ ਘਿਰੇ ਹੋਏ,
ਜੰਗਲੀ ਜਾਨਵਰਾਂ ਦੇ ਵੱਗ ਹਨ।

ਮੁਜਰਮ-2 : ਹਾਂ, ਜੰਗਲ ਹਨ...
ਜੰਗਲੀ ਜਾਨਵਰਾਂ ਦੇ ਵੱਗ ਹਨ।

ਮੁਜਰਮ-3 : ਇਹ ਸਾਡੀ ਸਭਿਅਤਾ ਦਾ,
ਜੰਗਲੀ ਚੌਰਾਹਾ ਹੈ।

(47-48)

... ... ...

### ਨਟ

ਤੁਰਦਾ ਫਿਰਦਾ ਬੰਦੀਖਾਨਾ,
ਅੱਜ ਦਾ ਜੀਵਨ, ਇਹ ਇਨਸਾਨ। (32)

... ... ...

### ਨਟੀ

ਪਹਿਲੇ ਸਾਹ ਤੋਂ,
ਅੰਤਮ ਸਾਹ ਤਕ,
ਇਹ ਜੀਵਨ ਹੈ,
ਬੰਦੀਖ਼ਾਨਾ। (34)

ਨਾਟਕਕਾਰ ਵੀ ਇਸ ਅੱਗ ਤੋਂ ਨਹੀਂ ਬਚ ਸਕਿਆ। ਉਹ ਖ਼ੁਦ ਵੀ ਪਾਤਰਾਂ ਨਾਲ ਅੰਦਰੋ-ਅੰਦਰ ਇਸ ਅੱਗ ਵਿਚ ਝੁਲਸ ਰਿਹਾ ਹੈ। ਅਸਲ ਵਿਚ ਇਹ ਸਾਰਾ ਸੰਤਾਪ ਨਾਟਕਕਾਰ ਦਾ ਖ਼ੁਦ ਹੰਢਾਇਆ ਤੇ ਅਨੁਭਵ ਕੀਤਾ ਹੋਇਆ ਹੀ ਲਗਦਾ ਹੈ :

"ਮਸ਼ੀਨੀ ਜ਼ਿੰਦਗੀ, ਰੋਟੀ ਰੋਜ਼ੀ ਦੇ ਚੱਕਰ, ਮਾਨਸਿਕ ਉੱਥਲ-ਪੁਥਲ, ਟੁੱਟ



ਭੱਜ, ਉਧੇੜ ਬੁਣ, "ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ" ਵਾਲੀ ਜੜ੍ਹ-ਹੀਣਤਾ, ਜੀਵਨ ਮੌਤ ਦੀਆਂ ਵਿਰੋਧੀ ਸ਼ਕਤੀਆਂ ਵਿਚਕਾਰ ਖਿੱਚ ਹੋ ਟੁੱਟਣ ਤਕ ਤਣੀ ਹੋਂਦ ਅਤੇ ਨਿਰੰਤਰ ਸੰਘਰਸ਼ ਦੀ ਭਾਵਨਾ ਦੇ ਵਿਚ ਵਿਚਕਾਰ ਵਿਚਰਦਿਆਂ ..." (11)

"ਮੇਰੀ ਨਜ਼ਰ ਸੌਂਹੇਂ ਇਹ ਸਭ ਕੁਝ ਰੋਜ਼ ਹੁੰਦਾ ਹੈ। ਪਤਾ ਨਹੀਂ ਮੈਂ ਕਿਉਂ ਤੇ ਕਿਵੇਂ ਖ਼ੁਦ ਹੀ ਦਰਸ਼ਕ, ਖ਼ੁਦ ਹੀ ਦ੍ਰਿਸ਼ਟੀ, ਖ਼ੁਦ ਹੀ ਦ੍ਰਿਸ਼...ਟੈਲੀਵੀਯਨ ਤੇ ਉਸ ਦੀ ਸਕਰੀਨ 'ਤੇ ਫ਼ਰੀਜ਼ ਹੋਇਆ ਦ੍ਰਿਸ਼...ਇਹ ਸਭ ਕੁਝ ਆਪ ਹੀ ਬਣ ਜਾਂਦਾ ਹਾਂ। ਐਕਸ-ਰੇ ਵਾਂਗ ਆਪਣੇ ਆਪ 'ਚੋਂ ਲੰਘਦਾ, ਆਪਣੇ ਆਪ ਨੂੰ ਵੇਖਦਾ...ਆਪਣੇ ਆਪ ਤੇ ਘਟਦਾ...ਆਪਣੇ ਆਪ ਨੂੰ ਸਹਿੰਦਾ...ਆਪਣੇ ਆਪ ਵਿਚ ਟੁੱਟਦਾ...ਮੈਂ ਆਪਣੇ ਆਪ ਨਾਲ ਗੱਲੀਂ ਪੈ ਜਾਂਦਾ ਹਾਂ।..." (82)

ਅੱਜ ਦਾ ਮਨੁੱਖ ਰਾਜਸੱਤਾ ਦੀ ਪ੍ਰਧਾਨਤਾ ਵਿਚ ਕੈਦ ਹੈ। ਉਸ ਦੀ ਡੋਰ ਚੌਰਾਹੇ 'ਤੇ ਖੜ੍ਹੇ ਸ਼ੈਤਾਨ ਦੇ ਹੱਥ ਹੈ, ਜਿਹੜਾ ਉਸ ਨੂੰ ਖ਼ਰੀਦ ਕੇ ਸ਼ਤਰੰਜ ਦੇ ਮੋਹਰੇ ਵਾਂਗ ਵਰਤਦਾ ਹੈ। ਅੱਜ ਦਾ ਮਨੁੱਖ ਇਹ ਸਭ ਕੁਝ ਸਮਝਦੇ ਤੇ ਜਾਣਦੇ ਹੋਏ ਕਿ :

ਪਾਗਲ-2 : ਭੁੱਖਾਂ, ਦੁੱਖਾਂ, ਕਲ੍ਹਾ ਕਲੇਸ਼ਾਂ—
ਉੜਾਂ, ਥੁੜਾਂ, ਨਫ਼ਰਤ ਤੇ ਵੰਡੀਆਂ
ਵਿਚੇ ਵਿਚ ਨਿਜ਼ਾਮ ਨਿੱਘਰਿਆ

(ਪੰਨਾ 59)

ਪਾਗਲ ਕਿਵੇਂ ਹੋ ਸਕਦਾ ਹੈ। ਉਹ ਤਾਂ ਜਾਣ ਬੁਝ ਕੇ ਜਾਂ ਕਮਜ਼ੋਰ ਹੋਣ ਕਾਰਨ ਮੂਕ ਤੇ ਪਾਗਲ ਬਣਦਾ ਹੈ। ਉਸ ਵਿਚ ਇਸ ਨਿਜ਼ਾਮ ਦੇ ਵਿਰੁਧ ਆਵਾਜ਼ ਉਠਾਉਣ ਦੀ ਵੀ ਤੇ ਸੱਚ ਕਹਿਣ ਦੀ ਹਿੰਮਤ ਨਹੀਂ। ਉਸ ਨੂੰ ਪਤਾ ਹੈ ਕਿ ਇਹ ਸੱਚ ਉਹ ਪਾਗਲ ਬਣ ਕੇ ਹੀ ਕਹਿ ਸਕਦਾ ਹੈ। ਪਾਗਲ ਦੇ ਸੱਚ ਨੂੰ ਨਿਜ਼ਾਮ ਤੇ ਆਮ ਲੋਕ ਘੱਟ ਹੀ ਯਕੀਨ ਕਰਦੇ ਤੇ ਕਬੂਲਦੇ ਹਨ। ਉਸ ਨੂੰ ਮਸ਼ਕਰੀ ਸਮਝ ਕੇ ਏਵੇਂ ਹੀ ਫੂਕ ਮਾਰ ਕੇ ਉਡਾ ਦੇਂਦੇ ਹਨ। ਨਾਟਕਕਾਰ ਨੇ ਪਾਗਲ ਮਨੁੱਖ (ਸੂਝਵਾਨ ਪਾਤਰ) ਪਾਸੋਂ ਸੱਤਾਧਾਰੀਆਂ ਨੂੰ ਵੀ ਪਗਲਾ ਅਖਵਾ ਕੇ ਅਸਲ ਸੱਚ ਨੂੰ ਰੂਪਮਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਬੇਸ਼ਕ ਸੱਤਾਧਾਰੀ ਉਸ ਨੂੰ ਪਾਗਲ ਸਮਝ ਕੇ ਮਾਫ਼ ਕਰ ਦੇਣਗੇ। ਪਰ ਅੰਦਰੋਂ ਉਹ ਇਸ ਸੱਚ ਬਾਰੇ ਕੁਝ ਸੁਚੇਤ ਜ਼ਰੂਰ ਹੋ ਸਕਦੇ ਹਨ ਕਿਉਂਕਿ ਚੌਰਾਹੇ 'ਤੇ ਖੜ੍ਹੇ ਪਾਗਲ ਮਨੁੱਖ ਦਾ ਸੱਚ ਹਵਾ ਦੀ ਤਰ੍ਹਾਂ ਫੈਲ ਵੀ ਸਕਦਾ ਹੈ।

ਨਾਟਕਕਾਰ ਕੇਵਲ ਨਾਟਕ ਰਾਹੀਂ ਸੰਕੇਤ ਹੀ ਨਹੀਂ ਸਗੋਂ ਇਕ ਤ੍ਰਾਸਦਿਕ ਸਥਿਤੀ ਤੇ ਸੰਤਾਪ ਤੋਂ ਛੁਟਕਾਰਾ ਪਾਉਣ ਦਾ ਹੱਲ ਵੀ ਲਭਦਾ ਨਜ਼ਰੀਂ ਆਉਂਦਾ

ਹੈ। ਆਧੁਨਿਕ ਜ਼ੰਜੀਰਾਂ ਵਿਚ ਜਕੜੇ ਹੋਏ ਮਨੁੱਖ ਨੂੰ ਇਨ੍ਹਾਂ ਜ਼ੰਜੀਰਾਂ ਤੋਂ ਛੁਟਕਾਰਾ ਪਾਉਣ ਲਈ ਵੀ ਚੇਤੰਨ ਕਰਦਾ ਹੈ। ਇਹ ਕਾਵਿ-ਨਾਟਕ ਨਾਟਕਕਾਰ ਦੀ ਵਰਤਮਾਨ ਤੋਂ ਅਸੰਤੋਸ਼ਤਾ, ਅਸੰਤੁਸ਼ਟਤਾ ਤੇ ਉਦਾਸੀਨਤਾ ਨੂੰ ਪ੍ਰਗਟ ਕਰਦਾ ਹੈ। ਨਾਟਕਕਾਰ ਵਰਤਮਾਨ ਵਿਚ ਰਹਿੰਦੇ ਹੋਏ ਭਵਿੱਖ ਲਈ ਸੋਚਣ, ਸੁਚੇਤ ਤੇ ਚੇਤੰਨ ਹੋਣ ਲਈ ਪ੍ਰੇਰਨਾ ਦਿੰਦਾ ਹੈ। ਨਾਟਕਕਾਰ ਨੂੰ ਲਗਦਾ ਹੈ ਕਿ ਅੱਜ ਦੇ ਮਨੁੱਖ ਦੀ ਸਵੈ-ਸੋਝੀ ਤੇ ਆਪਾ ਗੁਆਚਾ ਤਾਂ ਨਹੀਂ ਪਰ ਕਿਤੇ ਮਨ ਦੇ ਕਿਸੇ ਹਨੇਰੇ ਕੋਨੇ ਵਿਚ ਲੁਕ ਕੇ ਬੈਠਾ ਹੈ ਜਾਂ (ਮਨ ਦੇ) ਸਟੋਰ ਵਾਲੇ ਕਮਰੇ ਵਿਚ ਮੋਟਾ ਜਿਹਾ ਤਾਲਾ ਲਗਾ ਕੇ ਬੰਦ ਕੀਤਾ ਹੋਇਆ ਹੈ। ਉਹ ਇਸ ਤਾਲੇ ਨੂੰ ਖੋਲ੍ਹਣ ਦਾ ਉਪਰਾਲਾ ਕਰਦਾ ਹੈ। ਨਾਟਕਕਾਰ ਉਦਾਸ ਤੇ ਨਿਰਾਸ ਜੀਵਨ ਜੀ ਰਹੇ ਮਨੁੱਖ ਅੰਦਰਲੇ ਦੀਵੇ ਨੂੰ ਜਗਾ ਕੇ ਰੌਸ਼ਨੀ ਪੈਦਾ ਕਰਨਾ ਚਾਹੁੰਦਾ ਹੈ। ਉਹ ਜਾਣਦਾ ਹੈ ਰੌਸ਼ਨੀ ਤਾਂ ਅੰਦਰੋਂ ਦੀਪਕ ਦੇ ਜਗਣ ਨਾਲ ਹੀ ਪੈਦਾ ਹੋਵੇਗੀ। ਮਨੁੱਖ ਨੂੰ ਦੀਵੇ ਤੇ ਰੌਸ਼ਨੀ ਦੇ ਪ੍ਰਤੀਕ ਰਾਹੀਂ ਪ੍ਰਗਟ ਕੀਤਾ ਹੈ। ਜਿਵੇਂ ਦੀਵੇ ਵਿਚ ਤੇਲ ਪਾ ਕੇ ਉਸ ਨੂੰ ਜਗਾਉਣ ਦੀ ਲੋੜ ਹੈ, ਇਵੇਂ ਹੀ ਮਨੁੱਖ ਨੂੰ ਸ਼ਕਤੀਸ਼ਾਲੀ ਹੋ ਕੇ, ਮਿਲ ਕੇ ਨਵੇਂ ਸੂਰਜ ਦਾ ਨਿਰਮਾਣ ਕਰਨ ਦੀ ਲੋੜ ਹੈ :

**ਕਵੀ-11**

ਧੁੰਦ ਦਾ ਹੱਥ ਹੀ ਹੱਥ ਚਾਨਣ ਦਾ
ਸੂਰਜ ਦੀ ਤਕਦੀਰ ਅਸੀਂ।
ਹੋਂਦ ਦੇ ਦੀਪਕ ਜੋਤ ਅਮਰ ਹੈ
ਜੋਤ ਦੀ ਜਦ ਤਦਬੀਰ ਅਸੀਂ।
... ... ...
ਧੁੰਦ ਦਾ ਹੱਥ ਪਕੜ ਕੇ ਜਿਸ ਨੇ
ਸੂਰਜ ਦੀ ਤਕਦੀਰ ਲਿਖੀ।
ਉਸ ਦੇ ਪੈਰੀਂ ਗੁਲਿਸਤਾਨ ਕੀ
ਸਾਰੀ ਕੁਦਰਤ ਆਣ ਪਈ। (74-75)

ਬੇਸ਼ਕ ਨਾਟਕਕਾਰ ਨੇ ਅਖ਼ੀਰ ਤੇ ਦੀਪਕ ਤੇ ਰੌਸ਼ਨੀ ਦੋਵੇਂ ਪਾਤਰਾਂ ਨੂੰ ਇਸ ਤ੍ਰਾਸਦੀ ਤੋਂ ਬਚਣ ਦਾ ਹੱਲ ਹੈਰੋਇਨ ਦੱਸ ਕੇ ਕਮਜ਼ੋਰ ਸਾਬਿਤ ਕੀਤਾ ਹੈ ਤੇ ਪਾਠਕਾਂ/ਦਰਸ਼ਕਾਂ ਦੇ ਅੰਦਰ ਜੀਣ ਦੀ ਚਾਹ ਨੂੰ ਤੋੜਿਆ ਹੈ, ਪਰ ਇਹ ਦ੍ਰਿਸ਼ ਅੱਜ ਦੇ ਮਨੁੱਖ ਦੀ ਮੌਤ ਵਰਗੀ ਜੀਅ ਰਹੀ ਜ਼ਿੰਦਗੀ ਤੇ ਤਨਜ਼ ਹੈ, ਜਿਸ ਵਿਚ ਸਵੈ-ਪਛਾਣ ਚੇਤਨਤਾ ਤੇ ਮਨੁੱਖਤਾ ਮਰ ਚੁੱਕੀ ਹੈ। ਲੇਖਕ ਇਨ੍ਹਾਂ ਵਿਚ ਮੁੜ ਚੇਤਨਤਾ ਭਰਨਾ ਚਾਹੁੰਦਾ ਹੈ। ਮੁਕਤੀ ਦਾ ਢੰਗ ਨੀਂਦ ਤੇ ਮੌਤ ਦਸ ਕੇ ਖੁਸ਼ ਨਹੀਂ।



Final dummy

ਉਸ ਲਈ ਮੁਕਤੀ ਦੇ ਢੰਗ ਨਾਲ ਅੰਤਰੀਵ ਤੌਰ ਤੇ ਬਿਲਕੁਲ ਸਹਿਮਤ ਨਹੀਂ, ਇਸ ਲਈ ਅਖ਼ੀਰ ਤੇ ਫਿਰ 'ਜਾਗੋ' ਰਾਹੀਂ ਇਸ ਸੁੱਤੇ ਹੋਏ ਆਧੁਨਿਕ ਮਨੁੱਖ ਨੂੰ ਜਗਾਉਣ ਦਾ ਕਾਰਜ ਤੇ ਸ਼ਕਤੀ ਪੈਦਾ ਕਰਦਾ ਹੈ। ਇਹ 'ਜਾਗੋ' ਸਮਾਜੀ ਚੇਤਨਾ ਦਾ ਸੰਕੇਤ ਹੈ। ਇਹ ਅੱਜ ਦੀ ਖੰਡਿਤ ਹੋ ਰਹੀ ਮਾਨਸਿਕਤਾ ਤੇ ਸੰਤਾਪ ਭੋਗ ਰਹੇ ਦੁਨਿਆਵੀ ਪ੍ਰਪੰਚ ਨੂੰ ਨਸ਼ਟਤਾ ਤੋਂ ਬਚਾਉਣ ਤੇ ਜਗਾਉਣ ਦਾ ਸੰਦੇਸ਼ ਹੈ।

ਨਾਟਕਕਾਰ ਦੇ ਪੇਸ਼ ਕੀਤੇ ਗਏ ਸਾਰੇ ਨਾਟ-ਦ੍ਰਿਸ਼ ਅਤੇ ਵਿਚਾਰ ਆਧੁਨਿਕ ਮਨੁੱਖ ਦੀ ਖੇਰੂੰ ਖੇਰੂੰ ਹੋ ਰਹੀ ਮਾਨਸਿਕਤਾ ਤੇ ਤ੍ਰਾਸਦੀ ਤੇ ਵਿਸਥਾਰਿਤ ਪ੍ਰਤੀਕ ਹਨ। ਇਹ ਕਾਵਿ ਨਾਟਕ ਦਰਸ਼ਕਾਂ ਨੂੰ ਨਾਲ ਜੋੜਨ ਦੀ ਸਮਰੱਥਾ ਰਖਦਾ ਹੈ। ਇਹ ਨਾਟਕ ਆਧੁਨਿਕ ਯੁੱਗ ਦੇ ਸਭ ਪਾਤਰਾਂ ਨੂੰ ਚੌਰਾਹੇ 'ਤੇ ਲਿਆ ਕੇ ਨੰਗਾ ਖੜ੍ਹਾ ਕਰ ਦਿੰਦਾ ਹੈ :

ਮੁਜਰਮ-3 : ਇਨਸਾਫ਼, ਜੁਰਮ ਤੇ ਅਧਿਕਾਰੀ
ਅਮੀਰ, ਹਾਕਮ ਤੇ
ਮੁਜਰਮ-1 : ਸਭ ਖਿਡਾਰੀ ਤੇ ਅਨਾੜੀ
ਮੁਜਰਮ-2 : ਨਾਸਤਕ ਤੇ ਪੁਜਾਰੀ,
ਮੁਜਰਮ-3 : ਚੌਰਾਹੇ ਵਿਚ ਆ ਗਏ ਹਨ। (49)

ਚੌਰਾਹਾ ਭਟਕਦੇ ਹੋਏ ਮਨੁੱਖ ਦਾ, ਇਸ ਸਮੇਂ ਦਾ, ਮਾਹੌਲ ਦਾ, ਇਸ ਜਕੜੀ ਹੋਈ ਬੇਬਸ ਮਾਨਸਿਕਤਾ, ਇਕੱਲਤਾ, ਉਦਾਸੀਨਤਾ ਤੇ ਮੌਤ ਦਾ ਪ੍ਰਤੀਕ ਹੈ :

ਮੁਜਰਮ-1 : ਸਾਡੀ ਸੱਭਿਅਤਾ, ਸਾਡਾ ਜੀਵਨ
ਸਾਡਾ ਗਿਆਨ, ਸਾਡੀ ਪ੍ਰਾਪਤੀ,
ਸਾਡਾ ਆਰੰਭ, ਸਾਡੀ ਸਮਾਪਤੀ,
ਇਹ ਚੌਰਾਹਾ ਹੈ।

ਇਹ ਪਾਗਲ, ਗੁੰਗਾ, ਬੋਲਾ, ਮੁਜਰਮ, ਲਾਲਚੀ, ਕਾਤਿਲ, ਮੁਨਸਫ, ਰੌਸ਼ਨੀ ਤੇ ਦੀਪਕ ਆਦਿ ਆਧੁਨਿਕ ਮਨੁੱਖ ਦੀ ਅੰਤਰਿਕ ਸੰਵੇਦਨਾ ਦਾ ਚਿਤਰਨ ਹੀ ਤਾਂ ਹੈ। ਇਹ ਯਥਾਰਥ ਦਸ ਕੇ ਇਸ ਬੇਚੈਨੀ, ਪਰੇਸ਼ਾਨੀ ਤੇ ਅੰਤਰੀਵ ਸੰਤਾਪ ਤੋਂ ਬਚਣ ਲਈ ਗੁੰਗਾ, ਬੋਲਾ, ਅੰਨ੍ਹਾਂ, ਪਾਗਲ ਤੇ ਮੁਜਰਮ ਆਦਿ ਬਣਨ ਦੀ ਥਾਂ ਅੱਜ ਦੇ ਸਮੇਂ ਦੀ ਪਛਾਣ ਅਤੇ ਉਸ ਵਿਚ ਛੁਪੇ ਸੱਚ ਨੂੰ ਭਾਲਣ ਤੇ ਸਮਝਣ ਲਈ ਅੰਤਰਮੁਖੀ ਹੋ ਕੇ ਸੋਚਣ ਦੀ ਪ੍ਰੇਰਨਾ ਵੀ ਦਿੱਤੀ ਹੈ।

ਇਸ ਕਾਵਿ-ਨਾਟਕ ਵਿਚ ਵਰਤੀ ਗਈ ਕਵਿਤਾ, ਨਾਟਕਕਾਰ ਦੀ ਪ੍ਰਤਿਭਾ ਤੇ ਸੋਚ ਦੀ ਇਕ ਵਧੀਆ ਕਲਾਮਈ ਉਪਜ ਹੈ। ਅੱਜ ਦੇ ਮਨੁੱਖ ਦੀ ਦਸ਼ਾ



Final dummy

ਨੂੰ ਨਾਟਕਕਾਰ ਨੇ ਚੌਰਾਹੇ ਦੇ ਪ੍ਰਤੀਕ 0 ਨੂੰ, ਜ਼ੀਰੋ ਬਿੰਬ ਰਾਹੀਂ ਪੇਸ਼ ਕਰਕੇ ਇਸ ਸੱਚ ਦੀ ਪ੍ਰੋੜਤਾ ਕੀਤੀ ਹੈ ਕਿ ਅਸਲ ਵਿਚ ਮਨੁੱਖ ਜ਼ੀਰੋ ਜ਼ਿੰਦਗੀ (ਨਿਮਖਕ: ਸੋਚ ਸਹਿਤ-ਸੋਚ ਰਹਿਤ) ਬਿਤਾ ਰਿਹਾ ਹੈ। ਅੱਜ ਦਾ ਇਹ ਚੌਕ ਇਸ ਯੁੱਗ ਦੇ ਇਤਿਹਾਸ ਦਾ ਸੰਕੇਤਕ ਹੈ। ਆਧੁਨਿਕ ਮਨੁੱਖ ਮਸ਼ੀਨਾਂ ਦੇ ਤੱਥ ਸੱਚ ਵਿਚ ਲੱਗਾ ਹੋਇਆ ਜ਼ਿੰਦਗੀ ਦੇ ਸੱਚ ਤੋਂ ਦੂਰ ਭਜਦਾ ਤੇ ਪਰ੍ਹਾਂ ਹਟਦਾ ਜਾ ਰਿਹਾ ਹੈ। ਆਧੁਨਿਕ ਮਨੁੱਖ ਦਾ ਵਿਕਾਸ ਹੀ ਉਸ ਲਈ ਖ਼ਤਰਾ ਬਣ ਗਿਆ ਹੈ। ਮਨੁੱਖ ਆਪਣੇ ਬੁਣੇ ਜਾਲ ਵਿਚ ਆਪ ਹੀ ਫਸਦਾ ਜਾ ਰਿਹਾ ਹੈ। ਮਨੁੱਖ ਦੀ ਰੱਖਿਆ ਕਰਨ ਵਾਲੀ ਸਾਇੰਸ ਹੀ ਮਨੁੱਖ ਲਈ ਦੁਖਾਂਤ ਬਣਦੀ ਜਾ ਰਹੀ ਹੈ।

ਪੈਗੰਬਰ

-ਵਕਫ਼ਾ-

ਜੋ ਕੁਝ ਬਿਜਾਲਣੂ ਹੈ,
ਬਿਜਲਾਣੂ ਛਤਰੀ ਦੀ ਸੁਰੱਖਸ਼ਾ 'ਚ ਹੈ,
ਏਮੈਕਸ ਮਿਸਲਾਂ, ਵਿਮਾਨ,
ਤੇ ਹੋਰ ਬਿਜਲਾਣੂੰ ਵਾਹਣ, ਮਾਰੂ ਸ਼ਸਤਰ ...

ਸਭ ਨਾਕਾਮ ਹੋ ਜਾਣਗੇ, ਅੱਖ ਝਮਕੇ ਵਿਚ
ਕੰਪਿਊਟਰ, ਆਪਣੀ ਯਾਦ ਖੋ ਬੈਠੇਗਾ

ਤੇ ਬਿਜਲਾਣੂੰ ਆਧਾਰ 'ਤੇ ਖੜੀ ਇਹ ਸੱਭਿਅਤਾ,
ਇਕ ਵਾਰੀ ਫਿਰ,
ਮਹਾਂ ਅੰਧਕਾਰ ਬਣ ਜਾਵੇਗੀ। (ਪੰਨਾ 53)

ਇਸ ਕਾਵਿ-ਨਾਟ ਦੀ ਹਰ ਸਤਰ ਅਜੋਕੀ ਜ਼ਿੰਦਗੀ ਦਾ ਯਥਾਰਥ ਹੈ। ਇਹ ਬਲਾਤਕਾਰ ਤੇ ਫਿਰ ਕਤਲ ਨੂੰ ਆਮ ਗੱਲ ਦਸਦੇ ਹੋਏ ਮਨੁੱਖ ਅੰਦਰ ਮਰ ਚੁੱਕੀ ਮਨੁੱਖਤਾ ਪ੍ਰਤੀ ਪਾਠਕਾਂ/ਦਰਸ਼ਕਾਂ ਨੂੰ ਸ਼ਰਮਸਾਰ ਕਰਨ ਅਤੇ ਹਲੂਣਨ ਦਾ ਉਪਰਾਲਾ ਹੈ।

ਨਾਟਕਕਾਰ ਨੇ ਜਾਗੋ-ਗੀਤ, ਸੋਤਾ-ਗੀਤ, ਛੱਲਾ, ਮਾਹੀਆ ਆਦਿ ਰਾਹੀਂ ਮਨੁੱਖ ਨੂੰ ਪਰੰਪਰਾ ਨਾਲ ਜੋੜਨ ਦਾ ਯਤਨ ਕਰਦੇ ਹੋਏ ਤੇ ਇਸ ਤ੍ਰਾਸਦਿਕ ਅਵਸਥਾ ਦਾ ਸ਼ਿਕਾਰ ਦਸਦੇ ਹੋਏ, ਉਨ੍ਹਾਂ ਦਾ ਇਸ ਮਕਾਨਕੀ ਯੁੱਗ ਦੀ ਸੋਚ ਨਾਲ ਰਿਸ਼ਤਾ ਜੋੜਿਆ ਹੈ। ਇਹ ਸੰਕੇਤਾਤਮਕ ਤੇ ਪ੍ਰਤੀਕਾਤਮਕ ਕਾਵਿ-ਨਾਟਕ



Final dummy

ਹੈ। ਪਾਤਰ, ਸੰਵਾਦ, ਵਾਤਾਵਰਨ, ਪਹਿਰਾਵਾ ਮੰਚ-ਸੱਜਾ ਆਦਿ ਸਭ ਪ੍ਰਤੀਕਾਤਮਕ ਸ਼ੈਲੀ ਵਿਚ ਪਰੋਏ ਹਨ। ਸਪਾਟਲਾਈਟਾਂ, ਪ੍ਰੋਜੈਕਟਰ ਸਲਾਈਡਾਂ, ਰੌਸ਼ਨੀ, ਹਨੇਰਾ, ਟ੍ਰੈਫਿਕ ਦਾ ਇਹ ਹੜ੍ਹ, ਹਾਰਨਾਂ ਤੇ ਵਾਹਨਾਂ ਦਾ ਸ਼ੋਰ ਤੇ ਧੁਨੀ-ਪ੍ਰਭਾਵ ਇਸ ਕਾਵਿ ਨਾਟਕ ਦੇ ਪ੍ਰਭਾਵ ਤੇ ਪਾਤਰਾਂ ਦੇ ਅੰਦਰੂਨੀ ਕਾਰਜ ਨੂੰ ਤੇਜ਼ ਕਰਨ ਲਈ ਸਜੀਵ ਪਾਤਰਾਂ ਜਿੰਨਾਂ ਹੀ ਮਹੱਤਵ ਤੇ ਨਾਟਕੀ ਰੂਪ ਦੇਣ ਦੀ ਸਮਰੱਥਾ ਰੱਖਦੇ ਹਨ।

ਨਾਟਕਕਾਰ ਦੇ ਸਿਰਜੇ ਪ੍ਰਤੀਕਾਂ, ਬਿੰਬਾਂ ਤੇ ਭਾਸ਼ਾ ਨੇ ਇਸ ਨਾਟਕ ਵਿਚ ਜਾਨ ਭਰ ਦਿਤੀ ਹੈ। ਨਾਟਕ ਦੀ ਪ੍ਰਤਿਭਾ ਨੂੰ ਲਿਸ਼ਕਾ ਦਿੱਤਾ ਹੈ। ਨਾਟਕਕਾਰ ਨੇ ਟਕਸਾਲੀ ਪੰਜਾਬੀ ਭਾਸ਼ਾ ਵਰਤੀ ਹੈ। ਭਾਸ਼ਾ ਬੌਧਿਕ ਤੇ ਸ਼ਬਦ ਰਚਨਾ ਜੱਟਿਲ ਹੈ। ਨਾਟਕਕਾਰ ਨੇ ਭਾਸ਼ਾ ਦਾ ਪ੍ਰਯੋਗ ਪਾਠਕਾਂ/ ਦਰਸ਼ਕਾਂ ਦੀ ਸਮੱਰਥਾ ਨੂੰ ਧਿਆਨ ਵਿਚ ਰੱਖ ਕੇ ਕੀਤਾ ਹੈ। ਇਸ ਕਾਵਿ-ਨਾਟਕ ਵਿਚ ਕੋਈ ਨਿਰਾਰਥਕ ਸ਼ਬਦ ਨਹੀਂ ਵਰਤਿਆ। ਨਾਟਕਕਾਰ ਦੀ ਭਾਸ਼ਾ ਮਸ਼ੀਨੀ ਯੁੱਗ ਦੇ ਇਤਿਹਾਸ ਨੂੰ ਆਕਰਸ਼ਕ ਕਰਨ ਦੀ ਸਮੱਰਥਾ ਰਖਦੀ ਹੈ। ਇਹ ਕੇਵਲ ਪ੍ਰਭਾਵ ਨੂੰ ਗ੍ਰਹਿਣ ਕਰਨ ਤਕ ਹੀ ਸੀਮਤ ਨਹੀਂ, ਕੇਂਦਰਿਤ ਵੀ ਰਖਦੀ ਹੈ ਤੇ ਧਿਆਨ ਨੂੰ ਵਿਕੇਂਦ੍ਰਿਤ ਨਹੀਂ ਹੋਣ ਦੇਂਦੀ। ਭਾਸ਼ਾ ਵਿਚ ਸਾਰਥਕਤਾ ਹੈ। ਇਸ ਭਾਸ਼ਾ ਵਿਚ ਨਾਟਕਕਾਰ ਦੇ ਅਨੁਭਵ ਨੂੰ ਸਫਲਤਾ ਪੂਰਨ ਪਾਠਕਾਂ/ਦਰਸ਼ਕਾਂ ਤੱਕ ਪਹੁੰਚਾਣ ਦੀ ਸਮੱਰਥਾ ਹੈ। ਹਰ ਸ਼ਬਦ ਦਾ ਵਿਸ਼ੇਸ਼ ਅਰਥ ਤੇ ਮੂਲ ਹੈ। ਇਹ ਪ੍ਰੌੜ ਪਾਠਕਾਂ/ ਦਰਸ਼ਕਾਂ ਦੀ ਭਾਸ਼ਾ ਹੈ। ਆਮ ਪਾਠਕ/ਦਰਸ਼ਕ ਉਹ ਕੁਝ ਗ੍ਰਹਿਣ ਨਹੀਂ ਕਰ ਸਕਦਾ ਜੋ ਵਿਸ਼ੇਸ਼ ਦਰਸ਼ਕ ਕਰ ਸਕਦਾ ਹੈ, ਕਿਉਂਕਿ ਇਸ ਕਾਵਿ-ਨਾਟਕ ਦੇ ਸਤਹੀ ਅਰਥ ਤੇ ਧਿਆਨ ਦੇਣ ਨਾਲ ਕੰਮ ਨਹੀਂ ਸਰਦਾ। ਪਾਠਕਾਂ/ਦਰਸ਼ਕਾਂ ਨੂੰ ਸ਼ਬਦਾਂ ਪ੍ਰਤੀ ਸੰਜੀਦਾ ਹੋਣਾ ਪਵੇਗਾ। ਇਸ ਦਾ ਥੀਮ ਤੇ ਵਿਧੀ ਦੋਵੇਂ ਹੀ ਬੜੇ ਜੱਟਿਲ ਹਨ।

ਇਸ ਕਾਵਿ-ਨਾਟਕ ਦੇ ਵਿਸ਼ੇਸ਼ਣ, ਵਸਤੂ ਨੂੰ, ਬਿੰਬ ਦੇ ਰੂਪ ਵਿਚ ਪ੍ਰਗਟ ਕਰਨ 'ਚ ਸਹਾਈ ਹੁੰਦੇ ਹਨ। 'ਚੌਕ ਨਾਟਕ' ਕਾਵਿ-ਨਾਟਕ ਵਿਚ ਸ਼ਬਦ ਕੇਵਲ ਚਿੰਨ੍ਹ ਹੀ ਨਹੀਂ, ਵਸਤੂ ਵੀ ਹਨ। ਸ਼ਬਦ, ਬਿੰਬ ਦੀ ਸੰਦ੍ਰਿਸ਼ਟੀ ਕਰਦੇ ਹੋਏ ਅਨੁਭਵ ਦੀ ਪੁਨਰ-ਰਚਨਾ ਕਰਦੇ ਹਨ ਅਤੇ ਉਤੇਜਨਾ ਨੂੰ ਦਰਸ਼ਕਾਂ ਤਕ ਪਹੁੰਚਾ ਸਕਦੇ ਹਨ। ਨਾਟਕਕਾਰ ਨੇ ਸੰਗਿਆ ਨੂੰ ਵਿਸ਼ੇਸ਼ਣ ਦੇ ਰੂਪ ਵਿਚ ਵਰਤ ਕੇ ਬਿੰਬ ਨੂੰ ਹੋਰ ਸਪਸ਼ਟਤਾ ਨਾਲ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਵਿਅਕਤੀ ਨਾਲ ਉਸ ਦੀ ਤਰੱਕੀ ਤੇ ਨਾਸ਼ਵਾਨਤਾ ਨਾਲ 'ਚੌਰਾਹਾ' ਜੋੜ ਕੇ ਵਿਅਕਤੀ ਤੇ ਉਸ ਦੇ ਵਿਕਾਸ ਦੀ ਵਿਸ਼ੇਸ਼ਤਾ ਦੱਸਣ ਦੀ ਥਾਂ ਉਸ ਦੀ ਥਾਂ ਅਜੋਕੀ ਸਥਿਤੀ ਨੂੰ ਵਿਅੰਗਮਈ ਸ਼ੈਲੀ ਵਿਚ ਬੜੇ ਹੀ ਭਾਵਪੂਰਨ ਤੇ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ। ਪਰ ਜਦੋਂ ਇਹ 'ਚੌਰਾਹਾ' ਬੰਦੀ ਖਾਨੇ ਤੇ ਪਾਗਲਖਾਨੇ ਦੇ ਰੂਪ



Final dummy

ਵਿਚ ਪੇਸ਼ ਹੁੰਦਾ ਹੈ ਤਾਂ ਇਹ ਵਿਅੰਗ-ਅਰਥ ਦੀ ਥਾਂ ਮੁੱਖ ਅਰਥ (ਸੰਗਿਆ) ਦਾ ਕੰਮ ਦਿੰਦਾ ਹੈ। ਸੱਤਾ, ਸੱਤਾਧਾਰੀ, ਸ਼ਾਸਤਰ, ਮੁਕਤੀ, ਸ਼ਕਤੀ ਤੇ ਜ਼ੰਜੀਰਾਂ ਆਦਿ ਇਹ ਸਭ ਸ਼ਬਦ ਰਾਜਨੀਤਿਕਤਾ ਦੀ ਸਥਿਤੀ ਨੂੰ ਪ੍ਰਗਟ ਕਰਦੇ ਹਨ।

ਨਾਟਕਕਾਰ ਨੇ ਪ੍ਰਤੀਕਾਂ ਬਿੰਬਾਂ ਤੇ ਚਿੰਨ੍ਹਾਂ ਦੀ ਵਰਤੋਂ ਰਾਹੀਂ ਇਸ ਦੇ ਥੀਮ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਮਨੁੱਖ ਦੀ ਅੰਦਰਲੀ ਟੁੱਟ ਭੱਜ ਨੂੰ ਬੜੇ ਹੀ ਖ਼ੂਬਸੂਰਤ ਸ਼ਬਦਾਂ ਰਾਹੀਂ ਤਿੜਕਿਆ, ਤੇੜਾਂ, ਸੱਖਣਾਂ, ਸੁੱਕੀ, ਪੱਥਰ, ਦਾਵਾਨਲ, ਪਾਗਲ, ਕਾਵਾਂ ਰੌਲੀ, ਗਲੀਆਂ ਸੜੀਆਂ ਲਾਸ਼ਾਂ, ਚੋਰ ਤੇ ਬੰਦ ਪੰਛੀ ਆਦਿ ਰਾਹੀਂ ਬਿਆਨ ਕੀਤਾ ਹੈ। ਭਾਵੇਂ ਇਹ ਬਹੁਤੇ ਸ਼ਬਦ ਨਿਰਜਿੰਦ ਚੀਜ਼ਾਂ ਦੀ ਸੰਗਤ ਕਰਦੇ ਹਨ, ਪਰ ਨਾਟਕਕਾਰ ਨੇ ਇਨ੍ਹਾਂ ਦੀ ਮਾਨਵ (ਸੰਜਿਦਾ) ਨਾਲ ਸੰਗਤ ਕਰਵਾ ਕੇ ਮਨੁੱਖ ਨੂੰ ਝੰਜੋੜ ਕੇ ਰੱਖ ਦਿਤਾ ਹੈ। ਅਜੋਕੇ ਮਨੁੱਖ ਨੂੰ 'ਸ਼ੈਤਾਨ' ਤੇ ਸੱਤਾਧਾਰੀਆਂ ਨੂੰ 'ਹਲਕੇ ਕੁੱਤੇ' ਤੇ 'ਪਾਗਲ' ਅਖਵਾ ਕੇ ਉਨ੍ਹਾਂ ਦਾ ਪਰਦਾ ਫਾਸ਼ ਕੀਤਾ ਹੈ।

ਅਸਲ ਵਿਚ ਨਾਟਕਕਾਰ ਇਹ ਸਭ ਕੁਝ ਅਜੋਕੇ ਮਨੁੱਖ ਵਿਚ ਸਵੈ-ਪਛਾਣ ਵਰਗੀ ਚੇਤਨਾ ਭਰਨ ਲਈ ਕਰਦਾ ਹੈ। ਇਹ ਕਾਵਿ-ਨਾਟਕ ਕੇਵਲ ਸਥਿਤੀ ਦਾ ਵਰਨਣ ਨਹੀਂ ਪਰਸਥਿਤੀਆਂ ਦਾ ਚਿਤਰਨ ਵੀ ਹੈ। ਇਹ ਸਥਿਤੀਆਂ ਤੇ ਪਰਸਥਿਤੀਆਂ ਮਨੁੱਖ ਦੀ ਭੋਗ ਰਹੀ ਹੋਣੀ ਦੀਆਂ ਤਸਵੀਰਾਂ ਹੀ ਤਾਂ ਹਨ, ਜਿਨ੍ਹਾਂ ਨੂੰ ਨਾਟਕਕਾਰ ਨੇ ਬੜੇ ਹੀ ਜੁਗਤੀ ਪੂਰਨ ਢੰਗ ਨਾਲ ਪੇਸ਼ ਕੀਤਾ ਹੈ। ਨਾਟਕਕਾਰ ਦੀ ਭਾਸ਼ਾ, ਸ਼ਬਦ, ਬਿੰਬ, ਪ੍ਰਤੀਕ, ਸੰਗੀਤ, ਗੀਤ, ਹਨੇਰਾ, ਰੌਸ਼ਨੀ, ਸ਼ੋਰ ਤੇ ਹੋਰ ਕਈ ਸੰਕੇਤ ਆਦਿ ਇਸ ਨਾਟਕ ਦੇ ਥੀਮ ਦਾ ਡੂੰਘੇ ਅਰਥਾਂ ਵਿਚ ਸੰਚਾਰ ਕਰਦੇ ਅਤੇ ਸੰਦੇਸ਼ ਦਿੰਦੇ ਹੋਏ ਮਨੁੱਖ ਨੂੰ ਜਗਾਉਣ ਦਾ ਉਪਰਾਲਾ ਕਰਦੇ ਹਨ।

'ਚੌਕ ਨਾਟਕ' ਨਾਮ, ਥੀਮ, ਰੂਪ ਅਤੇ ਨਾਟਕੀ ਜੁਗਤਾਂ ਪੱਖੋਂ ਸਫਲ ਕਾਵਿ-ਨਾਟਕ ਹੈ। ਇਸ ਦਾ ਨਾਂ ਤੇ ਥੀਮ ਨਾਟਕਕਾਰ ਦੀ ਡੂੰਘੀ ਸੋਚ ਅਤੇ ਨਾਟਕੀ ਜੁਗਤਾਂ, ਥੀਏਟਰੀਕਲ ਸੂਝ ਦਾ ਪਤਾ ਦਿੰਦੀਆਂ ਹਨ।*

**-ਡਾ. ਉਪਦੇਸ਼ ਕੌਰ**

* ਪੁਸਤਕ : 'ਬਦੇਸ਼ੀ ਪੰਜਾਬੀ ਸਾਹਿਤ' ਵਿਚੋਂ
ਸੰਪਾਦਕ : ਸੁਰਿੰਦਰ ਪਾਲ ਸਿਘ (ਡਾ.)
ਪ੍ਰਕਾਸ਼ਕ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
ਪ੍ਰਕਾਸ਼ਨ ਵਰ੍ਹਾ : 1993

* ਇਹ ਲੇਖ 'ਖੋਜ ਦਰਪਣ' ਵਿਚ ਵੀ ਛਪ ਚੁੱਕਾ ਹੈ।



# 'ਸਿਫਰ ਨਾਟਕ'



It is no paradox to assert that much of reality now begins outside language.

**George Steiner,**
The Retreat From The World : I
Listener, London, 14 July, 1960.

* * *

The fantastic thing about theater is that it can make something be seen that's invisible, and that's where my interest in theatre is— that you can be watching this thing happening with actors and costumes and light and set and lanugage, and even plot and something emerges from beyond that, and that's the image part that I am ('m) looking for, that sort of added dimension.

**Sam Shepard,**
(Leading American Playwright),
Fool for love and other plays, Page 3.

* * *

Time and space do not exist, a slight groundwork of reality imagination spins and weaves new patterns made up of memories, experience, unfetered fancies, absurdities, and improvisations. The characters are split, double and multiply : they evaporate, crystalize, scatter, and converge. But a single consciousness holds sway over them all...

**Strindberg,**
A Dream Play.

* * *

The theater of the absurd, in carrying the same poetic endeavour into the cocerete imagery of the stage, can go further than pure poetry in dispensing with logic, discursive thought, and language. The stage is a multi-dimentional medium : it allows the simultaneous use of visual elements, movement, light, and language. It is, therefore, particularly suited to the communicaiton of complex images consisting of the contrapuntal interaction of all these elements....

**Martin Esslin,**
The Theatre of the Absurd,
1983, Edition, Page 406.



# ਕੁਝ 'ਸਿਫ਼ਰ ਨਾਟਕ' ਬਾਰੇ

ਦੇਰ ਤੋਂ ਆਕਾਰ ਵਿਚ ਛੋਟਾ ਪਰ ਪ੍ਰਭਾਵ ਵਿਚ ਵੱਡਾ ਨਾਟਕ ਲਿਖਣ ਦੀ ਮੇਰੀ ਇੱਛਾ ਸੀ। 'ਸਿਫ਼ਰ ਨਾਟਕ' ਦੀ ਰਚਨਾ ਨਾਲ ਜਾਪਦਾ ਹੈ ਕਿ, ਇਹ ਇੱਛਾ ਪਰਵਾਨ ਚੜ੍ਹ ਰਹੀ ਹੈ। ਮੈਂ ਇਹ ਵੀ ਚਾਹੁੰਦਾ ਸਾਂ ਕਿ ਇਸ ਦੇ ਮੰਚਨ ਲਈ, ਅਭਿਨਯ ਕਰਨ ਵਾਸਤੇ, ਅਸਲ ਪਾਤਰ ਵੀ ਘੱਟ ਤੋਂ ਘੱਟ ਹੋਣ।

ਏਸ ਮੰਤਵ ਦੀ ਪੂਰਤੀ ਲਈ ਆਪਣੇ ਆਪ ਨੂੰ ਨਿਰਾ ਪੁਰਾ ਸੰਬਾਦ ਜਾਂ ਵਾਰਤਾਲਾਪ ਦੀ ਭਾਸ਼ਾ ਤੱਕ ਸੀਮਤ ਕਰ ਦੇਣ ਦੀ ਥਾਂ ਮੈਂ ਚਾਹੁੰਦਾ ਸਾਂ ਕਿ ਨਾਟਕੀ ਕਾਰਜ ਦੇ ਪ੍ਰਤੀਕਾਤਮਕ ਦ੍ਰਿਸ਼ਟੀ-ਮੂਲਕ ਸਮਵਾਏ (Visulas), ਰੌਸ਼ਨੀ, ਧੁਨੀ ਤੇ ਛਾਇਆ-ਪ੍ਰਭਾਵਾਂ ਦੀ ਖੁੱਲ੍ਹ ਕੇ ਵਰਤੋਂ ਕਰਾਂ ਤਾਂ ਕਿ ਮੇਰੀ ਗੱਲ ਨੂੰ ਸੁਣਨ ਦੇ ਨਾਲ ਨਾਲ, ਦਰਸ਼ਕ ਵੇਖ, ਮਹਿਸੂਸ, ਸੋਚ, ਕਲਪ ਤੇ ਹੰਢਾ ਵੀ ਸਕਣ।

ਮੰਚ-ਸੱਜਾ, ਵੇਸ-ਭੂਸ਼ਾ, ਪਿੱਠ-ਭੂਮੀ ਤੇ ਪੱਟ-ਪ੍ਰਭਾਵਾਂ, ਪਿਛੋਕੜ ਦੀਆਂ ਆਵਾਜ਼ਾਂ ਤੇ ਪ੍ਰਤੀਧੁਨੀਆਂ ਨੂੰ ਮੈਂ ਚੇਤੰਨ ਤੇ ਅਵਚੇਤਨ ਦੀ ਪੇਸ਼ਕਾਰੀ ਲਈ ਇਕ ਕਾਰਗਰ ਹਥਿਆਰ ਵਜੋਂ ਵਰਤਣਾ ਚਾਹੁੰਦਾ ਸਾਂ, ਤਾਂ ਜੁ ਟੁਕੜੀ ਰੂਪ ਵਿਚ ਪੈਚ ਵਰਕ (Patch Work) ਵਜੋਂ ਨਜ਼ਰ ਆਉਣ ਦੀ ਥਾਂ ਇਹ ਸਭ ਸਮੁੱਚੀ ਰਚਨਾਤਮਕ ਕਿਰਿਆ ਦੇ ਸਹਿਜ-ਅੰਗ ਦੇ ਰੂਪ ਵਿਚ ਪ੍ਰਸਤੁਤ ਹੋ ਸਕਣ।

ਜਿਸ ਤਰ੍ਹਾਂ ਮੈਂ ਇਸ ਨਾਟਕ ਦੇ ਤਾਣੇ-ਬਾਣੇ, ਬੁਣਤੀ, ਡੀਜ਼ਾਇਨ, ਪੈਟਰਨ ਤੇ ਸਮੁੱਚੇ ਪ੍ਰਭਾਵਾਂ ਨੂੰ ਇਕ ਸਮੂਹ (Whole) ਤਥਾ ਇਕਾਈ ਵਜੋਂ ਚਿਤਵਿਆ ਸੀ, ਉਵੇਂ ਹੀ ਇਸ ਨੂੰ ਥੀਏਟਰੀ ਭਾਸ਼ਾ ਵਿਚ ਰਚਨਾ ਚਾਹੁੰਦਾ ਸਾਂ।

ਸੰਖੇਪ ਵਿਚ ਇੰਜ ਕਹਿ ਲਓ ਕਿ ਸੰਬਾਦ-ਭਾਸ਼ਾ ਵਿਚ ਸੰਜਮ, ਨਾਟਕੀ ਕਾਰਜ ਦੀ ਬਹੁਲਤਾ ਅਤੇ ਆਧੁਨਿਕ ਮੰਚ ਸ਼ਿਲਪ (Stage-Craft) ਦਾ ਚੁਸਤ ਪ੍ਰਯੋਗ ਹੀ ਅਜੋਕੇ ਆਧੁਨਿਕ ਨਾਟਕ ਦੇ ਮੁੱਖ ਲੱਛਣ ਹਨ। ਅਜਿਹਾ ਨਾਟਕ ਜਦੋਂ ਵਾਰਤਕ ਨਾਲੋਂ ਕਾਵਿ ਨੂੰ ਵਧੇਰੇ ਤੇ ਭਰਵੇਂ ਰੂਪ ਵਿਚ ਉਪਯੋਗਦਾ

ਹੋਵੇ, ਤਾਂ ਸੰਕੋਚਵੇਂ ਸੰਜਮ ਦੇ ਨਾਲ ਨਾਲ ਢੁੱਕਵੇਂ ਪਰ ਚੁਸਤ ਮੰਚ-ਸ਼ਿਲਪ ਦੀ ਕਲਾਤਮਕ ਵਰਤੋਂ ਹੋਰ ਵੀ ਵਧੇਰੇ ਆਵਸ਼ਕ ਹੋ ਜਾਂਦੀ ਹੈ।

ਆਪਣੇ ਪਹਿਲੇ ਨਾਟਕਾਂ ਵਿਚ ਵੀ ਮੈਂ ਇਸੇ ਵਿਧਾ ਦਾ ਪ੍ਰਯੋਗ ਕੀਤਾ ਹੈ। ਪਰ ਉਹ ਸਭ ਨਾਟਕ ਮੇਰੇ ਹੱਥਲੇ ਨਾਟਕ ਨਾਲੋਂ ਆਕਾਰ ਵਿਚ ਵਡੇਰੇ ਹਨ। ਸ਼ਾਇਦ ਇਸੇ ਲਈ ਜਦੋਂ ਮੈਂ ਉਕਤ ਵਿਧਾ ਨੂੰ ਇਸ ਆਕਾਰ ਵਿਚ ਛੋਟੇ, ਪਰ ਪ੍ਰਭਾਵ ਵਿਚ ਵੱਡੇ ਨਾਟਕ ਵਿਚ ਪ੍ਰਯੋਗ ਰਿਹਾ ਸਾਂ, ਤਾਂ ਮੈਂ ਸੰਕੋਚਵੇਂ ਸੰਜਮ ਦੀ ਦੂਹਰੀ ਯਾਤਰਾ ਵਿੱਚੋਂ ਗੁਜ਼ਰਦਾ ਹੋਇਆ, ਕਹਿਣ ਦੇ ਨਾਲ ਨਾਲ, ਸੁਣ, ਵੇਖ, ਮਹਿਸੂਸ, ਸੋਚ ਤੇ ਅਨੁਭਵ ਵੀ ਕੁਝ ਵਧੇਰੇ ਹੀ ਤੀਖਣ ਸ਼ਿੱਦਤ ਨਾਲ ਰਿਹਾ ਸਾਂ।

ਚੇਤਨ ਤੇ ਅਵਚੇਤਨ ਦੀ ਰਚਨ-ਪ੍ਰਕਿਰਿਆ ਵਿਚ ਪਾਤਰ ਕਿੱਥੋਂ ਤੇ ਕਦੋਂ ਸ਼ੁਰੂ ਹੁੰਦਾ ਹੈ ਅਤੇ ਛਾਇਆ, ਪ੍ਰਤੀਕ, ਸਿਮਰਤੀਆਂ ਤੇ ਕਰਮ ਪ੍ਰਤੀਕਰਮ ਕਿੱਥੋਂ ਤੇ ਕਦੋਂ ? ਏਸ ਪ੍ਰਸ਼ਨ ਦੇ ਉੱਤਰ ਵਿਚ ਨਾ ਪੈਂਦਿਆਂ ਮੈਂ ਏਥੇ ਇਹ ਸੰਕੇਤ ਕਰਨਾ ਹੀ ਉਚਿਤ ਸਮਝਦਾ ਹਾਂ ਕਿ ਨਿਤਾਪ੍ਰਤੀ ਜੀਵਨ-ਕਰਮ ਨੂੰ ਉਕਤ ਰੂਪ ਵਿਚ ਵੰਡਣ ਵਾਲੀ ਸਿਧਾਂਤ-ਰੇਖਾ ਨੂੰ ਸਿਰਜਣ ਦੀ ਥਾਂ ਮੇਰਾ ਧਿਆਨ ਜੀਵਨ-ਕਰਮ ਦੇ ਸਮੂਹ ਨੂੰ ਸਿਰਜਣ ਉੱਤੇ ਵਧੇਰੇ ਕੇਂਦ੍ਰਿਤ ਰਿਹਾ ਹੈ।

ਮੁੱਢ ਤੋਂ ਹੀ ਏਸ ਨਾਟਕ ਦੇ ਪ੍ਰਤੀਕ ਤੇ ਹੋਰ ਬਿੰਬ ਚਿੰਨ੍ਹ ਆਪਣੇ ਨਾਟਕੀ ਕਾਰਜ ਸਮੇਤ ਇਕ ਨਿਰੰਤਰ ਸੇਧ ਵਾਲੇ ਸਿਖਰ ਵੱਲ ਵਧਣੇ ਸ਼ੁਰੂ ਹੋ ਜਾਂਦੇ ਹਨ। ਨਾਟਕ ਦੇ ਅੰਤ ਵਿਚ ਮੇਰੀ ਇੱਛਾ ਜੀਵਨ ਦੇ ਸਾਪੇਖ ਸੱਚ, ਪੂਲ ਟੇਬਲ ਦੁਆਲੇ ਸਿਫ਼ਰਿਆਂ ਦੇ ਘੇਰੇ ਅਤੇ ਨਿਰੰਤਰ ਬਲ ਰਹੀ ਬੱਤੀ ਦੇ ਦੋ ਮੁੱਖ ਪ੍ਰਤੀਕਾਂ 'ਚੋਂ ਕਿਸੇ ਇਕ ਨੂੰ ਵੀ ਵਧੇਰੇ ਜਾਂ ਘੱਟ ਸਮਰੱਥਾਵਾਨ ਵਿਖਾਉਣ ਦੀ ਨਹੀਂ ਹੈ। ਇਹ ਨਿਰਣਾ ਮੈਂ ਦਰਸ਼ਕਾਂ ਤੇ ਪਾਠਕਾਂ ਉੱਤੇ ਛੱਡ ਦਿੱਤਾ ਹੈ, ਜਿਸ ਜਿਸ ਨੂੰ ਜਿੰਨਾ ਜਿੰਨਾ ਕੁਝ ਏਸ ਜੀਵਨ ਨੇ ਦਿੱਤਾ ਹੈ, ਉਸ ਉਸ ਨੇ ਓਨਾ ਓਨਾ ਅਰਥ ਹੀ ਏਸ ਨਾਟਕ 'ਚੋਂ ਚੁੱਕਣਾ ਹੈ। ਇਹ ਅਰਥ ਸਿਫ਼ਰਾ ਹੈ, ਬੱਤੀ ਹੈ, ਜਾਂ ਇਨ੍ਹਾਂ ਦੋਹਾਂ ਵਿਚਕਾਰ ਪਲ ਪਲ, ਛਿਣ ਛਿਣ ਵਿਚਰਦਾ, ਹੰਢਦਾ, ਟੁੱਟਦਾ, ਖਿੰਡਦਾ, ਜੁੜਦਾ ਤੇ ਲਗਾਤਾਰ ਚੇਤੰਨ ਰੂਪ ਵਿਚ ਸ਼ੂਨਯ ਹੋ ਰਿਹਾ 'ਓ' ਹੈ ? ਜਾਂ ਤਿੰਨੇ ਹਨ ? ਜਾਂ ਕਦੇ ਇਕ, ਕਦੇ ਦੂਜਾ ਤੇ ਕਦੇ ਤੀਜਾ ? ਜਾਂ ਇਨ੍ਹਾਂ ਤਿੰਨਾਂ ਪਿਛਲਾ ਨਿਰੰਤਰ ਕ੍ਰਮ ?

ਜ਼ਿੰਦਗੀ ਤੁਹਾਡੀ ਹੈ, ਸਮਰੱਥਾ ਵੀ ਤੁਹਾਡੀ ਹੀ ਹੈ। ਅਰਥ ਵੀ ਤੁਸੀਂ ਹੀ ਚੁੱਕਣਾ ਹੈ ! 'ਓ' ਦੇ ਕਾਰਨ ਆਪਣੇ ਹਨ। ਤੁਹਾਡੇ, ਆਪਣੇ ਹੋ ਸਕਦੇ ਹਨ।

ਅਜੋਕਾ ਆਧੁਨਿਕ ਨਾਟਕ 'ਐਬਸਰਡਿਟੀ' ਤੇ ਰੁਕ ਨਹੀਂ ਜਾਂਦਾ, ਸਗੋਂ ਇਸ ਤੋਂ ਅਗਾਂਹ ਵੇਖਣ ਦਾ ਸੁਝਾਅ ਹੈ।

'ਸਿਫ਼ਰ ਨਾਟਕ' ਨਵੰਬਰ 1985 ਵਿਚ ਮੁਕੰਮਲ ਹੋ ਗਿਆ ਸੀ। ਹੁਣ ਛਪ ਰਿਹਾ ਹੈ।



## ਮੇਰੇ ਨਾਟਕਾਂ ਦੇ ਮੰਚਨ ਬਾਰੇ

ਮੇਰੇ ਨਾਟਕ ਕਿਉਂਕਿ ਆਧੁਨਿਕਤਮ ਤਕਨੀਕੀ ਤੇ ਮੰਚਨ-ਵਿਧੀਆਂ ਅਨੁਕੂਲ ਲਿਖੇ ਗਏ ਹਨ, ਇਸ ਲਈ ਤਕਨਾਲੋਜੀ ਪੱਖੋਂ ਪੰਜਾਬੀ ਮੰਚ ਦੇ ਪਛੜੇਵੇਂ ਦੇ ਪ੍ਰਸੰਗ ਵਿਚ, ਕੁਝ ਪੰਜਾਬੀ ਨਾਟ-ਆਲੋਚਕ ਇਨ੍ਹਾਂ ਦੀ ਮੰਚ-ਅਨੁਕੂਲਤਾ ਬਾਰੇ ਟਿਪਣੀ ਕਰਨੋਂ ਜਾਂ ਤਾਂ ਝਿਜਕਦੇ ਰਹੇ ਹਨ, ਅਤੇ ਜਾਂ ਦੋ ਟੂਕ ਨਿਰਣਾ ਦੇਣੋਂ ਅਸਮਰਥ ਰਹੇ ਹਨ।

ਮੇਰੀ ਜਾਚੇ ਇਨ੍ਹਾਂ ਨਾਟਕਾਂ ਦੀ ਸਭ ਤੋਂ ਵੱਡੀ ਖ਼ੂਬੀ ਹੀ ਇਹ ਹੈ ਕਿ ਵਿਕਸਤ ਤਕਨੀਕੀ ਸੁਵਿਧਾਵਾਂ ਦੀ ਅਣਹੋਂਦ ਦੀ ਸੂਰਤ ਵਿਚ ਵੀ ਇਨ੍ਹਾਂ ਨੂੰ ਢੁੱਕਵੇਂ ਮੰਚ-ਪ੍ਰਤੀਕਾਂ ਦੁਆਰਾ ਸਫਲਤਾ ਸਹਿਤ ਮੰਚਤ ਕੀਤਾ ਜਾ ਸਕਦਾ ਹੈ।

'ਬੀਮਾਰ ਸਦੀ' 1974 ਵਿਚ ਛਪਿਆ ਤੇ 1976 ਵਿਚ ਮੰਚਤ ਹੋ ਗਿਆ ਸੀ। 'ਚੌਕ ਨਾਟਕ' 1984 ਵਿਚ ਛਪਿਆ ਤੇ 1986 ਵਿਚ ਮੰਚਤ ਹੋ ਗਿਆ, ਹਾਲਾਂਕਿ ਪਾਤਰਾਂ ਦੀ ਇਕ ਵੱਡੀ ਗਿਣਤੀ ਅਤੇ ਮਹਾਂ-ਨਾਟਕੀ ਜੁਗਤਾਂ ਦੇ ਪੱਖੋਂ, ਪੰਜਾਬੀ ਵਿਚ ਪਰਚੱਲਤ ਸਾਧਾਰਨ ਜਿਹੇ ਮੰਚ-ਨਾਟਕਾਂ ਦੇ ਮੁਕਾਬਲੇ 'ਤੇ ਇਸ ਨੂੰ ਮੰਚਤ ਕਰਨਾ ਕੁਝ ਵਧੇਰੇ ਹੀ ਕਠਨ ਸੀ। ਸ੍ਵਰਗੀ ਕਪੂਰ ਸਿੰਘ ਘੁੰਮਣ ਨੇ ਮੇਰੇ ਗੀਤ-ਨਾਟਕ 'ਰੂਹ ਪੰਜਾਬ ਦੀ' ਨੂੰ ਮੰਚ ਉੱਤੇ ਪੇਸ਼ ਕਰਨ ਦਾ ਕਈ ਵਾਰ ਮਨ ਬਣਾਇਆ, ਪਰ ਪੰਜਾਬ ਦੇ ਹਾਲਾਤ ਸੁਖਾਵੇਂ ਨਾ ਹੋਣ ਕਰਕੇ ਉਨ੍ਹਾਂ ਦਾ ਇਹ ਸੁਫ਼ਨਾ ਉਨ੍ਹਾਂ ਦੇ ਜੀਵਨ-ਕਾਲ ਵਿਚ ਪੂਰਾ ਨਾ ਹੋ ਸਕਿਆ। 'ਚੌਕ ਨਾਟਕ' ਵੀ ਇਨ੍ਹਾਂ ਅਣਸੁਖਾਵੇਂ ਹਾਲਾਤ ਕਾਰਨ ਹੀ ਮਈ, 1986 ਵਿਚ ਚੰਡੀਗੜ੍ਹ ਤੇ ਪਟਿਆਲਾ ਵਿਚ ਪੇਸ਼ ਨਾ ਕੀਤਾ ਜਾ ਸਕਿਆ।

'ਅੱਧੀ ਰਾਤ ਦੁਪਹਿਰ', 'ਦਰ ਦੀਵਾਰਾਂ', ਤੇ 'ਸਿਫ਼ਰ ਨਾਟਕ' ਮੰਚ-ਦ੍ਰਿਸ਼ਟੀ ਤੋਂ ਉਪ੍ਰੋਕਤ ਨਾਟਕਾਂ ਦੇ ਪ੍ਰਸੰਗ ਵਿਚ, ਸੌਖੇ ਹਨ।

ਮੇਰੇ ਨਾਟਕ ਨਿਰਦੇਸ਼ਕਾਂ, ਕਲਾਕਾਰਾਂ ਤੇ ਤਕਨੀਸ਼ਨਾਂ ਲਈ ਚੁਣੌਤੀ ਜ਼ਰੂਰ ਹਨ, ਪਰ ਇਨ੍ਹਾਂ ਦੀ ਮੰਚ-ਅਨੁਕੂਲਤਾ ਬਾਰੇ ਕਿਸੇ ਨੂੰ ਕੋਈ ਸੰਦੇਹ ਨਹੀਂ ਹੋਣਾ ਚਾਹੀਦਾ।

ਅੰਤ ਵਿਚ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਮੇਰੇ ਕਾਵਿ-ਨਾਟਕ ਥੀਏਟਰ ਦੀ ਭਾਸ਼ਾ ਵਿਚ, ਅਜੋਕੀਆਂ ਤਕਨੀਕੀ ਸੁਵਿਧਾਵਾਂ ਵਾਲੇ, ਸੁਵਿਕਸਤ ਪੇਸ਼ਾਵਰ ਅਤੇ ਪ੍ਰੌਢ ਬਾਲਗਾਂ ਦੇ ਥੀਏਟਰ ਵਾਸਤੇ—ਜਣੇ ਖਣੇ ਦੀ ਨਾਟ-ਪਰੰਪਰਾ ਤੋਂ ਹਟ ਕੇ—ਲਿਖੇ ਪੰਜਾਬੀ ਦੇ ਪਹਿਲੇ ਨਾਟਕ ਹਨ।

26 ਸਤੰਬਰ 1986

**–ਰਵਿੰਦਰ ਰਵੀ**

116-3530 Kalum Street,
Terrace, B.C., Canada V8G 2P2
Ph. (250) 635-4455

## ਸਿਫ਼ਰ ਨਾਟਕ ਦੇ ਪਾਤਰ

**ੳ**

**ਆਵਾਜ਼**

**ਨੌਜਵਾਨ ਕੁੜੀ**

**ੳ–1**

**ੳ–2**



* ਮੰਚ 'ਤੇ ਅਨ੍ਹੇਰਾ ਹੈ। ਪਿਛੋਕੜ 'ਚੋਂ ਢੱਡਾਂ ਤੇ ਸਾਰੰਗੀ ਦੀਆਂ ਸੁਰਾਂ ਉੱਭਰਦੀਆਂ ਹਨ। ਇਕ ਸਪਾਟਲਾਈਟ ਦੀ ਲਗਾਤਾਰ ਜਗੂੰ ਬੁਝੂੰ ਕਰ ਰਹੀ ਰੋਸ਼ਨੀ ਪੂਲ ਟੇਬਲ ਉੱਤੇ ਕੂਹਣੀਆਂ ਟੇਕੀ, ਦੋਹਾਂ ਹੱਥਾਂ ਵਿਚ ਸਿਰ ਫੜੀ, ਕੁਰਸੀ ਉੱਤੇ ਬੈਠੇ 'ੳ' ਉੱਤੇ ਪੈਂਦੀ ਹੈ ਤੇ ਦੂਜੀ ਦੀ ਜਗੂੰ ਬੁਝੂੰ ਪਿੱਠ-ਭੂਮੀ ਦੇ ਪਰਦੇ ਉੱਤੇ ਢਾਡੀ ਜੱਥੇ ਨੂੰ ਛਾਇਆ-ਰੂਪ ਵਿਚ ਪ੍ਰਸਤੁਤ ਕਰਦੀ ਹੈ। 'ੳ' ਦੀ ਪਿੱਠ ਦਰਸ਼ਕਾਂ ਵੱਲ ਹੈ। 'ੳ' ਨੇ ਰੰਗਾ-ਰੰਗ ਟਾਕੀਆਂ ਵਾਲਾ ਚੋਲਾ ਪਹਿਨਿਆ ਹੋਇਆ ਹੈ, ਜਿਸ ਦੇ ਅੱਗੇ ਤੇ ਪਿੱਛੇ, ਵੱਡੇ ਵੱਡੇ ਕਾਲੇ ਸਿਫ਼ਰੇ ਵਾਹੇ ਹੋਏ ਹਨ। ਉਸ ਦੇ ਸਿਰ ਉੱਤੇ ਸਿਫ਼ਰ-ਨੁਮਾ ਟੋਪੀ ਹੈ। ਢਾਡੀਆਂ ਦੀ ਹਰ ਛਾਇਆ 'ੳ' ਦਾ ਹੀ ਵਿਸਥਾਰ ਪ੍ਰਤੀਤ ਹੁੰਦੀ ਹੈ। ਢਾਡੀ ਜੱਥਾ ਹੇਠ ਲਿਖਿਆ ਗੀਤ ਢੱਡ ਸਾਰੰਗੇ ਨਾਲ ਗਾ ਕੇ ਪ੍ਰਸਤੁਤ ਕਰਦਾ ਹੈ :

ਜੀਵਾਂ ਮੈਂ ਜੀਵਨ ਜੋ
ਟੁੱਟੇ ਉਸਦੇ ਸਭ ਕਿਨਾਰੇ
ਸਭ ਪਾਣੀ ਵਗ ਤੁਰਿਆ
ਅੱਖੀਂ ਖੁਸ਼ਕ ਨੇ ਸਭ ਇਸ਼ਾਰੇ

ਬਾਕੀ ਹੈ ਰੇਤ ਬਚੀ
ਨੌਂ ਨੇਜ਼ੇ ਸੂਰਜ ਤਪਦਾ
ਦਿਲ ਲਾਵਾ ਖੌਲ ਰਿਹਾ
ਤੇ ਇਹ ਜ਼ਿਹਨ ਖ਼ਲਾ ਵਿਚ ਖਪਦਾ
ਵਿਚ ਆਪਣੀ ਤੜਫਣ ਦੇ
ਤੜਫਣ ਪਏ ਸਭ ਨਜ਼ਾਰੇ

ਆਪਣੇ ਵਿਚ ਕੱਲਾ ਹਾਂ
ਆਪੇ ਤੋਂ ਬਾਹਰ ਵੀ ਕੱਲਾ
ਮੈਂ 'ਨ੍ਹੇਰ, ਨੂਰ, ਧੁੰਦ, ਛਾਂ,

* ਏਸ ਦ੍ਰਿਸ਼ ਨੂੰ ਸਿਨਮੈਟਿਕ ਤੇ ਜਾਂ ਵੀਡੀਓ ਟੀ.ਵੀ. ਤਕਨੀਕ ਦੁਆਰਾ ਵੀ ਪ੍ਰਸਤੁਤ ਕੀਤਾ ਜਾ ਸਕਦਾ ਹੈ।

ਜੀਕੂੰ ਕੋਈ ਪੈਗ਼ੰਬਰ ਝੱਲਾ
ਮੈਂ ਨਾਗ ਬਿਰਹੁੰ ਦਾ ਹਾਂ
ਮੈਥੋਂ ਵਿਛੜੇ ਸਭ ਪਿਆਰੇ

ਇਸ ਸਮੇਂ ਢੱਡ ਸਾਰੰਗੇ ਦੀਆਂ ਧੁਨਾਂ ਤੇ 'ਓ' ਕੁਰਸੀ ਤੋਂ ਉੱਠਦਾ, ਮੰਚ ਉੱਤੇ ਚਹਿਲ-ਕਦਮੀਂ ਕਰਦਾ ਹੈ। ਹੇਠ ਲਿਖੇ ਬੰਦ ਦੇ ਢਾਡੀਆਂ ਵਲੋਂ ਗਾਇਨ ਦੇ ਨਾਲ ਨਾਲ, ਗੁਣਗੁਣਾਉਂਦਾ, ਸੀਟੀ 'ਚੋਂ ਇਸਦੀ ਧੁਨ ਕੱਢਦਾ ਹੋਇਆ, 'ਓ' ਹੱਥ ਵਿਚ ਪਕੜੇ ਪੂਲ-ਖੇਡ ਦੇ ਬਾਲਾਂ (ਗੇਂਦਾਂ) ਨਾਲ ਖੇਡਦਾ, ਉਨ੍ਹਾਂ ਨੂੰ ਉਛਾਲਦਾ, ਬੋਚਦਾ ਹੈ :

ਇਹ ਕਾਗਜ਼ ਕੋਰਾ ਹੈ
ਇਸ 'ਤੇ ਰੰਗ ਨ ਕੋਈ ਚੜ੍ਹਿਆ
ਬਿੰਦੂ ਨਾ ਲੀਕ ਫੜੀ
ਨ ਹੀ ਸਮਾਂ ਏਸ ਨੇ ਫੜਿਆ
ਸਿਫ਼ਰੇ ਤੋਂ ਸਿਫ਼ਰੇ ਵਿਚ
ਇਸਦੇ ਮੁੱਲ ਵਿਚਰਦੇ ਸਾਰੇ

ਗੀਤ ਦੇ ਅੰਤਮ ਬੋਲਾਂ ਦੀ ਸਮਾਪਤੀ ਉੱਤੇ ਪਿੱਠਭੂਮੀ ਦੇ ਪਰਦੇ ਉੱਤੇ ਢਾਡੀਆਂ ਦੀ ਛਾਇਆ ਥਿਰ ਹੋ ਜਾਂਦੀ ਹੈ। ਅੰਤਮ ਬੰਦ ਦੇ ਹੇਠ ਲਿਖੇ ਬੋਲ, 'ਓ' ਆਪਣੇ ਉੱਤੇ ਢੁਕਾ ਕੇ ਗਾਉਂਦਾ ਹੈ। ਹੱਥਾਂ ਵਿਚ ਪਕੜੇ ਦੋਂਹਾਂ ਬਾਲਾਂ ਨਾਲ ਸਿਫ਼ਰੇ ਤੋਂ ਸਿਫ਼ਰੇ ਵਿਚਕਾਰਲੇ ਸਫ਼ਰ ਵੱਲ ਸੰਕੇਤ ਕਰਦਾ ਹੈ :

ਸਿਫ਼ਰੇ ਤੋਂ ਸਿਫ਼ਰੇ ਵਿਚ
ਇਸ ਦੇ ... ...

-ਵਕਫ਼ਾ-

ਨਹੀਂ, ਨਹੀਂ ...

-ਵਕਫ਼ਾ-

ਮੇਰੇ ਮੁੱਲ ਵਿਚਰਦੇ ਸਾਰੇ।

-ਵਕਫ਼ਾ-

ਸਿਫ਼ਰੇ ਤੋਂ ਸਿਫ਼ਰੇ ਵਿਚ
ਮੇਰੇ ਮੁੱਲ ਵਿਚਰਦੇ ਸਾਰੇ।

*ਪਿਛੋਕੜ 'ਚੋਂ ਉਪਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਰਹਿੰਦੀਆਂ ਹਨ।*

**-ਫ਼ੇਡ ਆਊਟ-**



ਸਪਾਟਲਾਈਟ ਦੀ ਰੌਸ਼ਨੀ ਪਿੱਠ-ਭੂਮੀਂ ਦੇ ਪਰਦੇ ਦਾ ਜਾਇਜ਼ਾ ਲੈਂਦੀ ਹੈ। ਔਰਤ ਦੀ ਛਾਇਆ, ਨ੍ਰਿਤ-ਮੁਦਰਾ ਵਿਚ, ਪਿੱਠ-ਭੂਮੀਂ ਦੇ ਪਰਦੇ ਦੇ ਇਕ ਸਿਰੇ ਤੋਂ ਦੂਜੇ ਵੱਲ ਜਾਂਦੀ ਹੈ। ਦੂਜੇ ਸਿਰ ਤੋਂ ਪਰਤਦੀ ਤੇ ਮੰਚ ਦੇ ਵਿਚਕਾਰ ਆ ਕੇ ਰੁਕ ਜਾਂਦੀ ਹੈ। ਕਦੇ ਸੱਜੇ, ਕਦੇ ਖੱਬੇ, ਖਿੱਚ, ਪਾਟ ਹੋਣ ਦਾ ਅਭਿਨਯ ਕਰਦੀ ਹੈ। ਇਸ ਸਮੇਂ ਪਿੱਠ-ਭੂਮੀਂ ਦੇ ਪਰਦੇ ਦੇ ਇਕ ਪਾਸੇ ਚਾਨਣ ਤੇ ਇਕ ਪਾਸੇ 'ਨ੍ਹੇਰਾ ਹੈ। ਔਰਤ ਦੀ ਛਾਇਆ ਅੱਧੀ ਅਨ੍ਹੇਰੇ ਤੇ ਅੱਧੀ ਚਾਨਣ ਵਿਚ ਹੈ।

ਬੰਸਰੀ ਦੀਆਂ ਧੁਨਾਂ ਤੇ ਪਾਇਲ ਦੀ ਛਣ ਛਣ ਦੇ ਧੁਨੀ-ਪ੍ਰਭਾਵ ਜੋ ਪਹਿਲਾਂ ਔਰਤ ਦੇ ਮੰਚ ਦੇ ਇਕ ਸਿਰੇ ਤੋਂ ਦੂਜੇ ਸਿਰੇ ਵੱਲ ਜਾਣ ਸਮੇਂ ਨਿਰੰਤਰਤਾ ਵਿਚ ਉੱਭਰੇ ਸਨ, ਇਸ ਸਮੇਂ ਟੁੱਟਵੇਂ ਰੂਪ ਵਿਚ ਉੱਭਰਦੇ ਹਨ। ਇਨ੍ਹਾਂ ਧੁਨੀ-ਪ੍ਰਭਾਵਾਂ ਵਿਚ ਔਰਤ ਦੀ ਛਾਇਆ ਜਿਵੇਂ ਟੁੱਟ, ਖਿੰਡ, ਵਿਖੰਡਤ ਹੋ ਰਹੀ ਹੋਵੇ।

'ਓ' *ਪੂਲ ਟੇਬਲ ਦੀ ਟੇਕ ਲਾਈ, ਹਥੇਲੀ 'ਤੇ ਸਿਰ ਟਿਕਾਈ, ਊਂਘ ਰਿਹਾ ਹੈ। 'ਓ' ਨੇ ਰੰਗਾ-ਰੰਗ ਟਾਕੀਆਂ ਵਾਲਾ ਚੋਲਾ ਪਹਿਨਿਆ ਹੋਇਆ ਹੈ। ਚੋਲੇ ਦੇ ਅੱਗੇ ਤੇ ਪਿੱਛੇ ਵੱਡੇ ਵੱਡੇ ਕਾਲੇ ਸਿਫ਼ਰੇ ਵਾਹੇ ਹੋਏ ਹਨ। ਉਸਦੇ ਸਿਰ ਉੱਤੇ ਸਿਫ਼ਰ-ਨੁਮਾ ਟੋਪੀ ਹੈ। ਬੰਸੀ ਦੀ ਧੁਨ ਤੇ ਪਾਇਲ ਦੀ ਛਣ ਛਣ ਦੇ ਧੁਨੀ-ਪ੍ਰਭਾਵਾਂ ਨਾਲ 'ਓ' ਧੀਰੇ ਧੀਰੇ ਜਾਗਦਾ, ਆਕੜ ਭੰਨਦਾ ਹੈ। ਇਸ ਸਮੇਂ ਮੰਚ ਦਾ ਨੀਮ-ਚਾਨਣਾ, ਧੀਰੇ ਧੀਰੇ, ਪੂਰੇ ਚਾਨਣ ਵਿਚ ਬਦਲਦਾ ਹੈ :

**ਓ**

ਛਾਇਆ ਏਧਰੋਂ ਗੁਜ਼ਰ ਗਈ

-ਵਕਫ਼ਾ-

ਛਾਇਆ ਓਧਰ ਚਲੇ ਗਈ

-ਵਕਫ਼ਾ-

---

* ਪੂਲ (Pool Table), ਬਿਲੀਅਰਡਜ਼ (Billiards) ਦਾ ਅਮਰੀਕਨ ਤੇ ਕੈਨੇਡੀਅਨ ਰੂਪਾਂਤਰ।

ਬੰਸੀ ਦੀ ਧੁਨ ਨਾਲ ਗਈ
ਪਿੱਛੇ ਸੁੰਨ ਖ਼ਲਾਅ ਪਈ
ਕੀਕੂੰ ਜ਼ਿੰਦਗੀ ਬੀਤ ਰਹੀ !!

–ਵਕਫ਼ਾ–

ਠੰਡਾ ਸੂਰਜ ਸੇਕ ਰਹੀ
ਰੌਸ਼ਨ ਛਾਇਆ ਵੇਖ ਰਹੀ

*ਪਿਛੋਕੜ 'ਚੋਂ ਹੇਠ ਲਿਖੇ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਨ ਦੇ ਨਾਲ ਨਾਲ 'ਓ' ਪੂਲ ਟੇਬਲ ਦਾ ਚੱਕਰ ਲਾਉਂਦਾ ਹੈ। ਪ੍ਰਤੀਧੁਨੀਆਂ ਦਾ ਦੁਹਰਾ ਉਸਦੇ ਚੱਕਰ ਪੂਰਾ ਕਰ ਲੈਣ 'ਤੇ ਖ਼ਤਮ ਹੁੰਦਾ ਹੈ :*

ਕੀਕੂੰ, ਜ਼ਿੰਦਗੀ ਬੀਤ ਰਹੀ
ਠੰਡਾ ਸੂਰਜ ਸੇਕ ਰਹੀ
ਰੌਸ਼ਨ ਛਾਇਆ ਵੇਖ ਰਹੀ

–ਵਕਫ਼ਾ–

*ਪਿਛੋਕੜ ਦੀਆਂ ਉਪਰੋਕਤ ਪ੍ਰਤੀਧੁਨੀਆਂ ਦੇ ਨਾਲ 'ਓ' ਪੂਲ ਟੇਬਲ ਦੇ ਇਕ ਦੋ ਚੱਕਰ ਹੋਰ ਲਾਉਂਦਾ ਹੈ। ਪ੍ਰਤੀਧੁਨੀਆਂ ਬੰਦ ਹੋਣ 'ਤੇ ਵੀ 'ਓ' ਪੂਲ ਟੇਬਲ ਦੁਆਲੇ ਘੁੰਮਦਾ ਰਹਿੰਦਾ ਹੈ।*

–ਵਕਫ਼ਾ–

'ਓ' ਰੁਕਦਾ ਹੈ। ਬੜੇ ਗੰਭੀਰ ਰੂਪ ਵਿਚ ਪਿੱਠ–ਭੂਮੀਂ ਦੇ ਪਰਦੇ ਵੱਲ ਵੇਖਦਾ ਹੈ। ਪੂਲ ਟੇਬਲ ਦਾ ਜਾਇਜ਼ਾ ਲੈਂਦਾ ਹੈ। ਦਰਸ਼ਕਾਂ ਵੱਲ ਵੇਖਦਾ ਹੈ। ਵੇਖਣ ਦੇ ਅੰਦਾਜ਼ ਵਿਚ, ਉਫ਼ਕ ਉੱਤੇ, ਇਕ ਖ਼ਾਲੀ ਖੋਲੀ ਜਿਹਾ ਦਾਇਰਾ ਬਣਾਉਂਦਾ ਹੋਇਆ ਸੰਬਾਦ ਅੱਗੇ ਤੁਰਦਾ ਹੈ :

ਹੋਠਾਂ 'ਤੇ ਮੁਸਕਾਨ ਨਹੀਂ
ਦਿਲ 'ਚੋਂ ਹੂਕ ਨਾ ਉੱਠ ਸਕੀ

–ਵਕਫ਼ਾ–

ਨਾ ਕੋਈ ਉਣਸ, ਨਾ ਕਸਕ ਰਹੀ

–ਵਕਫ਼ਾ–



ਆਈ ਅਕਾਰਨ
ਗਈ ਅਕਾਰਨ
ਖਿੰਡੇ ਮੋਤੀ
ਟੁੱਟ ਲੜੀ

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ*

ਆਈ ਅਕਾਰਨ, ਗਈ ਅਕਾਰਨ
ਖਿੰਡੇ ਮੋਤੀ, ਟੁੱਟ ਲੜੀ

–ਵਕਫ਼ਾ–

*'ਓ' ਦਰਸ਼ਕਾਂ ਨੂੰ ਸੰਬੋਧਨ ਕਰਦਾ ਹੈ*

ਬਿਨਾ ਲਗਾਓ ਕੀ ਕਰੇ ?
ਬੁੱਤ ਫੜੇ ? ਜਾਂ ਛਾਓਂ ਫੜੇ ?

–ਵਕਫ਼ਾ–

ਛਾਇਆ ਵਿਚ ਛਾਇਆ ਉਲਝ ਗਈ

–ਵਕਫ਼ਾ–

*–ਖੋਇਆ ਖੋਇਆ ਏਧਰ ਓਧਰ ਵੇਖਦਾ ਹੈ–*

ਬੁੱਤ ਦੀ ਵਿਥਿਆ ਉਕ ਗਈ
ਕਿਵੇਂ ਕਹਾਣੀ ਰੁਕ ਗਈ

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ*

ਬੁੱਤ ਦੀ ਵਿਥਿਆ ਉਕ ਗਈ
ਕਿਵੇਂ ਕਹਾਣੀ ਰੁਕ ਗਈ
ਕੀਕੂੰ, ਜ਼ਿੰਦਗੀ ਬੀਤ ਰਹੀ
ਠੰਡਾ ਸੂਰਜ ਸੇਕ ਰਹੀ
ਰੌਸ਼ਨ ਛਾਇਆ ਵੇਖ ਰਹੀ।

**–ਫ਼ੇਡ ਆਊਟ–**

ਸੈਟਿੰਗ ਪਹਿਲੇ ਦ੍ਰਿਸ਼ ਵਾਲੀ ਹੀ ਹੈ। 'ੳ' ਹਥੇਲੀ ਦੀ ਟੇਕ ਲਾ ਕੇ ਪੂਲ ਟੇਬਲ ਕੋਲ ਬੈਠਾ ਹੈ। ਮੰਚ 'ਤੇ ਨੀਮ ਅਨ੍ਹੇਰਾ ਹੈ।

ਰੌਸ਼ਨੀ ਹੋਣ ਦੇ ਨਾਲ ਉੱਠਦਾ ਤੇ ਪੂਲ ਟੇਬਲ ਦੇ ਵਿਚਕਾਰ ਬਾਲ ਟਿਕਾ ਕੇ ਰੱਖਦਾ ਹੈ। ਵੱਖ ਵੱਖ ਕੋਨਾਂ ਤੋਂ ਬਾਲ ਸਟਰਾਈਕ ਕਰਨ ਦਾ ਅਭਿਨਯ ਕਰਦਾ ਹੈ। ਸੋਟੀ ਤਥਾ ਗਜ਼ (Cue) ਨਾਲ ਬਾਲ ਸਟਰਾਈਕ ਕਰਨ ਦੇ ਯਤਨ ਵਿਚ ਰੁਕ, ਖੜ੍ਹ ਜਾਂਦਾ ਹੈ। ਸੋਚਦਾ, ਫੈਸਲਾ ਕਰਦਾ ਤੇ ਬਾਲ ਸਟਰਾਈਕ ਕਰਦਾ ਹੈ।

ਸਿਰ ਝਟਕਦਾ, ਅਸਫਲਤਾ ਦੇ ਅਹਿਸਾਸ ਨਾਲ ਮੰਚ ਦੇ ਵਿਚਕਾਰ ਆ ਖੜ੍ਹਦਾ ਹੈ।

ਪਿੱਠ-ਭੂਮੀਂ ਦੇ ਪਰਦੇ ਉੱਤੇ ਇਕ ਰੇਲ-ਗੱਡੀ ਦਾ ਬਿੰਬ ਉੱਭਰਦਾ ਹੈ। ਰੇਲ-ਗੱਡੀ, ਧੁਨੀ ਪ੍ਰਭਾਵਾਂ ਦੇ ਨਾਲ ਨਾਲ, ਲਗਾਤਾਰ ਇਕ ਨਿਸ਼ਚਿਤ ਦਾਇਰੇ ਵਿਚ ਘੁੰਮਦੀ ਰਹਿੰਦੀ ਹੈ। ਕਈ ਗੇੜੇ ਲਾਉਂਦੀ ਹੈ, ਲਾਈ ਜਾਂਦੀ ਹੈ।

'ੳ' ਗੱਡੀ ਦੇ ਘੁੰਮਣ ਦਾ ਅਨੁਕਰਣ ਕਰਦਾ ਹੈ। ਛੁਕ ਛੁਕ ਦੀ ਆਵਾਜ਼ ਕੱਢਦਾ, ਹਰਕਤ ਵਿਚ ਆਉਂਦਾ ਹੈ। ਸੋਟੀ ਨੂੰ ਇੰਜਨ ਦੇ ਪਹੀਆਂ ਵਿਚ ਲੱਗੇ ਧਾਤ ਦੇ ਕੁਨੈਕਟਰ (Connector) ਦੀ ਹਰਕਤ ਵਾਂਗ ਘੁਮਾਉਂਦਾ ਹੈ। ਜਦੋਂ 'ੳ' ਹਰਕਤ ਵਿਚ ਆਉਂਦਾ ਹੈ, ਤਾਂ ਪਿੱਠ-ਭੂਮੀਂ ਦੇ ਪਰਦੇ ਵਾਲੀ ਰੇਲ-ਗੱਡੀ ਫ਼ਰੀਜ਼ ਹੋ ਜਾਂਦੀ ਹੈ, ਅਤੇ ਜਦੋਂ ਰੇਲ-ਗੱਡੀ ਹਰਕਤ ਵਿਚ ਆਉਂਦੀ ਹੈ, ਤਾਂ 'ੳ' ਫ਼ਰੀਜ਼ ਹੋ ਜਾਂਦਾ ਹੈ। ਬਿਜਲਾਣੂ ਖਿਡੌਣਾ ਰੇਲ-ਗੱਡੀ (Electronic Toy Train) ਤੇ ਗੋਲਾਕਾਰ ਰੇਲ-ਪੱਥ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਰੇਲ-ਗੱਡੀ ਦੇ ਮਾਡਲ ਤੇ ਜਾਂ ਰੋਟੇਟਿੰਗ ਚਿਤਰਪੱਟ ਦੇ ਨਾਲ ਪਿਛੋਕੜ 'ਚੋਂ ਰੇਲ-ਗੱਡੀ ਦੇ ਧੁਨੀ-ਪ੍ਰਭਾਵ ਵੀ ਵਰਤੇ ਜਾ ਸਕਦੇ ਹਨ।

**ੳ**

ਛੁਕ ਛੁਕ, ਛੁਕ ਛੁਕ
ਛੁਕ ਛੁਕ, ਛੁਕ ਛੁਕ
ਸੱਭੇ ਏਥੇ ਆਂਦੇ ਨੇ
... ... ... ...

-ਵਕਫ਼ਾ-



*ਪਿੱਠ-ਭੂਮੀਂ ਦੇ ਪਰਦੇ ਉੱਤੇ ਬਣੇ ਦਾਇਰੇ ਉੱਤੇ ਫੈਲ ਕੇ ਰੇਲ-ਗੱਡੀ ਰੁਕ ਜਾਂਦੀ ਹੈ। 'ੳ' ਵਕਫ਼ੇ ਉਪਰੰਤ ਆਪਣਾ ਸੰਬਾਦ ਜਾਰੀ ਰੱਖਦਾ ਹੈ :*

ਏਥੇ ਮਰ, ਰੁਕ ਜਾਂਦੇ ਨੇ

ਛੁਕ ਛੁਕ, ਛੁਕ ਛੁਕ
ਛੁਕ ਛੁਕ, ਛੁਕ ਛੁਕ

*ਪਿੱਠ-ਭੂਮੀਂ ਦੀ ਗੱਡੀ ਵੱਲ ਇਸ਼ਾਰਾ ਕਰਕੇ*

ਹਰਕਤ ਜੀਕੂੰ ਥਿਰ ਖੜ੍ਹੀ
ਸੂਈਆਂ ਅੰਕਣ ਜਿਵੇਂ ਘੜੀ

-ਵਕਫ਼ਾ-

ਸਮੇਂ ਦਾ ਬੀਤਣ ਵਹਿਮ ਜਿਹਾ
ਇਕ ਘੇਰੇ ਵਿਚ ਘੁੰਮ ਰਿਹਾ

-ਵਕਫ਼ਾ-

ਘੇਰਾ, ਜਿਵੇਂ ਘਿਰਾਓ ਹੈ

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ*

ਘੇਰਾ, ਜਿਵੇਂ ਘਿਰਾਓ ਹੈ
ਘੇਰਾ, ਜਿਵੇਂ ਘਿਰਾਓ ਹੈ
... ... ... ...

*ਪ੍ਰਤੀਧੁਨੀਆਂ ਉਪਰੰਤ 'ੳ' ਆਪਣਾ ਸੰਬਾਦ ਫਿਰ ਸ਼ੁਰੂ ਕਰਦਾ ਹੈ*

ਘੇਰਾ ਜਿਵੇਂ ਘਿਰਾਓ ਹੈ
ਕਿਹੜੀ ਥਾਂ ਹੈ ਇਸ ਪ੍ਰਿਥਵੀ 'ਤੇ
ਜਿੱਥੇ ਕੋਈ ਟਿਕਾਓ ਹੈ ???

-ਲੰਮਾ ਵਕਫ਼ਾ-

ਛੁਕ ਛੁਕ, ਛੁਕ ਛੁਕ
ਛੁਕ ਛੁਕ, ਛੁਕ ਛੁਕ

ਜਿਹੜਾ ਏਥੇ ਆਂਦਾ ਹੈ
ਏਥੇ ਰੁਕ, ਮੁਕ ਜਾਂਦਾ ਹੈ

*'ੳ' ਪਿੱਠ-ਭੂਮੀਂ ਦੇ ਪਰਦੇ ਅਤੇ ਦਰਸ਼ਕਾਂ ਵੱਲ ਵੇਖ ਕੇ ਇਸ਼ਾਰਾ ਕਰਦਾ ਹੋਇਆ ਸੰਬਾਦ ਜਾਰੀ ਰੱਖਦਾ ਹੈ :*

ਗੱਡੀ ਥਹੋਂ ਘੁੰਮਦੀ ਹੈ
ਪਹੀਆ ਧੁਰੀ ਦੁਆਲੇ ਹੈ
ਚਾਹੇ ਕਿਧਰੇ ਤੁਰ ਜਾਵੇ ...
ਨਾ ਨਿਕਲੇ ਕਾਰ ਵਲਿੰਗੀ 'ਚੋਂ

–ਵਕਫ਼ਾ–

ਡੱਬਾ
ਪਹੀਆ
ਧੁਰੀ ਤੇ ਇੰਜਣ
ਲਾਈਨ ਰੇਲ ਦੀ
ਗਿਣੀ ਮਿਥੀ ਇਹ ਗਾਥਾ
ਕਾਰ, ਨਿਕਾਰੀ ਦੀ

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ*

ਡੱਬਾ, ਪਹੀਆ, ਧੁਰੀ ਤੇ ਇੰਜਣ
ਲਾਈਨ ਰੇਲ ਦੀ
ਗਿਣੀ ਮਿਥੀ ਇਹ ਗਾਥਾ
ਕਾਰ ਨਿਕਾਰੀ ਦੀ

*ਪ੍ਰਤੀਧੁਨੀਆਂ ਖ਼ਤਮ ਹੋਣ ਉਪਰੰਤ 'ੳ' ਹੇਠ ਲਿਖੇ ਬੋਲ ਬੋਲਦਾ ਅਭਿਨਯ ਕਰਦਾ ਹੈ :*

ਛੁਕ ਛੁਕ, ਛੁਕ ਛੁਕ
ਛੁਕ ਛੁਕ, ਛੁਕ ਛੁਕ



ਜਿਹੜਾ ਏਥੇ ਆਂਦਾ ਹੈ
ਓਹੀਓ ਰੁਕ ਮੁਕ ਜਾਂਦਾ ਹੈ

*'ੳ' ਸੋਟੀ ਨਾਲ ਇੰਜਨ ਦੇ ਪਹੀਏ ਵਾਲੀ ਮੁਦਰਾ ਵਿਚ ਫ਼ਰੀਜ਼ ਹੋ ਜਾਂਦਾ ਹੈ। ਪਿੱਠ-ਭੂਮੀਂ ਦੇ ਪਰਦੇ ਵਾਲੀ ਰੇਲ-ਗੱਡੀ ਦਾਇਰੇ ਵਿਚ ਘੁੰਮਣ ਲੱਗ ਪੈਂਦੀ ਹੈ। ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ :*

ਛੁਕ ਛੁਕ, ਛੁਕ ਛੁਕ
ਛੁਕ ਛੁਕ, ਛੁਕ ਛੁਕ
... ... ... ...
... ... ... ...

**–ਫ਼ੇਡ ਆਊਟ–**

ਮੰਚ ਉੱਤੇ ਰੌਸ਼ਨੀ ਹੁੰਦੀ ਹੈ। ਪਿੱਠ-ਭੂਮੀਂ ਦੇ ਪਰਦੇ ਉੱਤੇ ਔਰਤ ਦੀ ਫ਼ਰੀਜ਼ ਹੋਈ ਛਾਇਆ ਵਿਖਾਈ ਦਿੰਦੀ ਹੈ। ਮੰਚ ਦੇ ਇਕ ਪਾਸੇ 'ੳ' ਫ਼ਰਜ਼ੀ ਬਗੀਚੇ ਤੇ ਫ਼ਰਜ਼ੀ ਬੂਟਿਆਂ ਨੂੰ ਪਾਣੀ ਦਿੰਦਾ, ਉਨ੍ਹਾਂ ਨੂੰ ਗੁੱਡਦਾ ਤੇ ਟਰਿਮ ਕਰਦਾ ਹੈ। ਮੰਚ ਉੱਤੇ ਕੋਈ ਬੂਟਾ ਜਾਂ ਬਗੀਚਾ ਨਹੀਂ ਹੈ। ਅਭਿਨਯ-ਕਲਾ ਦੁਆਰਾ 'ੳ' ਅਜਿਹਾ ਹੋਣ ਦਾ ਭਰਮ ਪੈਦਾ ਕਰਦਾ ਹੈ।

**ੳ**

ਬੂਟੇ ਉੱਗ ਰਹੇ ਹਨ
ਫਲ
ਫੁੱਲ ਲੱਗ ਰਹੇ ਹਨ
ਮਹਿਕ ਹੈ
ਸੁਪਨ ਵੀ ਨਜ਼ਰਾਂ 'ਚ ਹਨ

ਇਸ ਸਮੇਂ ਪਿੱਠ-ਭੂਮੀ ਦੇ ਪਰਦੇ ਉੱਤੇ ਔਰਤ ਦੀ ਫ਼ਰੀਜ਼ ਹੋਈ ਛਾਇਆ ਵਿਚ ਹਰਕਤ ਹੁੰਦੀ ਹੈ। ਉਹ ਨ੍ਰਿਤ ਕਰਦੀ ਹੋਈ ਮੰਚ ਦੇ ਇਕ ਸਿਰੇ ਤੋਂ ਦੂਜੇ ਸਿਰੇ ਵੱਲ ਜਾਂਦੀ, ਫਿਰ ਪਰਤ ਆਉਂਦੀ ਹੈ। ਪਾਇਲ ਦੀ ਛਣ ਛਣ ਤੇ ਸੰਗੀਤ ਦੇ ਧੁਨੀ ਪ੍ਰਭਾਵ ਸੁਣਾਈ ਦਿੰਦੇ ਹਨ। ਏਸ ਛਾਇਆ ਵਿੱਚੋਂ ਇਕ ਆਵਾਜ਼ ਉੱਭਰਦੀ ਹੈ।

**ਆਵਾਜ਼**

ਘਰ ਦੀ ਮਾਰਗੇਜ ਨਹੀਂ ਦੇ ਹੋਈ

('ੳ' ਹੱਸਦਾ ਹੈ)

**ੳ**

ਘਰ ਇਕ ਭਰਮ ਹੈ
ਬਾਹਰ,



ਇੱਟਾਂ, ਗਾਰੇ ਦਾ ਘਰ
ਇਕ ਭਰਮ ਹੈ

-ਵਕਫ਼ਾ-

ਘਰ, ਮਨੁੱਖ ਦੇ ਅੰਦਰ ਹੈ
ਮਨ ਵਿਚ ਹੈ

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ।*

'ਮਨ ਪ੍ਰਦੇਸੀ ਜੇ ਥੀਆ,
ਸਭ ਦੇਸ ਪਰਾਇਆ'
... ... ... ...
... ... ... ...

*ਪ੍ਰਤੀਧੁਨੀਆਂ ਦੇ ਪ੍ਰਭਾਵ-ਵੱਸ 'ੳ' ਪੈਗ਼ੰਬਰੀ ਅੰਦਾਜ਼ ਵਿਚ ਬੋਲਦਾ ਹੈ :*

**ੳ**

ਮੈਂ ਤਾਂ ਇਕ ਅਘਰਵਾਸੀ ਹਾਂ
ਚੁੱਕ ਕੇ ਬੁਚਕੀ ਜਦੋਂ ਤੁਰਾਂਗਾ
ਖੁੱਲ੍ਹਣਗੇ ਸੜਕਾਂ ਦੇ ਦੁਆਰ

-ਵਕਫ਼ਾ-

**ਆਵਾਜ਼**

ਸਿਰ 'ਤੇ ਛੱਤ ਦਾ ਹੋਣਾ ਜ਼ਰੂਰੀ ਹੈ।

**ੳ**

*(ਹੱਸ ਕੇ)*
ਸਿਰ 'ਤੇ ਛੱਤ ਕੇਵਲ ਬੁੱਧੀ ਦੀ
ਦਿਮਾਗ਼ ਦੀ
ਸੋਚ ਦੀ
ਚਿੰਤਨ ਦੀ ਹੁੰਦੀ ਹੈ।
ਕਨਕਰੀਟ, ਲੱਕੜ, ਪਲਾਸਟਿਕ, ਫਾਈਬਰ-ਗਲਾਸ
ਦੀਆਂ ਛੱਤਾਂ ਦਾ ਕੋਈ ਅਰਥ ਨਹੀਂ

ਇਸ ਤਰ੍ਹਾਂ ਦੀਆਂ ਛੱਤਾਂ ਨੂੰ
ਫ਼ਰਸ਼ ਵੀ ਆਖ ਸਕਦੇ ਹਾਂ
ਸੜਕ ਵੀ

–ਵਕਫ਼ਾ–

ਤਦੇ ਤਾਂ ਅਘਰਵਾਸੀ
ਧਰਤੀ ਨੂੰ ਬਿਸਤਰ
ਆਕਾਸ਼ ਨੂੰ ਛੱਤ
ਤੇ ਹਵਾ ਨੂੰ ਦਿਸ਼ਾ ਕਹਿੰਦੇ ਹਨ

–ਵਕਫ਼ਾ–

ਛੱਤ ਨੂੰ, ਛੱਤ ਦੇ ਅਰਥ
ਕੇਵਲ ਬੁੱਧੀ
ਸਾਡੀ ਸੋਚ ਦਿੰਦੀ ਹੈ

**ਆਵਾਜ਼**

ਬੇਘਰੀ ਜ਼ਿੰਦਗੀ ਦਾ ਲੰਮਾ ਸਫ਼ਰ

**ੳ**

ਹਾਂ
ਸਫ਼ਰ ਬੜਾ ਲੰਮਾ ਹੈ
ਸਫ਼ਰ ਕੀ ਹੈ ?
ਮਨੁੱਖ ਕੀ ਹੈ ?
ਮਨੁੱਖ, ਇਕ ਕਦਮ ਜੀਵਨ
ਤੇ ਦੂਜਾ ਕਦਮ ਮੌਤ ਹੈ
ਵਿਚਕਾਰ ਕੇਵਲ ਭਰਮ ਹੈ

**ਆਵਾਜ਼**

ਤੇ ਪੜਾ ...



**ੳ**

ਜਿਵੇਂ ਕੋਈ
ਲਚਕਦਾਰ ਖਿੱਚਣ ਯੋਗ ਵਸਤੂ ਨੂੰ
ਦੋ ਸਿਰਿਆਂ ਤੋਂ ਖਿੱਚ ਕੇ ਲੰਮਿਆ ਦੇਵੇ

–ਵਕਫ਼ਾ–

ਜੀਵਨ ਇਕ ਸਿਰਾ ਹੈ
ਤੇ ਦੂਜਾ ਸਿਰਾ ਮੌਤ

–ਵਕਫ਼ਾ–

ਇਨ੍ਹਾਂ ਵਿਚਕਾਰ
ਲੰਮਿਆਇਆ ਭਾਗ ਭਰਮ ਹੈ
ਪੜਾ ਹੈ
ਵਿਚਕਾਰ ਇਹ ਸਭ ਕੁਝ ਹੈ
ਘਰ, ਛੱਤ, ਰਸਤੇ, ਦਿਸ਼ਾ, ਸੜਕਾਂ ...
ਹਾਂ ਸੜਕਾਂ ...
ਸੱਭੇ ਸੜਕਾਂ ਰੋਮ ਨੂੰ ਜਾਂਦੀਆਂ ਹਨ

*('ੳ' ਹੱਸਦਾ ਹੈ)*

ਹਾਂ, ਸੱਭੇ ਸੜਕਾਂ ਰੋਮ ਨੂੰ ਜਾਂਦੀਆਂ ਹਨ
ਹਰ ਕਦਮ
ਮੌਤ ਵੱਲ ਵਧ ਰਿਹਾ ਹੈ
ਅੱਜ
ਭਲਕ
ਹੁਣ ...
ਕੀ ਫ਼ਰਕ ਪੈਂਦਾ ਹੈ !!!
ਆਵਾਜ਼
ਤੇਰੀ ਕਾਰ ਦੀ ਕਿਸ਼ਤ ਨਹੀਂ ਤਰੀ
ਕਾਰ ਜ਼ਬਤ ਹੋ ਜਾਵੇਗੀ

**ੳ**

*(ਵਿਅੰਗ ਨਾਲ)*

ਜਦੋਂ ਕਾਰ ਹੀ ਨਹੀਂ
ਤਾਂ ਕਾਰ ਦਾ ਕੀ ਲਾਭ ?
ਬੇਕਾਰ ਇਨਸਾਨ ਦੁਆਲੇ
ਉਸ ਦੀ ਆਪਣੀ ਹੋਂਦ
ਇਕ ਅਜਿਹੀ ਕਾਰ ਵਾਂਗ ਵਲੀ ਜਾਂਦੀ ਹੈ
ਜਿਸ ਅੰਦਰ ਸਭ ਵਾਹਣ
ਸਹਿਜ-ਭਾ ਆ ਸਮਾਉਂਦੇ ਹਨ

-ਵਕਫ਼ਾ-

ਸਮਾਂ ਖ਼ਲਾਅ ਵਾਂਗ ਤਣ ਜਾਂਦਾ ਹੈ
ਅੰਦਰ ਬਾਹਰ
ਤੇ ਫਿਰ ਉੱਡਦੀ ਹੈ ਸੋਚ ...
... ਕਲਪਨਾ ...
ਬ੍ਰਹਮੰਡ-ਯਾਤਰਾ ਲਈ
ਵਿਮਾਨ, ਨਖਯੱਤਰ-ਯਾਨ
ਕੀ ਨਹੀਂ ਬਣਦੀ
ਆਪਣੇ ਅੰਦਰਲੇ
ਅਪਹੁੰਚ ਨਖਯੱਤਰਾਂ ਤੱਕ ਪਹੁੰਚਣ ਲਈ

-ਵਕਫ਼ਾ-

ਪੈਰ ਇਕ ਕਦਮ ਨਹੀਂ ਪੁੱਟਦੇ
ਤੇ ਕਲਪਨਾ ਸਾਰਾ ਬ੍ਰਹਿਮੰਡ
ਸਦਿਸ, ਅਦਿਸ
ਛਿਣ, ਪਲ ਵਿਚ ਗਾਹ ਕੇ
ਨੁਕਤੇ ਵਿਚ ਸਿਮਟ ਜਾਂਦੀ ਹੈ
ਦਾਇਰੇ ਵਿਚ ਫੈਲ ਜਾਂਦੀ ਹੈ

-ਵਕਫ਼ਾ-



ਫੁੱਲ ਬਣ ਛੂੰਹਦੀ ਹੈ,
ਆਪਣੇ ਆਪ ਨੂੰ,
ਖਿਤਿਜ ਬਣ, ਨਜ਼ਰਾਂ ਨੂੰ
ਸਪਰਸ਼ਦੀ ਹੋਈ ਵੀ
ਅਪਹੁੰਚ ਹੋ ਜਾਂਦੀ ਹੈ
ਕਦਮ ਦਰ ਕਦਮ
ਅੱਗੇ ਹੀ ਅੱਗੇ

-ਵਕਫ਼ਾ-

ਜਿੱਥੇ ਪਹੁੰਚੇ ਹਾਂ
ਉੱਥੋਂ ਕੁਝ ਅਗੇਰੇ ਵੇਖਣ
ਸੋਚਣ, ਕਲਪਣ, ਕਰਨ ਦੀ
ਲਟਕ ਜਿਹੀ ਬਣ ਕੇ

**ਆਵਾਜ਼**

ਮੈਂ ਕਾਰ ਦੀ ਗੱਲ ਕਰ ਰਹੀ ਸਾਂ

**ੳ**

ਬੇਕਾਰ ਹੈ,
ਜਿਸ ਕਾਰ ਦੀ ਗੱਲ ਮੈਂ ਕਰਾਂ,
ਤੇਰੀ ਸਮਝ ਤੋਂ ਬਾਹਰ ਹੈ

**ਆਵਾਜ਼**

ਘਰ ਨਹੀਂ, ਤਾਂ ਰਹੇਂਗਾ ਕਿੱਥੇ ?

**ੳ**

(ਸੋਚਦਾ ਹੈ)
ਹਾਂ, ਰਹਾਂਗਾ ਕਿੱਥੇ ?

**ਆਵਾਜ਼**

ਕਾਰ ਨਹੀਂ, ਤਾਂ ਜਾਵੇਂਗਾ ਕਿੱਥੇ ?

**ੳ**

ਹਾਂ, ਜਾਵਾਂਗਾ ਕਿੱਥੇ !!!
ਆਵਾਜ਼
ਬੇਕਾਰ ਹੈਂ, ਤਾਂ ਪਾਵੇਂਗਾ ਕੀ ?

**ੳ**

ਹਾਂ, ਪਾਵਾਂਗਾ ਕੀ !!!

**ਆਵਾਜ਼**

ਬੇਕਾਰ ਨੂੰ ਤਾਂ ਸੰਗ ਵੀ ਨਹੀਂ ਮਿਲਦਾ

**ੳ**

ਨਹੀਂ
ਬੇਕਾਰ ਨੂੰ ਤਾਂ ਸੰਗ ਹੀ ਸੰਗ ਹੈ

(ਵਜਦ ਵਿਚ ਆ ਕੇ)

ਆਪਣੇ ਸੰਗ 'ਚ ਕਦੇ ਆਦਮੀ
'ਕੱਲਾ ਨਹੀਂ ਹੁੰਦਾ

**ਆਵਾਜ਼**

ਫਿਰ ਵੀ ਇਕ, ਇਕੱਲਾ
ਦੋ ਗਿਆਰਾਂ

**ੳ**

ਨਹੀਂ, ਇਕ ਇਕੱਲਾ ...

(ਹੱਸਦਾ ਹੈ)

ਤੇ ਗਿਆਰਾਂ ਦੇ ਦੋਵੇਂ ਏਕੇ,
ਕੱਲਾ, ਕੱਲਾ ਏਕਾ
ਕੋਲ ਕੋਲ, ਦੂਰ ਦੂਰ;
ਨਦੀ ਦੇ ਦੋ ਕੰਢੇ
ਸਮਾਨ-ਅੰਤਰ ਰੇਖਾਵਾਂ
ਰੁੱਖ ਤੇ ਰੁੱਖ



ਮੈਂ ਤੇ ਤੂੰ
ਨਜ਼ਰ ਤੇ ਦਿਸ-ਹੱਦਾ
ਧਰਤੀ ਤੇ ਸੂਰਜ

**ਆਵਾਜ਼**

ਤੇਰੀ ਖੋਪਰੀ 'ਚ ਪੁੱਠੀ ਮੱਤ ਹੈ

**ੳ**

'ਪੁੱਠੇ' ਸ਼ਬਦ ਨੂੰ 'ਪੁੱਠੇ' ਦੇ ਅਰਥ ਵੀ
ਮੱਤ ਹੀ ਦਿੰਦੀ ਹੈ
ਮੱਤ ਬਿਨਾਂ 'ਪੁੱਠੇ' ਦੀ ਕੋਈ ਹੋਂਦ ਨਹੀਂ
ਅਰਥ ਨਹੀਂ
'ਰੱਬ' ਨੂੰ 'ਰੱਬ' ਦੇ ਅਰਥ ਵੀ
ਮੱਤ ਨੇ ਹੀ ਦਿੱਤੇ ਹਨ
ਸ਼ਬਦ 'ਰੱਬ' 'ਚਿਤਰ' ਵੀ ਹੋ ਸਕਦਾ ਹੈ
ਲੀਕਾਂ ਦਾ 'ਗੋਰਖਧੰਦਾ' ਵੀ
ਕਾਂ ਕੋਕੜੇ ਵੀ

-ਵਕਫ਼ਾ-

ਜੇ ਮੈਂ ਕਹਾਂ, ਕਿ
ਪੁੱਠਾ, ਸਿੱਧੇ ਦਾ ਪੁੱਠਾ ਪਾਸਾ ਹੈ
ਜਾਂ ਸਿੱਧਾ, ਪੁੱਠੇ ਦਾ ਪੁੱਠਾ ਪਾਸਾ ਹੈ
ਤਾਂ, ਤੂੰ ਕੀ ਕਹੇਂਗੀ ?

-ਪਿੱਠ-ਭੂਮੀਂ ਦੇ ਪਰਦੇ 'ਤੇ ਔਰਤ ਦੀ ਛਾਇਆ ਇਕ ਸਿਰੇ ਤੋਂ ਦੂਜੇ ਵੱਲ ਜਾਂਦੀ ਤੇ ਫੇਰ ਪਰਤਦੀ ਹੈ।-

**ਆਵਾਜ਼**

ਤੂੰ ਉਲਝ ਗਿਆ ਹੈਂ

**ੳ**

ਹਾਂ, ਮੈਂ ਸੁਲਝ ਗਿਆ ਹਾਂ

-ਵਕਫ਼ਾ-

ਅੱਧੀ ਜ਼ਿੰਦਗੀ ਜੀਣ ਲਈ ਸੰਘਰਸ਼
ਤੇ ਬਾਕੀ ਅੱਧੀ ਮੌਤ ਦੀ ਉਡੀਕ

–ਵਕਫ਼ਾ–

ਉਹ ਹੀ ਦੋ ਸਿਰੇ
ਉਹ ਹੀ ਦੋ ਬਿੰਦੂ
ਚਿੱਟਾ ਤੇ ਕਾਲਾ

–ਵਕਫ਼ਾ–

ਕਾਸ਼ ! ਮੈਂ ਕੇਵਲ
ਦੋ ਬਿੰਦੂ ਹੀ ਤੁਰਿਆ ਹੁੰਦਾ
ਇਕ ਪੈਰ ਚਿੱਟਾ
ਇਕ ਪੈਰ ਕਾਲਾ

–'ੳ' ਦੇ ਹੇਠ ਲਿਖੇ ਬੋਲਾਂ ਵਿਚਲਾ ਕਾਰਜ ਸਿਨਮੈਟਿਕ ਤੇ ਜਾਂ ਵੀਡੀਓ ਟੀ.ਵੀ. ਤਕਨੀਕ, ਤੇ ਜਾਂ ਪ੍ਰਤੀਕਾਤਮਕ ਸ਼ੈਲੀ ਵਿਚ ਰੋਟੇਟਿੰਗ ਚਿਤਰਪੱਟ ਅਤੇ ਮਾਡਲਾਂ ਦੁਆਰਾ ਸਾਕਾਰ ਹੁੰਦਾ ਹੈ।–

ਜੇ ਮੌਤ ਹੀ ਜੀਵਨ ਦਾ ਅੰਤਮ ਸੱਚ ਹੈ
ਏਸ ਤਨ, ਏਸ ਮਨ, ਏਸ ਹੋਂਦ, ਏਸ ਸੱਚ ਦਾ ਅੰਤ ਹੈ,
ਤਾਂ ਭਰਮ ਦੇ ਘਣੇ ਜੰਗਲਾਂ
ਕੰਡਿਆਲੇ ਰਾਹਾਂ
ਖ਼ੂੰਖਾਰ ਜਾਨਵਰਾਂ
ਵਿਚ ਝਰੀਟੇ ਬੁਰਕੇ ਜਾਣ ਦਾ ਕੀ ਲਾਭ ?

*ਉਪ੍ਰੋਕਤ ਬੋਲਾਂ ਨਾਲ ਪਿਛੋਕੜ 'ਚੋਂ ਜੰਗਲੀ ਜਾਨਵਰਾਂ ਅਤੇ ਬੁਰਕੇ ਜਾਂਦੇ ਇਨਸਾਨਾਂ ਦੇ ਚੀਕ ਚਿਹਾੜੇ ਦੇ ਧੁਨੀ ਪ੍ਰਭਾਵ ਉੱਭਰਦੇ ਹਨ।*

**ਆਵਾਜ਼**

(ਹੱਸ ਕੇ)
ਤੂੰ ਹਾਰਦਾ ਜਾ ਰਿਹਾ ਹੈਂ !
ਹੈਮਿੰਗਵੇ ਕਹਿੰਦਾ ਸੀ :
'ਮਨੁੱਖ ਤਬਾਹ ਤਾਂ ਹੋ ਸਕਦਾ ਹੈ,
ਪਰ ਹਰਾਇਆ ਨਹੀਂ ਜਾ ਸਕਦਾ।'



Final dummy

**ੳ**

ਹੱਸਦਾ ਹੈ ... ਮਸ਼ਕਰੀ ਵਾਲੇ ਅੰਦਾਜ਼ ਵਿਚ

ਗ਼ਲਤ, ਬਿਲਕੁਲ ਗ਼ਲਤ
ਜਦੋਂ ਹਾਰਨ ਦੀ ਥਾਂ
ਤਬਾਹ ਹੋਣ ਨੂੰ ਸਵੀਕਾਰ ਕਰ ਲਿਆ,
ਉਦੋਂ ਹੀ ਸਭ ਕੁਝ ਹਰ ਗਿਆ।

–ਵਕਫ਼ਾ–

ਏਸ ਪ੍ਰਸੰਗ ਵਿਚ
'ਹਾਰ' ਤੇ 'ਤਬਾਹ'
ਦੋਵੇਂ ਸ਼ਬਦ
ਸਮ–ਅਰਥਕ ਹਨ

ਤਬਾਹ ਹੋਣਾ ਵੀ ਹਾਰਨਾ ਹੀ ਹੈ।

ਅੱਜ ਤੱਕ ਕੋਈ ਗੁਰੂ, ਪੀਰ, ਪੈਗ਼ੰਬਰ, ਸ਼ਹਿਨਸ਼ਾਹ,
ਬਲਵਾਨ, ਤਾਨਾਸ਼ਾਹ, ਯੋਧਾ, ਫ਼ਕੀਰ
ਸਾਧਾਰਨ ਜਾਂ ਅਸਾਧਾਰਨ ਮਨੁੱਖ
ਇਤਿਹਾਸ ਨੇ ਐਸਾ ਨਹੀਂ ਜਣਿਆਂ
ਜੋ ਇਨ੍ਹਾਂ ਅਰਥਾਂ ਵਿਚ
ਹਾਰਿਆ, ਜਾਂ ਤਬਾਹ ਨਾ ਹੋਇਆ ਹੋਵੇ

**ਆਵਾਜ਼**

ਪਰ ਹੁਣ

**ੳ**

ਹਾਂ, ਹੁਣ

**ਆਵਾਜ਼**

ਹੁਣ ਕੀ ਕਰੇਂਗਾ ?

*'ੳ' ਨੂੰ ਜਿਵੇਂ ਕੁਝ ਸੁਣਿਆਂ ਹੀ ਨਾ ਹੋਵੇ। ਉਹ ਆਪਣੇ ਆਪ ਵਿਚ ਖੋਇਆ ਹੋਇਆ ਹੈ। ਪਿਛੋਕੜ 'ਚੋਂ ਹਲਕੇ ਸੰਗੀਤ ਦੀਆਂ ਧੁਨਾਂ ਉੱਭਰ ਰਹੀਆਂ ਹਨ।*



Final dummy

**ਆਵਾਜ਼**

ਬੋਲਦਾ ਕਿਉਂ ਨਹੀਂ ?

**ੳ**

*(ਅਲਗਾਵ ਜਿਹੇ ਨਾਲ)*

ਸੁਣ ਰਿਹਾ ਹਾਂ

*ਇਸ ਸਮੇਂ ਪਿੱਠ-ਭੂਮੀਂ ਦੇ ਪਰਦੇ ਤੋਂ ਔਰਤ ਦੀ ਛਾਇਆ ਧੀਰੇ ਧੀਰੇ ਗ਼ਾਇਬ ਹੋਣੀ ਸ਼ੁਰੂ ਹੋ ਜਾਂਦੀ ਹੈ। ਸੰਗੀਤ ਉੱਚਾ ਹੋ ਰਿਹਾ ਹੈ। 'ੳ' ਆਪਣੇ ਆਪ ਵਿਚ ਮਸਤ ਹੈ। ਗੁਣਗੁਣਾ ਕੇ ਬੋਲਦਾ ਹੈ ...।*

ਸੁਣ, ਤੂੰ ਵੀ ਸੁਣ

*ਪਿਛੋਕੜ 'ਚੋਂ ਹੇਠ ਲਿਖੇ ਗੀਤ ਦੇ ਬੋਲ ਉੱਚੇ ਸੁਰਾਂ ਵਿਚ ਉੱਭਰਦੇ ਹਨ। 'ੳ' ਧਿਆਨ-ਕੇਂਦ੍ਰਿਤ ਪ੍ਰਾਕ੍ਰਿਤਿਕ ਮੁਦ੍ਰਾ ਦੇ ਆਵੇਸ਼ ਵਿਚ ਹੈ। ਗੀਤ ਦੇ ਬੋਲ ਉਸ ਦੇ ਸਮੁੱਚੇ ਵਜੂਦ ਤੇ ਕਾਰਜ 'ਚੋਂ ਪ੍ਰਗਟ ਹੁੰਦੇ ਹਨ।*

ਜਿੱਧਰ ਵੇਖਾਂ, ਰਾਹ ਤੇ ਭਟਕਣ
ਭਟਕਣ ਜ਼ਖ਼ਮ ਪੁਰਾਣਾ
ਭਟਕਣੋਂ ਜੰਮੇਂ, ਭਟਕਣੋਂ ਵਿਗਸੇ,
ਭਟਕਣ ਤਾਣਾ ਬਾਣਾ
ਭਟਕਣ ਜੀਵਨ, ਭਟਕਣ ਚਾਹਤ
ਭਟਕਣ ਸੁਆਸ, ਸਿਰ੍ਹਾਣਾ
ਕਹੁ ਆਦਮ, ਕਹੁ ਜਣਨੀ ਕਹੁ ਤੂੰ
ਭਟਕਣ ਅੰਤ ਟਿਕਾਣਾ

*ਪਿਛੋਕੜ 'ਚੋਂ ਹੀ ਉਪ੍ਰੋਕਤ ਗੀਤ ਦੇ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। 'ੳ' ਏਧਰ ਓਧਰ ਵੇਖਦਾ ਹੈ ਜਿਵੇਂ ਕੁਝ ਤਲਾਸ਼ ਕਰ ਰਿਹਾ ਹੋਵੇ।*

*ਪਿੱਠ-ਭੂਮੀਂ ਦੇ ਪਰਦੇ ਤੋਂ ਔਰਤ ਦੀ ਛਾਇਆ ਗਾਇਬ ਤੱਕ ਕੇ ਉਹ ਦਰਸ਼ਕਾਂ ਵੱਲ ਅਨੰਤ ਤਲਾਸ਼ ਦੀ ਨਿਗਾਹ ਨਾਲ ਵੇਖਦਾ ਹੈ। ਏਧਰ, ਓਧਰ ਘੁੰਮਦਾ ਹੈ। ਫ਼ਰੀਜ਼ ਹੋ ਜਾਂਦਾ ਹੈ।*

ਇਸ ਸਮੇਂ ਪਿੱਠ-ਭੂਮੀ ਦੇ ਪਰਦੇ ਉੱਤੇ ਸਿਨਮੈਟਿਕ ਤੇ ਜਾਂ ਵੀਡੀਓ ਟੀ.ਵੀ. ਤਕਨੀਕ ਦੁਆਰਾ ਅਤੇ ਜਾਂ ਰੋਟੇਟਿੰਗ ਚਿਤਰਪੱਟ ਤੇ ਪ੍ਰਤੀਕ ਮਾਡਲਾਂ



ਦੀ ਵਰਤੋਂ ਨਾਲ ਬਰਫ਼ੀਲੀ ਲੈਂਡ-ਸਕੇਪ, ਕੱਲੇ ਕਾਰੇ ਸੁੱਕੇ ਮੁੱਢ, ਅਤੇ ਡੁੱਬ ਰਹੇ ਸੂਰਜ ਦੇ ਬਿੰਬ ਉਭਰਦੇ ਹਨ। ਪਿਛੋਕੜ 'ਚੋਂ ਹੇਠ ਲਿਖੇ ਕਾਵਿ-ਬੋਲ ਤੇ ਉਨ੍ਹਾਂ ਦੀਆਂ ਪ੍ਰਤੀਧੁਨੀਆਂ ਗੀਤ ਦੇ ਰੂਪ ਵਿਚ ਉੱਭਰਦੀਆਂ ਹਨ।

ਬਰਫ਼, ਬਰਫ਼ ਧਰਤੀ ਦੀ ਕਾਇਆ
ਸੁੱਕਾ ਮੁੱਢ ਮੇਰੀ ਵਿਥਿਆ
ਡੁੱਬਣ ਚੜ੍ਹਨ 'ਚ ਡੋਬੂ ਪੈਂਦੇ
ਕੀ ਸੱਚ ਹੈ, ਕੀ ਮਿਥਿਆ !!!

*ਪਿਛੋਕੜ 'ਚੋਂ ਉਪਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।*

-ਵਕਫ਼ਾ-

ਸੂਰਜ ਕੱਲਾ, ਮੁੱਢ ਵੀ ਕੱਲਾ
ਬਰਫ਼ਾਂ ਦੇ ਪਾਸਾਰੇ
ਇਕਲਾਪੇ ਦੀ ਕੈਦ 'ਚ *ਜੰਮ ਗਏ
ਸਾਗਰ, ਟਾਪੂ ਸਾਰੇ।

*ਪਿਛੋਕੜ 'ਚੋਂ ਉਪਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।*

-ਵਕਫ਼ਾ-

ਬਰਫ਼ੀਂ ਸੱਜਰਾਪਨ ਪੈੜਾਂ ਦਾ
ਦਿਲ ਵਿਚ ਯਾਦ ਪੁਰਾਣੀ।
ਆਵਣ ਵਾਲੇ ਆ ਕੇ ਟੁਰ ਗਏ
ਰੁਕੇ ਨਾ ਆਦਿ-ਕਹਾਣੀ।

*ਪਿਛੋਕੜ 'ਚੋਂ ਉਪ੍ਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ, ਉੱਭਰਦੀਆਂ ਰਹਿੰਦੀਆਂ ਹਨ। ਮੰਚ ਦੀਆਂ ਰੌਸ਼ਨੀਆਂ ਦੀ ਰੰਗਾ ਰੰਗ ਜਗ੍ਹੂੰ ਬੁਝੂੰ, ਸੁਪਨ, ਸਿਰਜਣ-ਸੰਸਾਰ ਦੀ ਰਚਨਾ ਕਰਦੀ ਪ੍ਰਤੀਤ ਹੁੰਦੀ ਹੈ। ਫ਼ਰੀਜ਼ ਹੋਏ 'ੳ' ਵਿਚ ਹਰਕਤ ਆਉਂਦੀ ਹੈ। ਪ੍ਰਤੀਧੁਨੀਆਂ ਉਸ ਦੀ ਸੀਟੀ ਦੀ ਧੁਨ ਤੇ ਅਭਿਨਯ- ਮੁਦ੍ਰਾਵਾਂ ਵਿਚ ਪਰੀਵਰਤਤ ਹੋ ਜਾਂਦੀਆਂ ਹਨ। 'ੳ' ਦੇ ਅਭਿਨਯ ਤੋਂ ਜਾਪਦਾ ਹੈ ਜਿਵੇਂ ਉਹ ਕਿਸੇ ਸਪੈੱਲ (Spell) ਹੇਠ ਹੋਵੇ, ਪੋਜ਼ੈਸਡ (Possessed) ਹੋਵੇ।*

---

* ਜੰਮ - Freeze

ਇੰਜ ਪ੍ਰਤੀਤ ਹੁੰਦਾ ਹੈ, ਜਿਵੇਂ 'ੳ' ਦੇ ਅੰਦਰ ਕੁਝ ਟੁੱਟ ਭੱਜ ਮੁੜ ਜੁੜ ਰਿਹਾ ਹੋਵੇ। ਉਸ ਦੇ ਹੋਠਾਂ ਤਕ ਆਉਂਦਾ ਆਉਂਦਾ ਰੁਕ ਰਿਹਾ ਹੋਵੇ। ਉਸ ਦੀਆਂ ਮੁਦ੍ਰਾਵਾਂ ਉਸ ਅੰਦਰ ਸੁਪ੍ਰਾਣ ਹੋ ਰਹੀ ਰਚਨਾਤਮਕ ਸ਼ਕਤੀ ਪ੍ਰਸਤੁਤ ਕਰਦੀਆਂ ਹਨ। ਅੰਦਰੇ ਅੰਦਰ ਉਹ ਹੇਠ ਲਿਖੇ ਕਾਵਿ-ਬੋਲ ਰਚ ਰਿਹਾ ਹੈ। ਇਹ ਕਾਵਿ-ਬੋਲ ਉਹ ਟੁੱਟ, ਟੁੱਟ ਜੁੜਵੇਂ, ਜੁੜ, ਜੁੜ ਟੁੱਟਵੇਂ ਰੂਪ ਵਿਚ ਟੁੱਟ-ਜੁੜਵੀਂ ਤੇ ਜੁੜ-ਟੁੱਟਵੀਂ ਲੈਅ ਦੇ ਠਹਿਰਵੇਂ ਤੇ ਗਤੀਸ਼ੀਲ ਬਿੰਬਾਂ/ਮੁਦ੍ਰਾਵਾਂ ਦੁਆਰਾ ਗਾ ਕੇ, ਗੁਣ ਗੁਣਾ ਕੇ ਤੇ ਤਰੱਨਮ ਵਿਚ ਆ ਕੇ ਪ੍ਰਸਤੁਤ ਕਰਦਾ ਹੈ। ਜਿਵੇਂ ਜਿਵੇਂ ਬੋਲ ਅੱਗੇ ਤੁਰਦੇ ਹਨ, ਤਿਵੇਂ ਤਿਵੇਂ ਉਹ ਇਕ ਸਹਿਜ-ਸੁਹਜ ਰਚਨਾ ਦਾ ਰੂਪ ਧਾਰਨ ਕਰੀ ਜਾਂਦੇ ਹਨ ਅਤੇ 'ੳ' ਦੇ ਕਲਾਤਮਕ ਤੇ ਕਰਤਾਰੀ ਅਭਿਨਯ ਦੁਆਰਾ ਉਸਦੇ ਸਿਰਜਣ-ਸੰਸਾਰ ਨੂੰ ਪ੍ਰਸਤੁਤ ਕਰਦੇ ਹਨ। ਵਿਚ ਵਿਚ ਵਕਫ਼ੇ ਹਨ। ਕੇਂਦਰੀ ਬੋਲਾਂ ਦੀਆਂ ਪ੍ਰਤੀਧੁਨੀਆਂ ਹਨ। ਜਗੂੰ ਬੁਝੂੰ ਰੰਗਾ ਰੰਗ ਰੌਸ਼ਨੀਆਂ ਹਨ। ਫਲੱਡ ਲਾਈਟਸ ਤੇ ਨੀਮ-ਅਨ੍ਹੇਰਾ ਹੈ। ਸੰਗੀਤਕ ਇੰਟਰਲਿਊਡ ਹਨ।

ਨਿਰਦੇਸ਼ਕ ਲਈ ਇਹ ਸੁਝਾਅ ਹੈ ਕਿ ਉਹ ਹੇਠ ਲਿਖੇ ਕਾਵਿ-ਬੋਲਾਂ ਦੇ ਉਚਾਰਨ, ਕਾਵਿ-ਬੰਦਾਂ ਵਿਚਲੇ ਵਕਫ਼ੇ, ਅਤੇ ਕੁਝ ਕੇਂਦਰੀ ਬੋਲਾਂ ਦੀਆਂ ਪ੍ਰਤੀਧੁਨੀਆਂ ਬਾਰੇ, ਲੋੜ ਅਨੁਸਾਰ, ਖੁਦ ਨਿਰਣਾ ਕਰੇ ਅਤੇ ਉਨ੍ਹਾਂ ਦੁਆਰਾ 'ੳ' ਦੇ ਸਿਰਜਣ-ਕਰਮ (Creative Process) ਨੂੰ ਉਚਿਤ ਸੰਦਰਭ ਵਿਚ, ਹੋਂਦ ਤੇ ਰਚਨਾ ਦੀ ਸਹਿਜ-ਏਕਤਾ ਦੇ ਰੂਪ ਵਿਚ ਪ੍ਰਸਤੁਤ ਕਰਵਾਏ। ਕਾਵਿ-ਬੋਲਾਂ ਵਿਚ ਪ੍ਰਸਤੁਤ ਕੁਝ ਕੁ ਪ੍ਰਤੀਕਾਂ ਤੇ ਬਿੰਬਾਂ ਅਤੇ ਉਨ੍ਹਾਂ ਦੁਆਰਾ ਸੁਝਾਏ ਨਾਟਕੀ ਕਾਰਜ ਨੂੰ ਵੀ ਫਲੱਡ-ਲਾਈਟਸ ਨਾਲ ਸਿਨਕਰੋਨਾਈਜ਼ (Synchronise) ਕਰਕੇ ਪਿੱਠ-ਭੂਮੀਂ ਦੇ ਪਰਦੇ ਉੱਤੇ ਵਿਖਾਇਆ ਜਾਣਾ ਲਾਜ਼ਮੀ ਹੈ। ਰੋਟੇਟਿੰਗ ਚਿਤਰ-ਪੱਟ ਤੇ ਪ੍ਰਤੀਕ ਮਾਡਲਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਮੇਰੇ ਸੁਝਾਅ ਕੇਵਲ ਸੰਕੇਤ ਮਾਤਰ ਹਨ। ਯੋਗ ਧੁਨੀ ਪ੍ਰਭਾਵਾਂ ਦੀ ਵਰਤੋਂ ਵੀ ਲਾਜ਼ਮੀ ਹੈ।)

**ੳ**

ਸੂਰਜ ਦਾ ਸੁਰਖ ਹੋਣਾ
ਸਦ-ਸ਼ਾਮ ਦੀ ਅਲਾਮਤ
'ਨ੍ਹੇਰੇ 'ਚ ਬਲ ਰਹੇ ਦੀ
ਇਹ ਉਮਰ ਢਲ ਰਹੀ ਏ

ਇਕ ਨ੍ਹੇਰ ਉਹ ਸਿਰਾ ਸੀ
ਇਕ ਨ੍ਹੇਰ ਔਹ ਸਿਰਾ ਹੈ


Final dummy

ਵਿਚਕਾਰ ਡੁੱਬੀ ਲੋਅ ਪਈ
ਅੱਖਾਂ ਨੂੰ ਮੱਲ ਰਹੀ ਏ

ਚੇਤੇ 'ਚ ਯਾਦ ਹਰ ਇਕ
ਜਿਉਂ ਡਾਈਨੇਮਾਈਟ ਹੋਵੇ
ਵਿਸਫੋਟ ਬਾਹਰ, ਅੰਦਰ
ਜ਼ਿੰਦਗੀ ਇਉਂ ਚੱਲ ਰਹੀ ਏ

ਸਾਡੇ ਉਡੀਕ-ਥਲ 'ਤੇ
ਬੱਦਲ ਦੀ ਤੋਰ ਏਦਾਂ
ਐਟਮ ਦੇ ਭੱਠ ਵਿਚ ਜਿਉਂ
ਇਕ ਬੂੰਦ ਚੱਲ ਰਹੀ ਏ

ਪਾਣੀ ਦਾ ਭਰਮ ਭੋਗੇ
ਸੋਕੇ ਦੀ ਧਾਰ ਉੱਤੇ
ਸੋਮੇਂ ਸੁਕਾਏ ਹੰਝੂਆਂ
ਤੇਹ ਖ਼ੁਸ਼ਕ ਬਲ ਰਹੀ ਏ

ਦਿਨ ਆਉਂਦੇ ਬੀਤ ਜਾਂਦੇ
ਸ਼ਮਸ਼ਾਨ ਜਜ਼ਬਿਆਂ ਦੀ
ਔਹ ਰਾਖ ਉੱਡ ਰਹੀ ਏ
ਤਵਾਰੀਖ਼ ਬੱਲ ਰਹੀ ਏ
ਅੱਖਾਂ 'ਚ ਉਫ਼ਕ ਉੱਤੇ
ਫ਼ਰੀਜ਼ ਹੋਈ ਸੂਰਤ
ਕੈਸੀ ਖੜੋਤ ਅੰਦਰ
ਅਹੋਂਦ ਪਲ ਰਹੀ ਏ

*ਪਿਛੋਕੜ 'ਚੋਂ ਉਪਰੋਕਤ ਬੰਦ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। ਪਿੱਠ-ਭੂਮੀ ਦੇ ਪਰਦੇ ਉੱਤੇ ਔਰਤ ਦੀ ਫ਼ਰੀਜ਼ ਹੋਈ ਛਾਇਆ ਵਿਖਾਈ ਦਿੰਦੀ ਹੈ।*

**-ਫ਼ੇਡ ਆਊਟ-**


Final dummy

ਸਪਾਟ ਲਾਈਟ ਪਿੱਠ-ਭੂਮੀ ਦੇ ਪਰਦੇ ਉੱਤੇ ਔਰਤ ਦੀ ਛਾਇਆ ਦਾ ਜਾਇਜ਼ਾ ਲੈਂਦੀ ਹੈ। ਪਿਛੋਕੜ 'ਚੋਂ ਹੇਠ ਲਿਖੇ ਕਾਵਿ-ਬੋਲ ਸੰਗੀਤ ਦੀ ਸੰਗਤ ਵਿਚ ਗੀਤ ਦੇ ਰੂਪ ਵਿਚ ਉੱਭਰਦੇ ਹਨ ਤੇ ਮੰਚ ਉੱਤੇ ਮੱਧਮ ਜਿਹੀ ਲੋਅ ਫੈਲਣੀ ਸ਼ੁਰੂ ਹੋ ਜਾਂਦੀ ਹੈ।

ਇਕਲਾਪੇ 'ਚੋਂ ਸੰਗਤ ਲੱਭੀਏ
ਖ਼ੁਦ 'ਚੋਂ ਖ਼ੁਦ ਦਾ ਸਗਲ ਪਸਾਰਾ
ਹੜ੍ਹ ਵੀ ਆਪ, ਹੜ੍ਹਾਈਏ ਆਪੇ
ਨਦੀ ਦੇ ਨਾਲ ਕਿਨਾਰਾ

*ਪਿਛੋਕੜ 'ਚੋਂ ਸੰਗੀਤਕ ਇੰਟਰਲਿਊਡ*

ਸੱਚ ਨੂੰ ਸੁਪਨ ਨੇ ਉਂਗਲੀ ਲਾਇਆ
ਸੁਫਨੇ ਵਿਚ ਸੱਚ ਸਹਿਜ ਸਮਾਇਆ
ਆਪਣੇ ਨੂਰ 'ਚ ਲੱਟ ਲੱਟ ਆਪਾ
ਨਾਲ ਮਚਾਈ ਆਪਣੀ ਛਾਇਆ

*ਪਿਛੋਕੜ 'ਚੋਂ ਸੰਗੀਤਕ ਇੰਟਰਲਿਊਡ*

ਹੇਠ ਲਿਖੇ ਬੰਦ ਦੀ ਤੀਜੀ ਤੁੱਕ ਨਾਲ ਪਰਦੇ ਉਤਲੀ ਔਰਤ ਦੀ ਛਾਇਆ, ਇਕ ਨੌਜਵਾਨ ਕੁੜੀ ਦੇ ਰੂਪ ਵਿਚ, ਗੁਣ-ਗੁਣਾਉਂਦੀ ਹੋਈ ਨ੍ਰਿਤ-ਮੁਦਰਾ ਵਿਚ ਮੰਚ 'ਤੇ ਪ੍ਰਵੇਸ਼ ਕਰਦੀ ਹੈ। ਨੌਜਵਾਨ ਕੁੜੀ ਨੇ ਕਾਲੇ ਰੰਗ ਦੀ ਚਮਕਦਾਰ ਸੁਨਹਿਰੀ ਧਾਰੀਆਂ ਵਾਲੀ ਪੋਸ਼ਾਕ ਪਹਿਨੀ ਹੋਈ ਹੈ। ਇਸ ਸਮੇਂ ਮੰਚ ਦੀ ਛੱਤ 'ਤੇ ਲੱਗੀਆਂ ਰੰਗਾ ਰੰਗ ਫਲੈਸ਼ਿੰਗ ਰੌਸ਼ਨੀਆਂ ਅਨੇਕ ਦਾਇਰਿਆਂ ਵਿਚ ਘੁੰਮਦੀਆਂ ਹੋਈਆਂ ਸੁਫਨਈ ਮਾਹੌਲ ਦੀ ਉਸਾਰੀ ਕਰਦੀਆਂ ਹਨ।

ਨੌਜਵਾਨ ਕੁੜੀ ਪਿਛੋਕੜ ਦੇ ਸੰਗੀਤ ਦੀ ਧੁਨੀ 'ਤੇ ਗੁਣਗੁਣਾਉਂਦੀ ਹੋਈ *ਸੋਲੋ-ਨ੍ਰਿਤ ਕਰਦੀ ਹੈ। ਨ੍ਰਿਤ ਉਪ੍ਰੰਤ ਫ਼ਰੀਜ਼ ਹੋ ਜਾਂਦੀ ਹੈ। ਸੰਗੀਤ ਪਲਕ

* SOLO



ਝਪਕ ਲਈ ਬੰਦ ਹੋ ਕੇ ਧੀਰੇ ਧੀਰੇ ਫੇਰ ਉੱਭਰਦਾ ਹੈ। ਨੌਜਵਾਨ ਕੁੜੀ ਦੋ ਕਦਮ ਉੱਤਰ, ਦੋ ਕਦਮ ਦੱਖਣ ਅਤੇ ਫਿਰ ਦੋ ਦੋ ਕਦਮ ਪੂਰਬ ਤੇ ਪੱਛਮ ਤੁਰਦੀ, ਤੱਕਦੀ ਹੋਈ ਦਿਸ਼ਾਵਾਂ ਵਿਚ ਖਿੱਚ, ਪਾਟ ਹੋਣ ਦਾ ਅਭਿਨਯ ਕਰਦੀ ਹੈ। ਏਧਰ, ਓਧਰ ਗੋਲ ਦਾਇਰੇ ਵਿਚ ਘੁੰਮਦੀ ਹੈ। ਮੰਚ ਦੇ ਵਿਚਕਾਰ ਆ ਕੇ ਥਿਰ ਹੋ ਜਾਂਦੀ ਹੈ। ਪਲਕਾਂ 'ਤੇ ਹੱਥ ਰੱਖਦੀ ਹੈ, ਜਿਵੇਂ ਕਿਸੇ ਦੀ ਉਡੀਕ ਕਰ ਰਹੀ ਹੋਵੇ। ਏਸ ਪੋਜ਼ ਵਿਚ ਕੁਝ ਦੇਰ ਲਈ ਫ਼ਰੀਜ਼ ਹੋ ਜਾਂਦੀ ਹੈ।

ਨੌਜਵਾਨ ਕੁੜੀ ਜੋ ਹੇਠ ਲਿਖੇ ਬੰਦ ਦੀ ਤੀਜੀ ਤੁਕ ਨਾਲ ਮੰਚ ਉੱਤੇ ਪਰਵੇਸ਼ ਕਰਦੀ ਹੈ, ਗੀਤ ਖ਼ਤਮ ਹੋਣ ਉਪ੍ਰੰਤ ਵੀ ਆਪਣੀਆਂ ਉਪ੍ਰੋਕਤ ਅਭਿਨਯ-ਮੁਦ੍ਰਾਵਾਂ ਜਾਰੀ ਰਖਦੀ ਹੈ। ਮੁਦ੍ਰਾਵਾਂ ਅਨੁਸਾਰ ਪਿਛੋਕੜ 'ਚੋਂ ਸੰਗੀਤ ਦੀ ਸੰਗਤ ਜਾਰੀ ਰਹਿੰਦੀ ਹੈ।

ਜੰਗਲ 'ਚੋਂ ਜੰਗਲ ਨਾ ਲੱਭੇ
ਸ਼ਹਿਰਾਂ ਵਿਚ ਜੰਗਲ ਦਾ ਵਾਸਾ
ਆਪਣੀ ਛਾਂ 'ਚੋਂ ਕੌਣ ਜਨਮਿਆਂ
ਜੀਕੂੰ ਜਨਮ ਜਨਮ ਦਾ ਪਿਆਸਾ

ਪਿਛੋਕੜ 'ਚੋਂ ਹੇਠ ਲਿਖੇ ਬੋਲਾਂ ਦੀਆਂ ਪ੍ਰਤੀਧੁਨੀਆਂ ਧੀਰੇ ਧੀਰੇ ਸੰਗੀਤਕ ਧੁਨੀ-ਪ੍ਰਭਾਵਾਂ ਵਿਚ ਬਦਲ ਜਾਂਦੀਆਂ ਹਨ। ਸੰਗੀਤ ਉੱਪਰ ਦੱਸੇ ਅਨੁਸਾਰ ਨੌਜਵਾਨ ਕੁੜੀ ਦੀਆਂ ਅਭਿਨਯ-ਮੁਦ੍ਰਾਵਾਂ ਅਨੁਸਾਰ ਹੈ।

ਆਪਣੀ ਛਾਂ 'ਚੋਂ ਕੌਣ ਜਨਮਿਆਂ
ਜੀਕੂੰ ਜਨਮ ਜਨਮ ਦਾ ਪਿਆਸਾ
... ... ... ...
... ... ... ...

ਨੌਜਵਾਨ ਕੁੜੀ ਉਡੀਕ ਦੇ ਪੋਜ਼ ਵਿਚ ਫ਼ਰੀਜ਼ ਹੋਈ ਖੜ੍ਹੀ ਹੈ ! ਇਸ ਸਮੇਂ 'ੳ' ਮੰਚ ਉੱਤੇ ਪਰਵੇਸ਼ ਕਰਦਾ ਹੈ। ਨੌਜਵਾਨ ਕੁੜੀ ਵੱਲ ਬਿਨਾਂ ਵੇਖੇ ਪੂਲ ਟੇਬਲ ਵੱਲ ਜਾਂਦਾ ਤੇ ਖੇਡਣ ਲੱਗ ਪੈਂਦਾ ਹੈ। ਆਪਣੇ ਆਪ ਨਾਲ ਗੱਲੀਂ ਪੈ ਜਾਂਦਾ ਹੈ।

**ੳ**

ਅੱਜ ਮੇਰੀ ਜਿੱਤ ਯਕੀਨੀ ਹੈ
*(ਆਪੇ ਹੀ ਉੱਤਰ ਦਿੰਦਾ ਹੈ)*

ਹਾਂ, ਅੱਜ ਤੇਰੀ ਜਿੱਤ ਯਕੀਨੀ ਹੈ
ਪਰ ਇਹ ਜਿੱਤ ਸਦਾ
ਏਥੋਂ
ਏਸ ਪੂਲ ਟੇਬਲ ਤੋਂ ਹੀ ਸ਼ੁਰੂ ਹੁੰਦੀ ਹੈ
ਤੇ ਏਥੇ ਹੀ ਖ਼ਤਮ ਹੋ ਜਾਂਦੀ ਹੈ

ਹਾਰ ਜਿੱਤ
ਸਭ ਕੁਝ
ਏਸ ਘੇਰੇ 'ਚ ਹੀ ਰਹਿੰਦਾ ਹੈ
ਕੁਝ ਵੀ ਏਥੋਂ ਬਾਹਰ ਨਹੀਂ ਜਾਂਦਾ

-ਵਕਫ਼ਾ-

*ਬਾਲ, ਪੂਲ-ਟੇਬਲ ਦੇ ਵਿਚਕਾਰ ਕਰਕੇ ਸਲੀਕੇ ਨਾਲ ਰੱਖਦਾ ਹੈ, ਗੱਲ ਜਾਰੀ ਰੱਖਦਾ ਹੈ।*

ਜਾਪਦਾ ਹੈ,
ਇਹ ਪੂਲ-ਟੇਬਲ ਹੀ ਸਾਡਾ ਜੀਵਨ ਹੈ !

*ਮੇਜ਼ ਦੁਆਲੇ ਘੁੰਮਦਾ ਹੈ। ਇਕ ਦੋ ਜਾਇਜ਼ੇ ਲੈਂਦਾ ਹੈ। ਸਟਿੱਕ ਨਾਲ ਬਾਲ ਸਟਰਾਈਕ ਕਰਦਾ ਹੈ।*

ਆਹਾ !
ਇਹ ਗੇਮ ਮੇਰੀ ਹੈ ...
ਨਹੀਂ ਛੱਡਾਂਗਾ
ਨਹੀਂ ਛੱਡਾਂਗਾ
ਨਹੀਂ ਛੱਡਾਂਗਾ

*(ਫ਼ਰਜ਼ੀ ਵਿਰੋਧੀ ਨੂੰ ਚੈਲੰਜ ਕਰਦਾ ਹੋਇਆ)*

ਤੈਨੂੰ ਕਿਸੇ ਕੰਮ ਜੋਗਾ ਨਹੀਂ ਛੱਡਾਂਗਾ
ਅੱਜ ਮੇਰੀ ਜਿੱਤ ਯਕੀਨੀ ਹੈ

'ੳ' ਉੱਚੀ, ਉੱਚੀ ਹੱਸਦਾ ਹੈ। ਨੱਚਦਾ ਹੈ। ਘੁੰਮਦਾ, ਚੱਕਰ ਲਾਉਂਦਾ ਹੈ। ਨੌਜਵਾਨ ਕੁੜੀ ਨਾਲ ਟੱਕਰਾ ਜਾਂਦਾ ਹੈ। ਦੋਵੇਂ ਡਿੱਗ ਪੈਂਦੇ ਹਨ। ਇਕ ਦੂਜੇ ਵੱਲ ਵੇਖਦੇ ਹਨ। ਇਕ ਦੂਜੇ ਨੂੰ ਸਹਾਰਾ ਦਿੰਦੇ ਹਨ। ਇਕ ਦੂਜੇ ਨੂੰ ਉਠਾਉਂਦੇ



ਹਨ। ਇਕ ਦੂਜੇ ਦੀਆਂ ਅੱਖਾਂ ਵਿਚ ਅੱਖਾਂ ਪਾਉਂਦੇ ਹਨ। ਹੈਰਾਨੀ, ਅਜਨਬੀਪਨ, ਅਤੇ ਪਹਿਚਾਣ ਜਾਂ ਮੂਕ ਅਭਿਨਯ ਕਰਦੇ ਹਨ। ਇਕ ਦੂਜੇ ਦੇ ਲੱਕ ਵਿਚ ਬਾਹਾਂ ਪਾ ਕੇ ਨ੍ਰਿਤ ਕਰਦੇ ਹਨ। ਪਿਛੋਕੜ 'ਚੋਂ ਉਕਤ ਕਾਰਜ ਨਾਲ ਯੋਗ ਸੰਗੀਤ ਦੀ ਸੰਗਤ ਜਾਰੀ ਰਹਿੰਦੀ ਹੈ। ਉਹ ਰੁਕਦੇ ਹਨ। ਦਰਸ਼ਕਾਂ ਵੱਲ ਧਿਆਨ ਨਾਲ ਵੇਖਦੇ ਹਨ।

**ਨੌਜਵਾਨ ਕੁੜੀ**

ਇਹ ਕਿੱਥੇ ਆ ਗਏ ਹਾਂ ?

**ੳ**

*(ਦਰਸ਼ਕਾਂ ਵੱਲ ਇਸ਼ਾਰਾ ਕਰਕੇ)*

ਕਨਕਰੀਟ ਦੀ ਵਲਗਣ ਵਿਚ
ਇਹ ਮਨੁੱਖਤਾ ਦਾ ਜੰਗਲ ਹੈ
ਵੇਖ, ਕਿਵੇਂ ਕੋਲ ਕੋਲ ਬੈਠੇ ਹਨ

**ਨੌਜਵਾਨ ਕੁੜੀ**

ਫੇਰ ਵੀ ਕਿੰਨਾ ਦੂਰ ਦੂਰ ਹਨ

**ੳ**

ਇਹ ਹਾਜ਼ਰੀਨ ਹਨ

**ਨੌਜਵਾਨ ਕੁੜੀ**

ਫਿਰ ਵੀ ਕਿੰਨੇ ਗ਼ੈਰ-ਹਾਜ਼ਰ ਹਨ

**ੳ**

ਇਹ ਸਭ ਏਥੇ
ਕਿਸ ਦੇ ਸਾਥ ਵਿਚ ਆਏ ਹਨ ?

**ਨੌਜਵਾਨ ਕੁੜੀ**

ਇਹ ਸਭ ਏਥੇ ਕੇਵਲ ਆਪਣੇ ਆਪਣੇ,
ਸਾਥ ਵਿਚ ਆਏ ਹਨ

*(ਦੋਵੇਂ ਹੱਸਦੇ ਹਨ। ਹੱਸੀ ਜਾਂਦੇ ਹਨ)*

**ੳ**

ਇਹ ਦਰਵਾਜ਼ੇ ਹਨ

**ਨੌਜਵਾਨ ਕੁੜੀ**

ਪਰ ਬੰਦ ਹਨ

**ੳ**

ਇਹ ਸਭ ਖਿੜਕੀਆਂ ਹਨ

**ਨੌਜਵਾਨ ਕੁੜੀ**

ਪਰ ਖੁੱਲ੍ਹਦੀਆਂ ਨਹੀਂ

**ੳ**

ਇਹ ਗੁੰਬਦ ਹਨ

**ਨੌਜਵਾਨ ਕੁੜੀ**

ਜੇ ਨਹੀਂ ਗੂੰਜਦੀ
ਤਾਂ ਇਨ੍ਹਾਂ 'ਚ ਕੇਵਲ,
ਆਪਣੀ ਆਵਾਜ਼ ਹੀ ਨਹੀਂ ਗੂੰਜਦੀ

**ੳ**

ਇਹ ਘੀਚ ਮਚੋਲਾ ਹਨ

**ਨੌਜਵਾਨ ਕੁੜੀ**

ਇਹ ਰੌਲਾ ਗੌਲਾ ਹਨ

*(ਨੌਜਵਾਨ ਕੁੜੀ ਤੇ 'ੳ' ਇਕੱਠੇ ਹੀ ਗਾਉਂਦੇ ਹਨ)*

**ੳ ਤੇ ਨੌਜਵਾਨ ਕੁੜੀ**

ਇਹ ਜੰਗਲ ਹਨ
ਇਹ ਦਰਵਾਜ਼ੇ ਹਨ
ਇਹ ਖਿੜਕੀਆਂ ਹਨ
ਇਹ ਗੁੰਬਦ ਹਨ
ਇਹ ਘੀਚ ਮਚੋਲਾ ਹਨ
ਇਹ ਰੌਲਾ ਗੌਲਾ ਹਨ



ਇਹ ਹਾਜ਼ਰੀਨ ਹਨ
ਇਹ ਗ਼ੈਰ-ਹਾਜ਼ਰ ਹਨ

*ਦੋਵੇਂ ਜਣੇ ਖੁੱਲ੍ਹ ਕੇ ਹੱਸਦੇ ਹਨ। ਮਸ਼ਕਰੀ ਦੇ ਅੰਦਾਜ਼ ਵਿਚ ਦਰਸ਼ਕਾਂ ਨੂੰ ਸੰਬੋਧਨ ਕਰਦੇ ਹਨ :*

**ੳ**

ਫੇਰ ਵੀ ਬੰਦ ਹਨ

**ਨੌਜਵਾਨ ਕੁੜੀ**

ਹਾਂ, ਬੰਦ ਬੰਦੇ ਹਨ !

**ੳ**

ਕਦੋਂ ਖੁੱਲ੍ਹਣਗੇ ?

**ਨੌਜਵਾਨ ਕੁੜੀ**

ਕੌਣ ਖੋਲ੍ਹੇਗਾ ?

ਸਵਾਲੀਆ ਨਜ਼ਰਾਂ ਨਾਲ ਇਕ ਦੂਜੇ ਵੱਲ, ਦਰਸ਼ਕਾਂ, ਦਿਸ਼ਾਵਾਂ ਵੱਲ ਵੇਖਦੇ ਹਨ। ਨੱਚਦੇ ਹਨ। ਗੁਣਗੁਣਾਉਂਦੇ ਹਨ। ਗਾਉਂਦੇ ਹਨ। ਟੱਪਦੇ ਹਨ। ਇਕਦਮ ਖ਼ਾਮੋਸ਼ ਹੋ ਜਾਂਦੇ ਹਨ। ਫ਼ਰੀਜ਼ ਹੋ ਜਾਂਦੇ ਹਨ।

ਪਿਛੋਕੜ 'ਚੋਂ ਹੇਠ ਲਿਖੇ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ। ਪਲਕ ਝਪਕ ਲਈ ਅਨ੍ਹੇਰਾ ਹੁੰਦਾ ਹੈ, ਤਾਂ ਨੌਜਵਾਨ ਕੁੜੀ ਗਾਇਬ ਹੋ ਜਾਂਦੀ ਹੈ। ਚਾਨਣ ਦੇ ਪਰਤਦਿਆਂ ਹੀ ਪਰਦੇ ਉੱਤੇ ਔਰਤ ਦੀ ਛਾਇਆ ਵਿਖਾਈ ਦਿੰਦੀ ਹੈ।

ਇਕਲਾਪੇ 'ਚੋਂ ਸੰਗਤ ਲੱਭੀਏ
ਖ਼ੁਦ 'ਚੋਂ ਖ਼ੁਦ ਦਾ ਸਗਲ ਪਸਾਰਾ
ਹੜ੍ਹ ਵੀ ਆਪ, ਹੜ੍ਹਾਈਏ ਆਪੇ
ਨਦੀ ਦੇ ਨਾਲ ਕਿਨਾਰਾ
... ... ... ...
... ... ... ...
... ... ... ...

'ੳ' ਕਦੇ ਪਰਦੇ ਵੱਲ ਵੇਖਦਾ ਹੈ, ਕਦੇ ਦਰਸ਼ਕਾਂ ਵੱਲ। ਡੌਰ ਭੌਰ ਜਿਹਾ ਏਧਰ ਓਧਰ ਘੁੰਮਦਾ, ਢੂੰਡਦਾ ਹੈ ! ਪਰਦੇ ਦੀ ਪਰਛਾਈਂ ਵੱਲ, ਤੱਕਦਾ, ਫ਼ਰੀਜ਼ ਹੋ ਜਾਂਦਾ ਹੈ ! ਪ੍ਰਤੀਧੁਨੀਆਂ ਉੱਚੀਆਂ, ਹੋਰ ਉੱਚੀਆਂ ਹੋਈ ਜਾਂਦੀਆਂ ਹਨ।

**-ਫ਼ੇਡ ਆਊਟ-**

ਮੰਚ ਉੱਤੇ ਚਾਨਣ ਹੁੰਦਿਆਂ ਹੀ 'ਓ' ਵਿਖਾਈ ਦਿੰਦਾ ਹੈ। ਉਹ ਪੂਲ ਟੇਬਲ ਦੇ ਇਕ ਪਾਸੇ ਪਈ ਕੁਰਸੀ ਉੱਤੇ ਗੁੰਮ ਸੁੰਮ ਜਿਹਾ ਬੈਠਾ ਹੈ। ਕਦੇ ਕੁਝ ਬੁੜਬੁੜਾਉਂਦਾ ਹੈ ਤੇ ਕਦੇ ਕੁਝ। ਜਿਵੇਂ ਕਿਸੇ ਹੋਰ ਨਾਲ ਗੱਲਾਂ ਕਰ ਰਿਹਾ ਹੋਵੇ। ਜਿਵੇਂ ਆਪਣੇ ਆਪ ਨਾਲ, ਸਭ ਨਾਲ ਸੰਬਾਦ ਰਚਾ ਰਿਹਾ ਹੋਵੇ। ਹੇਠ ਲਿਖੀ ਵਾਰਤਾਲਾਪ 'ਓ', 'ਓ-1' ਦੇ ਰੂਪ ਵਿਚ ਕੁਰਸੀ ਵਿਚ ਬੈਠ ਕੇ ਤੇ ਟੋਪੀ ਪਾ ਕੇ ਬੋਲਦਾ ਹੈ, ਅਤੇ 'ਓ-2' ਦੇ ਰੂਪ ਵਿਚ ਕੁਰਸੀ ਵਿੱਚੋਂ ਉੱਠ, ਟੋਪੀ ਲਾਹ ਕੇ ਤੇ ਕੁਰਸੀ ਤੋਂ ਪੂਲ-ਟੇਬਲ ਦੇ ਦੂਜੇ ਸਿਰੇ ਉੱਤੇ ਪਹੁੰਚ ਕੇ ਬੋਲਦਾ ਹੈ ! 'ਓ-1' ਦਾ ਸੰਬਾਦ ਬੋਲਣ ਸਮੇਂ ਇਹ ਮੁੜ ਕੁਰਸੀ ਵਿਚ ਬੈਠ ਜਾਂਦਾ, ਟੋਪੀ ਪਹਿਨ ਲੈਂਦਾ ਹੈ। ਪੂਲ-ਟੇਬਲ ਦੇ ਇਕ ਸਿਰੇ ਤੋਂ ਦੂਜੇ ਤੱਕ ਜਾਣ ਤੇ ਮੁੜ ਪਰਤਣ ਦੇ ਵਕਫ਼ੇ ਦੌਰਾਨ ਪਿਛੋਕੜ 'ਚੋਂ ਸੰਗੀਤ ਉੱਭਰਦਾ ਹੈ, ਜੋ ਸੰਬਾਦ ਦੇ ਆਰੰਭ ਹੋਣ ਨਾਲ ਹੀ ਰੁਕ ਜਾਂਦਾ ਹੈ।

**ਓ-1**

ਦੁਆਲਾ ਨਿਕਲ ਗਿਆ ਹੈ

**ਓ-2**

ਦੁਆਲੇ ਸੀ ਹੀ ਕੀ ?

-ਵਕਫ਼ਾ-

*(ਗਾਉਂਦਾ ਤੇ ਨ੍ਰਿਤ ਕਰਦਾ ਹੈ)*

ਨਾਂਗੇ ਆਵਣ, ਨਾਂਗੇ ਜਾਵਣ
ਨਾਂਗੇ ਸੱਚ ਸਮਾਣਾ
ਕਹੁ ਆਦਮ, ਕਹੁ ਜਣਨੀ ਨਾਂਗੇ
ਕੀ ਖੋਹਣਾ ? ਕੀ ਪਾਣਾ ?

-ਵਕਫ਼ਾ-



Final dummy

**ਓ-1**

ਘਰ ਬੈਂਕ ਨੇ ਜ਼ਬਤ ਕਰ ਲਿਆ ਹੈ

**ਓ-2**

ਹੂੰ !

**ਓ-1**

ਕਾਰ ਫ਼ਾਈਨੈਂਸ ਕੰਪਨੀ ਵਾਲੇ ਲੈ ਗਏ ਹਨ

**ਓ-2**

ਹੂੰ !

**ਓ-1**

ਸਾਮਾਨ ਨੀਲਾਮ ਹੋਵੇਗਾ

**ਓ-2**

ਹੂੰ !

**ਓ-1**

ਹੁਣ ਕੀ ਕਰੇਂਗਾ ?

**ਓ-2**

ਹਾਂ, ਹੁਣ ਕੀ ਕਰਾਂਗਾ ?

**ਓ-1**

ਤੇਰੀ ਕੋਈ ਔਲਾਦ ਨਹੀਂ, ਜੋ ...

**ਓ-2**

ਮੇਰੀ ਕੋਈ ਔਲਾਦ ਨਹੀਂ, ਜੋ ...

**ਓ-1**

ਔਲਾਦ ਬਿਨਾਂ ਕੀ ਕਰੇਂਗਾ ?



Final dummy

**ੳ–2**

ਜੋ ਔਲਾਦ ਵਾਲੇ ਕਰਦੇ ਹਨ

–ਵਕਫ਼ਾ–

ਪਹਿਲਾਂ ਔਲਾਦ ਬਣਦੇ,
ਫੇਰ ਮਰਦੇ ਹਨ

–ਵਕਫ਼ਾ–

ਔਲਾਦ ਦੀ ਅਗਾਂਹ ਔਲਾਦ ਹੁੰਦੀ ਹੈ
ਸਿਫ਼ਰ ਦਰ ਸਿਫ਼ਰ ਇਹ ਪਿਤਰੀ ਸੰਗਲੀ
ਤੁਰੀ ਰਹਿੰਦੀ ਹੈ
ਮੈਂ ਰੋਕ ਲਈ ਹੈ।

**ੳ–1**

ਇਸੇ ਲਈ ਤੂੰ ਕੇਵਲ ਸਿਫ਼ਰ ਹੈਂ
ਸਿਫ਼ਰ, ਜਿਸ ਦਾ ਆਪਣਾ ਕੋਈ ਮੁੱਲ ਨਹੀਂ ਹੁੰਦਾ
ਉਹ ਸਿਰਫ਼, ਸਿਫ਼ਰ ਹੁੰਦਾ ਹੈ !

**ੳ–2**

ਕੀ ਕਿਹਾ ?

**ੳ–1**

ਉਹ ਸਿਰਫ਼, ਸਿਫ਼ਰ ਹੁੰਦਾ ਹੈ

**ੳ–2**

ਹਾਂ, ਉਹ ਸਿਰਫ਼, ਸਿਫ਼ਰ ਹੁੰਦਾ ਹੈ

**ੳ–1**

ਤੂੰ ਸਿਰਫ਼, ਸਿਫ਼ਰ ਹੈਂ



**ੳ–2**

ਹਾਂ, ਤੂੰ ਸਿਰਫ਼, ਸਿਫ਼ਰ ਹੈਂ
(ਹੱਸਦਾ ਹੈ)

–ਵਕਫ਼ਾ–

**ੳ–1**

ਜਿਸ ਔਰਤ ਨੂੰ ਤੂੰ ਪਿਆਰ ਕੀਤਾ
ਉਹ ਵੀ ਤੇਰੇ ਕੋਲ ਨਾ ਰਹੀ

**ੳ–2**

ਹਾਂ, ਉਹ ਵੀ ਮੇਰੇ ਕੋਲ ਨਾ ਰਹੀ

(ਰੁਕ ਕੇ)

ਇਕ ਦਿਨ ਇਹ ਜ਼ਿੰਦਗੀ ਵੀ ਨਹੀਂ ਰਹਿਣੀ

**ੳ–1**

ਤੇਰੇ ਕੋਲ ਉਹ ਕਿਵੇਂ ਰਹਿੰਦੀ ?
ਕੀ ਕਰਦੀ ?
ਖਾਲੀ ਆਦਰਸ਼, ਫੋਕੇ ਦਾਈਏ

–ਵਕਫ਼ਾ–

ਸਿਫ਼ਰਾ ਭੋਜਨ ਨਹੀਂ ਬਣਦਾ
ਸਿਫ਼ਰਾ ਛੱਤ ਨਹੀਂ ਤਣਦਾ
ਸਿਫ਼ਰਾ ਕਪੜੇ ਨਹੀਂ ਜਣਦਾ

**ੳ–2**

ਸਿਫ਼ਰਾ ਹੀ ਸਿਫ਼ਰੇ ਦਾ ਹੈ

ਸਿਫ਼ਰੇ ਦਾ ...
ਹੋਰ ਕੋਈ ਨਹੀਂ ਬਣਦਾ

ਇਸ ਸਮੇਂ ਪਿੱਠ-ਭੂਮੀ ਦੇ ਪਰਦੇ ਉੱਤੇ ਸਿਨਮੈਟਿਕ ਤੇ ਜਾਂ ਵੀਡੀਓ ਟੀ.ਵੀ. ਤਕਨੀਕ ਦੁਆਰਾ ਅਨੇਕਾਂ ਸਿਫ਼ਰੇ ਉੱਭਰਦੇ ਹਨ। ਮਾਨਵੀਕਰਤ ਹੋਇਆ ਸਿਫ਼ਰਿਆਂ ਦਾ ਇਕ ਹਜੂਮ ਤੁਰ ਰਿਹਾ ਜਾਪਦਾ ਹੈ। ਆਰ, ਪਾਰ, ਵਿਚਕਾਰ ਸਿਫ਼ਰੇ ਹਨ। ਕਦੇ ਕਦੇ ਸਿਫ਼ਰੇ ਕਾਰਟੂਨਾਂ ਦਾ ਰੂਪ ਧਾਰਨ ਕਰਦੇ ਹਨ। ਅੱਖਾਂ ਮਟਕਾਉਂਦੇ ਹਨ। 'ੳ' ਵੱਲ ਦੇਖਦੇ ਉਹਨੂੰ ਚਿੜਾਉਂਦੇ ਹਨ। ਸਿਫ਼ਰੇ ਅੰਡਿਆਂ ਵਰਗੇ ਹਨ। ਧਰਤੀ ਵਰਗੇ ਹਨ। ਸੂਰਜ ਵਰਗੇ ਹਨ। ਚੰਦ, ਤਾਰਿਆਂ ਵਰਗੇ ਹਨ। ਸਿਫ਼ਰੇ ਗੋਲ ਮਟੋਲ ਬੱਚੇ ਵਰਗੇ ਹਨ। ਸਿਫ਼ਰੇ ਧਾਰਮਕ ਅਦਾਰਿਆਂ ਮੰਦਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ ਦੇ ਗੁੰਬਦਾਂ ਵਰਗੇ ਹਨ। ਤਾਜ ਮਹੱਲ ਵਰਗੇ ਹਨ। ਵੇਸ-ਭੂਸ਼ਾ ਕੰਪਿਊਟਰੀ ਯੁਗਤਾਂ ਤੇ ਸਿਨਮੈਟਿਕ ਤਕਨੀਕ ਦੁਆਰਾ ਇਹ ਪ੍ਰਭਾਵ ਕਾਇਮ ਕੀਤਾ ਜਾ ਸਕਦਾ ਹੈ।

ਪ੍ਰਤੀਕਾਤਮਕ ਢੰਗ ਨਾਲ ਮਾਨਵੀਕਰਤ ਹੋਏ ਅਜਿਹੇ ਸਿਫ਼ਰੇ ਨ੍ਹਾਂ ਨ੍ਹਾਂ ਰੂਪਾਂ ਵਿਚ ਮੰਚ ਉੱਤੇ ਪਰਵੇਸ਼ ਕਰਦੇ ਹਨ। ਹਰ ਤਰਫ਼ ਫੈਲ ਜਾਂਦੇ ਹਨ। ਇਕ ਸਿਰਿਓਂ ਦਾਖ਼ਲ ਹੋ, ਮੰਚ ਦਾ ਪੂਰਾ ਚੱਕਰ ਕੱਢ ਕੇ, ਦੂਸਰੇ ਸਿਰਿਓਂ ਬਾਹਰ ਨਿਕਲ ਜਾਂਦੇ ਹਨ। ਮੰਚ ਉੱਤੇ ਮੁੜ ਪਰਵੇਸ਼ ਕਰਦੇ ਹਨ। ਸਿਫ਼ਰੇ ਪੂਲ ਟੇਬਲ ਅਤੇ ਉਸ ਕੋਲ ਖੜੋਤੇ 'ੳ' ਦੁਆਲੇ ਚੱਕਰ ਕੱਢਦੇ ਹਨ। ਪੂਰੇ ਮੰਚ ਨੂੰ ਸਿਫ਼ਰਿਆਂ ਤੋਂ ਬਣੇ ਵੱਡੇ ਸਿਫ਼ਰੇ ਦੀ ਵਲਗਣ ਵਿਚ ਲੈ ਲੈਂਦੇ ਹਨ।

'ੳ' ਇਹ ਸਭ ਕੁਝ ਵੇਖਦਾ ਹੈ। ਸਮੇਂ ਸਮੇਂ ਉਸਦੇ ਚਿਹਰੇ ਉੱਤੇ ਡੂੰਘੀ ਸੋਚ, ਹਲਕੀ ਮੁਸਕਾਨ, ਤਨਜ਼, ਗੰਭੀਰ ਚੁੱਪ ਤੇ ਬੇਬਸੀ ਦੇ ਪ੍ਰਤੀਕਰਮ ਉੱਭਰਦੇ ਹਨ, ਉਸ ਦੇ ਅਭਿਨਯ 'ਚੋਂ ਪ੍ਰਗਟ ਹੁੰਦੇ ਹਨ। ਇਨ੍ਹਾਂ ਸਿਫ਼ਰਿਆਂ ਵਿਚ ਹੀ ਕਿਤੇ ਉਸਦੀ ਮਹਿਬੂਬ ਔਰਤ ਵਰਗਾ ਇਕ ਸਿਫ਼ਰਾ ਹੈ। ਇਕ ਸਿਫ਼ਰਾ ਉਸ ਦੇ ਆਪਣੇ ਆਪ ਵਰਗਾ ਹੈ।

ਪਿਛੋਕੜ 'ਚੋਂ ਬੱਦਲ ਗੱਜਣ ਦੇ ਧੁਨੀ ਪ੍ਰਭਾਵ ਉੱਭਰਦੇ ਹਨ। ਬਿਜਲੀ ਕੜਕਦੀ, ਲਿਸ਼ਕਦੀ ਹੈ। ਮੰਚ ਉੱਤੇ ਕਦੇ ਸੂਰਜ ਦੇ ਚਾਨਣ ਵਰਗਾ ਪ੍ਰਕਾਸ਼ ਫੈਲਦਾ ਹੈ ਤੇ ਕਦੇ ਡੂੰਘਾ ਅਨ੍ਹੇਰਾ ਹੋ ਜਾਂਦਾ ਹੈ। ਕਦੇ ਛਾਵਾਂ ਤੇ ਪਰਛਾਵੇਂ ਜਿਹੇ ਰੀਂਗ ਰਹੇ ਪ੍ਰਤੀਤ ਹੁੰਦੇ ਹਨ। ਕਦੇ ਚਾਨਣ ਮੱਧਮ ਹੋ ਜਾਂਦਾ ਹੈ। ਜਗੂੰ ਬੁਝੂੰ ਕਰਦਾ ਹੈ। ਵਿਚ ਵਿਚ ਸੰਗੀਤ ਦੀਆਂ ਵਿਸੰਗਤ ਤੇ ਉਦਾਸ ਧੁਨਾਂ ਉੱਭਰਦੀਆਂ ਹਨ। 'ੳ' ਦੇ ਅੰਦਰ ਛਿੜੀ ਜੰਗ ਪ੍ਰਤੀਕਾਤਮਕ ਢੰਗ ਨਾਲ, ਸਿਨਮੈਟਿਕ ਤਕਨੀਕ ਦੁਆਰਾ ਸਾਕਾਰ ਹੁੰਦੀ ਹੈ। ਰੰਗਾ ਰੰਗ ਸਿਫ਼ਰਿਆਂ ਦੀ ਗਤੀ-ਵਿਧੀ, ਚਾਨਣ, ਪ੍ਰਕਾਸ਼ ਵਿਉਂਤਾਂ ਦੁਆਰਾ ਸਾਕਾਰ ਹੁੰਦੀ ਹੈ।

ਸਪਾਟ ਲਾਈਟ 'ੳ' ਉੱਤੇ ਕੇਂਦਰਤ ਹੁੰਦੀ ਹੈ। ਬਾਕੀ ਮੰਚ ਅਨ੍ਹੇਰੇ ਵਿਚ ਹੈ। 'ੳ' ਡੂੰਘੀ ਸੋਚ ਵਿਚ ਹੈ। ਜਿਵੇਂ ਜਿਵੇਂ ਸਪਾਟ ਲਾਈਟ ਦਾ ਚਾਨਣ ਵਧਦਾ ਜਾਂਦਾ ਹੈ, ਤਿਵੇਂ ਤਿਵੇਂ 'ੳ' ਡੋਡੀ ਵਿੱਚੋਂ ਫੁੱਲ ਵਾਂਗੂੰ ਖੁੱਲ੍ਹਦਾ ਜਾਂਦਾ ਹੈ। ਉਸਦੇ



Final dummy

ਚਿਹਰੇ ਉੱਤੇ ਨਵੇਂ ਬੋਧ ਦਾ ਜਲਾਲ ਹੈ। 'ੳ' ਏਧਰ ਓਧਰ ਘੁੰਮਦਾ ਸਿਫ਼ਰਿਆਂ ਨੂੰ ਸਪਰਸ਼ਦਾ ਹੈ। ਬੱਦਲਾਂ ਦੀ ਗੜ ਗੜ ਸੁਣਦਾ, ਗੁਜ਼ਰ ਰਹੇ ਕਾਫ਼ਲਿਆਂ ਨੂੰ ਵੇਖਦਾ ਅਤੇ ਹੇਠ ਲਿਖੇ ਕਾਵਿ-ਬੋਲਾਂ ਨੂੰ ਖੁੱਲ੍ਹੇ ਗੀਤ ਦੇ ਰੂਪ ਵਿਚ ਆਪਣੇ ਐਕਸ਼ਨ ਤੇ ਅਭਿਨਯ ਨਾਲ ਸਾਕਾਰ ਕਰਦਾ ਹੈ। ਇਸ ਨੂੰ ਜਿਊਂਦਾ ਹੈ। ਇਸ 'ਚੋਂ ਪਨਪਦਾ ਹੈ। ਇਸ ਵਿਚ ਵਿਗਸਦਾ ਹੈ।

ਕਾਵਿ-ਬੋਲਾਂ ਦੇ ਖੁੱਲ੍ਹੇ-ਗੀਤ-ਸਰੂਪ ਦੇ ਵਿਚ ਵਿਚ ਵਕਫ਼ੇ ਹਨ। ਪ੍ਰਤੀ-ਧੁਨੀਆਂ ਹਨ। ਦੁਹਰਾਓ ਹੈ। ਤਰੱਨਮੀਂ ਅਦਾਇਗੀ ਹੈ। ਚਾਨਣ ਪ੍ਰਕਾਸ਼ ਵਿਉਂਤਾਂ ਤੇ ਧੁਨੀ-ਪ੍ਰਭਾਵ ਗੀਤ ਨੂੰ ਅੱਗੇ ਤੋਰਦੇ ਹਨ। 'ੳ' ਨੂੰ ਉਸਦੇ ਅੰਦਰੋਂ ਬਾਹਰ ਕੱਢਦੇ ਹਨ।

ਮੰਚ 'ਤੇ ਹਾਜ਼ਰ ਮਾਨਵੀਕਰਤ ਸਿਫ਼ਰੇ ਵੀ ਏਸ ਖੁੱਲ੍ਹੇ ਐਕਸ਼ਨ ਗੀਤ ਦਾ ਅੰਗ ਬਣਦੇ, ਅਭਿਨਯ ਕਰਦੇ ਹਨ। ਵਿਚ ਵਿਚ ਏਸ ਖੁੱਲ੍ਹੇ ਗੀਤ ਦੇ ਬੋਲ ਕਦੇ ਦੋ-ਦੋ ਤਿੰਨ ਤਿੰਨ ਦੀਆਂ ਟੋਲੀਆਂ ਵਿਚ ਤੇ ਕਦੇ 'ੳ' ਦੇ ਨਾਲ ਰਲ ਕੇ ਸਹਿ-ਗਾਨ ਦੇ ਰੂਪ ਵਿਚ ਪ੍ਰਸਤੁਤ ਕਰਦੇ ਹਨ।

ਅੱਖਾਂ ਵਿੱਚੋਂ ਗੁਜ਼ਰ ਰਹੇ ਹਨ ਕਾਫ਼ਲੇ,
ਥਲ ਪੁਰ ਘਿਰੇ ਖੁਸ਼ਕ ਬੱਦਲਾਂ
ਵਿਚ ਫਟੇ ਹਨ ਫ਼ਾਸਲੇ।

ਲੀਰਾਂ ਲੀਰਾਂ ਛਾਂ ਦੀ ਵਿਥਿਆ—
ਕਿਣਕਾ, ਕਿਣਕਾ ਸੂਰਜ :
ਉੱਪਰ ਹੇਠਾਂ ਭੱਠ ਮੱਚਦਾ ਹੈ,
ਵਿਚ ਵਿਚਕਾਰੇ ਮਨ;
ਜੀਵਨ, ਮੌਤ ਦੀ ਜੰਗ 'ਚ ਵੰਡਿਆ,
ਝੁਲਸ ਰਿਹਾ ਛਿਣ ਛਿਣ !

ਏਧਰ ਆਪ,
ਅਨਾਪ ਓਧਰ ਹੈ,
ਵਿਚ ਵਿਚਕਾਰੇ ਸਿਫ਼ਰਾ !!!

ਸਿਫ਼ਰਿਆਂ ਵਿੱਚੋਂ,
ਸਿਫ਼ਰੇ ਨਿਕਲੀ ਆਉਣ—
ਸਪਾਇਰਲ ਜਿਹਾ ਅਨੰਤ ਸਿਲਸਿਲਾ,



Final dummy

ਸਿਫ਼ਰਾ ਕੱਲ੍ਹ, ਭਲਕ, ਹੁਣ ਸਿਫ਼ਰਾ !!!
ਸਿਫ਼ਰਾ ਸਫ਼ਰ, ਦਿਸ਼ਾ ਹੈ ਸਿਫ਼ਰਾ
ਸਿਫ਼ਰਾ ਆਦਿ, ਅੰਤ, ਮੱਧ ਸਿਫ਼ਰਾ।

ਅੰਡਜ ਸਿਫ਼ਰਾ, ਜੇਰਜ ਸਿਫ਼ਰਾ,
ਸੇਤਜ ਸਿਫ਼ਰਾ, ਉਤਭੁਜ ਸਿਫ਼ਰਾ

ਸਿਫ਼ਰਿਓਂ ਸ਼ੁਰੂ ਸਿਫ਼ਰ ਦੀ ਵਿਥਿਆ,
ਸਿਫ਼ਰੇ ਵਿਚ ਹੀ ਅੰਤ !
ਸਿਫ਼ਰਿਓਂ ਬਾਹਰ ਭਰਮ ਹੈ ਕੇਵਲ,
ਸਿਫ਼ਰ-ਸੱਚ ਵਿਚ ਵਸਦੇ ਜੰਤ।

ਸਿਫ਼ਰਾ ਜਣਨੀ,
ਸਿਫ਼ਰਾ ਕੰਤ !!!

ਸਿਫ਼ਰਾ ਚਿੰਤਨ, ਬੋਧ, ਬੁੱਧ ਸਿਫ਼ਰਾ !

ਸਿਫ਼ਰਿਓਂ ਸਾਗਰ,
ਸਿਫ਼ਰਿਓਂ ਬੂੰਦ।

ਸਿਫ਼ਰੇ ਵਿਚ ਸਿਫ਼ਰੇ ਦੀ ਬਾਣੀ,
ਸਿਫ਼ਰਾ ਗੁੰਬਦ,
ਸਿਫ਼ਰਾ ਗੂੰਜ !

ਸਿਫ਼ਰਾ ਹੈ ਪ੍ਰਭੁਸੱਤਾ,

ਸ਼ਕਤੀ ਸਿਫ਼ਰਾ !

ਸਿਫ਼ਰਾ ਆਸ ਵਿਕਾਸ !
ਸਿਫ਼ਰੇ ਦੇ ਭੈ ਵਿਚ ਹੈ ਜੀਵਨ,
ਸਿਫ਼ਰਾ ਅਪਰੰਪਾਰ।



ਹੁਕਮੈਂ ਅੰਦਰ ਸਭ ਸਿਫ਼ਰੇ ਦੇ,
ਬਾਹਰ ਹੁਕਮ ਨਾ ਕੋਇ।
ਹਰ ਕੋਈ ਜਿੱਥੇ ਮਰ ਮੁਕ ਜਾਂਦਾ,
ਉੱਥੋਂ ਸ਼ੁਰੂ ਸਿਫ਼ਰ ਦਾ ਹੋਇ !!!

ਅੱਖਾਂ ਵਿੱਚੋਂ ਗੁਜ਼ਰ ਰਹੇ ਹਨ ਕਾਫ਼ਲੇ :
ਸਿਫ਼ਰਿਆਂ ਵਿੱਚੋਂ ਸਿਫ਼ਰੇ ਨਿਕਲੀ ਆਉਣ !

ਸਿਫ਼ਰਿਆਂ ਅੰਦਰ ਸਗਲ ਦਿਸ਼ਾਵਾਂ,
ਸਿਫ਼ਰੀਂ ਸਿਮਟੇ ਫ਼ਾਸਲੇ !

*ਪਿਛੋਕੜ 'ਚੋਂ ਉਪਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।*

**(ਫ਼ੇਡ ਆਊਟ)**

ਸਪਾਟ ਲਾਈਟ ਪਿੱਠ-ਭੂਮੀ ਦੇ ਪਰਦੇ ਉੱਤੇ ਸਿਫ਼ਰਿਆਂ ਵਿਚ ਘਿਰੀ ਔਰਤ ਦੀ ਛਾਇਆ ਦਾ ਜਾਇਜ਼ਾ ਲੈਂਦੀ ਹੈ। ਸਪਾਟ ਲਾਈਟ ਮੰਚ ਉੱਤੇ ਅੱਧੇ ਦਾਇਰੇ ਦੀ ਸ਼ਕਲ ਵਿਚ ਫ਼ਰੀਜ਼ ਹੋਏ ਸਿਫ਼ਰਿਆਂ ਦਾ ਜਾਇਜ਼ਾ ਲੈਂਦੀ ਹੈ। ਸਪਾਟ ਲਾਈਟ ਆਕੜ ਭੰਨ ਰਹੇ 'ੳ' ਨੂੰ ਦਰਸ਼ਕਾਂ ਦੇ ਦ੍ਰਿਸ਼ਟੀ-ਗੋਚਰ ਕਰਦੀ ਹੈ।

ਇਸ ਸਮੇਂ ਮੰਚ ਉੱਤੇ, ਪਿਛੋਕੜ 'ਚੋਂ ਹਲਕੇ ਸੰਗੀਤ ਨਾਲ, ਚਾਨਣ ਫੈਲਣ ਲੱਗ ਪੈਂਦਾ ਹੈ। 'ੳ' ਸਿਫ਼ਰਿਆਂ ਵੱਲ ਵੇਖਦਾ ਹੈ। ਪਿੱਠ-ਭੂਮੀ ਦੇ ਪਰਦੇ ਉੱਤੇ ਸਿਫ਼ਰਿਆਂ ਵਿਚ ਫ਼ਰੀਜ਼ ਹੋਈ ਔਰਤ ਵੱਲ ਵੇਖਦਾ ਹੈ। ਡੂੰਘੀ ਸੋਚ ਵਿਚ ਡੁੱਬ ਜਾਂਦਾ ਹੈ।

ਇਕ ਇਕ ਕਰਕੇ ਪੂਲ ਟੇਬਲ ਤੋਂ ਬਾਲ ਚੁੱਕਦਾ ਉਨ੍ਹਾਂ ਨੂੰ ਨਿਹਾਰਦਾ, ਫੇਰ ਰੱਖਦਾ ਹੈ। ਉਸਦੇ ਮਸਤਕ 'ਤੇ ਡੂੰਘੀ ਸੋਚ ਦੀਆਂ ਰੇਖਾਵਾਂ ਹਨ। ਏਧਰੋਂ ਓਧਰ ਟਹਿਲਦਾ ਸਿਫ਼ਰਿਆਂ ਨੂੰ ਸਪਰਸ਼ਦਾ ਹੈ। ਏਸ ਕਾਰਜ ਦੇ ਨਾਲ ਨਾਲ ਪਿਛੋਕੜ 'ਚੋਂ ਹੇਠ ਲਿਖੀਆਂ ਪ੍ਰਤੀਧੁਨੀਆਂ ਉੱਭਰਦੀਆਂ ਰਹਿੰਦੀਆਂ ਹਨ।

ਵਿਥਿਆ ਸਫ਼ਰ, ਨਿਸਫ਼ਰੇ ਦੀ
ਸਿਫ਼ਰ-ਸੱਚ ਵਿਚ ਸਿਮਟ ਗਈ

-ਵਕਫ਼ਾ-

ਸਿਫ਼ਰ-ਸੱਚ 'ਤੇ ਨਜ਼ਰ ਟਿਕੀ
'ਨ੍ਹੇਰੇ, ਰਾਤਾਂ ਵੇਖ ਰਹੀ !

*ਉਪਰੋਕਤ ਸਾਰੇ ਕਾਰਜ ਨੂੰ ਲੰਮਿਆਉਣ, ਦੁਹਰਾਉਣ ਲਈ ਉਪ੍ਰੋਕਤ ਪ੍ਰਤੀਧੁਨੀਆਂ ਦੁਹਰਾਈਆਂ ਜਾ ਸਕਦੀਆਂ ਹਨ।*

'ੳ' ਪੂਲ ਟੇਬਲ ਦਾ ਪੂਰਾ ਚੱਕਰ ਕੱਢਦਾ ਹੈ। ਪੂਲ ਟੇਬਲ ਦੇ ਬਾਲਾਂ ਨੂੰ ਇਕ ਇਕ ਕਰਕੇ ਸਿਫ਼ਰਿਆਂ ਨਾਲ ਤੁਲਨਾਉਂਦਾ ਹੈ। ਏਸ ਸਾਰੇ ਕਾਰਜ ਦੇ ਨਾਲ, ਨਾਲ ਇਕ ਵਾਰੀ ਫੇਰ ਹੇਠ ਲਿਖੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।



ਵਿਥਿਆ ਸਫ਼ਰ, ਨਿਸਫ਼ਰੇ ਦੀ
ਸਿਫ਼ਰ-ਸੱਚ ਵਿਚ ਸਿਮਟ ਗਈ

ਸਿਫ਼ਰ-ਸੱਚ 'ਤੇ ਨਜ਼ਰ ਟਿਕੀ
'ਨ੍ਹੇਰੇ, ਰਾਤਾਂ ਵੇਖ ਰਹੀ !

ਇਸ ਸਮੇਂ ਪਿੱਠ-ਭੂਮੀ ਦੇ ਪਰਦੇ ਉੱਤੇ ਜਲ ਰਹੀ ਮੋਮਬੱਤੀ ਦਾ ਬਿੰਬ ਉੱਭਰਦਾ ਹੈ। ਮੰਚ ਉੱਤੇ ਸਿਫ਼ਰੇ ਫ਼ਰੀਜ਼ ਹੋਏ ਖੜੇ ਹਨ। 'ੳ' ਦੇ ਅੰਦਰ ਕੁਝ ਜਗ, ਜਨਮ, ਵਿਗਸ ਰਿਹਾ ਉਸ ਦੇ ਅਭਿਨਯ 'ਚੋਂ ਪ੍ਰਗਟ ਹੁੰਦਾ ਹੈ।

ਹੇਠ ਲਿਖੇ ਵਾਰਤਾਲਾਪ ਨੂੰ 'ੳ' ਜਿਉਂਦਾ, ਜਿਉਂ ਕੇ ਬੋਲਦਾ 'ਤੇ ਅਨੁਕੂਲ ਅਭਿਨਯ ਕਰਦਾ ਹੈ।

**ੳ**

'ਨ੍ਹੇਰ ... ... ... ...
'ਨ੍ਹੇਰ ਅਵਸਥਾ... ...

*(ਪਿਛੋਕੜ 'ਚੋਂ ਪ੍ਰਤੀਧੁਨੀ)*

... ... ... ਹੈ ਮਨ ਦੀ

-ਵਕਫ਼ਾ-

**ੳ**

'ਨ੍ਹੇਰ ਅਵਸਥਾ ਹੈ ... ...

*(ਪਿਛੋਕੜ 'ਚੋਂ ਪ੍ਰਤੀਧੁਨੀ)*

ਮਨ ਦੀ।

**ੳ**

'ਨ੍ਹੇਰ ਅਵਸਥਾ ਹੈ ਮਨ ਦੀ

*ਸਿਫ਼ਰਿਆਂ ਵੱਲ, ਦਰਸ਼ਕਾਂ ਵੱਲ ਤੇ ਪਿੱਠ-ਭੂਮੀ ਦੇ ਪਰਦੇ ਉੱਤੇ ਜਲ ਰਹੀ ਮੋਮਬੱਤੀ ਵੱਲ ਵੇਖਦਾ ਹੋਇਆ 'ੳ' ਆਪਣਾ ਸੰਬਾਦ ਜਾਰੀ ਰਖਦਾ ਹੈ।*

ਸੀਖੋ ਬੱਤੀ

–ਵਕਫ਼ਾ–

ਕਰੋ ਉੱਚੀ

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ*

'ਨ੍ਹੇਰੇ ਅਵਸਥਾ ਹੈ ਮਨ ਦੀ !
ਸੀਖੋ ਬੱਤੀ ਕਰੋ ਉੱਚੀ !!
... ... ... ...

–ਵਕਫ਼ਾ–

**ੳ**

'ਨ੍ਹੇਰ ਅਵਸਥਾ ਹੈ ਮਨ ਦੀ
ਸੀਖੋ ਬੱਤੀ ਕਰੋ ਉੱਚੀ

ਸੂਰਜ, 'ਨ੍ਹੇਰਾ ਨਾਲੋ ਨਾਲ
ਇਕ ਦੂਜੇ ਦੇ ਸਦਾ ਭਿਆਲ

–ਵਕਫ਼ਾ–

'ਨ੍ਹੇਰ 'ਚ ਤਾਰੇ ਚਮਕ ਰਹੇ
ਰੌਸ਼ਨੀਆਂ ਦੇ ਪੂਰ ਜੁੜੇ

ਦਿਨ ਦੀਵੀਂ ਕੋਈ 'ਨ੍ਹੇਰੀ ਗ਼ਾਰ
ਮੱਤ ਫਿਰੀ, ਮਚਿਆ ਅੰਧਕਾਰ

*ਪਿਛੋਕੜ 'ਚੋਂ ਪ੍ਰਤੀਧੁਨੀਆਂ ਉੱਭਰਦੀਆਂ ਹਨ*

ਦਿਨ ਦੀਵੀਂ ਕੋਈ 'ਨ੍ਹੇਰੀ ਗ਼ਾਰ
ਮੱਤ ਫਿਰੀ, ਮਚਿਆ ਅੰਧਕਾਰ !
... ... ... ...

*'ੳ' ਸਿਫ਼ਰਿਆਂ ਵੱਲ ਵੇਖਦਾ ਹੋਇਆ, ਮੋਮਬੱਤੀ ਨੂੰ ਨਿਹਾਰਦਾ, ਦਰਸ਼ਕਾਂ ਨੂੰ ਸੰਬੋਧਨ ਹੁੰਦਾ ਹੈ।*



**ੳ**

ਸਫ਼ਰ, ਸਿਫ਼ਰ ਵੀ ਨਾਲੋ ਨਾਲ
ਇਕ ਪਾਵੇ, ਇਕ ਮੇਟੇ ਪੈੜ

–ਵਕਫ਼ਾ–

ਸਫ਼ਰ, ਸਿਫ਼ਰ ਵੀ ਨਾਲੋ ਨਾਲ
ਇਕ ਪਾਵੇ ਇਕ ਮੇਟੇ ਪੈੜ !

ਇਸ ਸਮੇਂ 'ੳ' ਫ਼ਰੀਜ਼ ਹੋ ਜਾਂਦਾ ਤੇ ਸਿਫ਼ਰੇ ਹਰਕਤ ਵਿਚ ਆਉਂਦੇ ਹਨ। ਸਿਫ਼ਰਿਆਂ ਦੇ ਐਕਸ਼ਨ ਦੇ ਨਾਲ ਹੇਠ ਲਿਖੇ ਬੋਲ ਪਿਛੋਕੜ 'ਚੋਂ ਉੱਭਰਦੇ ਹਨ। ਇਹ ਬੋਲ ਸਿਫ਼ਰਿਆਂ ਦੇ ਪੂਲ ਟੇਬਲ ਦਾ ਚੱਕਰ ਸ਼ੁਰੂ ਕਰਨ ਨਾਲ ਆਰੰਭ ਹੁੰਦੇ, ਤੇ ਚੱਕਰ ਸਮਾਪਤ ਹੋਣ ਉਪ੍ਰੰਤ ਖ਼ਤਮ ਹੋ ਜਾਂਦੇ ਹਨ। ਨਾਲ ਹੀ ਸਿਫ਼ਰੇ ਫ਼ਰੀਜ਼ ਹੋ ਜਾਂਦੇ ਹਨ, ਅੱਧੇ ਦਾਇਰੇ ਦੀ ਸ਼ਕਲ ਵਿਚ। ਵਕਫ਼ਾ ਦੇ ਕੇ ਉਪ੍ਰੋਕਤ ਕਾਰਜ ਦੁਹਰਾਇਆ ਵੀ ਜਾ ਸਕਦਾ ਹੈ।

ਵਿਥਿਆ ਸਫ਼ਰ, ਨਿਸਫ਼ਰੇ ਦੀ
ਸਿਫ਼ਰ–ਸੱਚ ਵਿਚ ਸਿਮਟ ਗਈ !

ਸਿਫ਼ਰ–ਸੱਚ 'ਤੇ ਨਜ਼ਰ ਟਿਕੀ
'ਨ੍ਹੇਰੇ, ਰਾਤਾਂ ਵੇਖ ਰਹੀ !

–ਵਕਫ਼ਾ–

**ੳ**

'ਨ੍ਹੇਰ ਅਵਸਥਾ ਹੈ ਮਨ ਦੀ ...

ਸਹਿਜ–ਭਾ ਉਪ੍ਰੋਕਤ ਕਾਵਿ–ਬੋਲ, ਬੋਲ ਕੇ 'ੳ' ਹਰਕਤ ਵਿਚ ਆਉਂਦਾ ਹੈ। ਪਿੱਠ–ਭੂਮੀਂ ਦੇ ਪਰਦੇ ਦੀ ਮੋਮਬੱਤੀ ਵੱਲ ਵੇਖਦਾ ਹੈ। ਪਲਕ ਝਪਕ ਲਈ (ਉਸ ਦੇ ਅੰਦਰੋਂ ਫੁੱਟ ਰਹੀ ਚਾਨਣ ਦੀ ਆਬਸ਼ਾਰ ਨਾਲ) ਮੰਚ ਚਾਨਣ ਨਾਲ ਜਗ, ਜਗ ਮਗ ਹੋ ਜਾਂਦਾ ਹੈ। 'ੳ' ਪੈਗ਼ੰਬਰੀ ਆਵੇਸ਼ ਵਿਚ ਆਪਣੇ ਆਪ ਅਤੇ ਸਭ ਨੂੰ ਸੰਬੋਧਨ ਕਰਦਾ ਹੋਇਆ ਬੋਲਦਾ ਹੈ।

'ਨ੍ਹੇਰ ਅਵਸਥਾ ਹੈ ਮਨ ਦੀ,
ਫਿਰ ਵੀ ਬੱਤੀ ਜਗੇ ਪਈ !!!

ਇਸ ਸਮੇਂ ਇਕ ਇਕ ਕਰਕੇ ਸਭ ਸਿਫ਼ਰੇ, ਹੈਰਾਨੀ ਦਾ ਅਭਿਨਯ ਕਰਦੇ ਹੋਏ, ਮੋਮਬਤੀ ਵੱਲ ਵੇਖ ਕੇ, ਪ੍ਰਸ਼ਨ-ਵਾਚਕ ਢੰਗ ਨਾਲ ਹੇਠ ਲਿਖਿਆ ਸੰਬਾਦ ਬੋਲਦੇ ਅਤੇ ਇਕ ਵੱਡੇ ਦਾਇਰੇ ਵਿਚ 'ਓ' ਦੇ ਦੁਆਲੇ ਇਕੱਤਰ ਹੋਈ ਜਾਂਦੇ ਹਨ।

**ਸਿਫ਼ਰਾ-1**

ਫਿਰ ਵੀ ਬੱਤੀ ਜਗੇ ਪਈ !

**ਸਿਫ਼ਰਾ-2**

ਫਿਰ ਵੀ ਬੱਤੀ ਜਗੇ ਪਈ !!

**ਸਿਫ਼ਰਾ-3**

ਫਿਰ ਵੀ ਬੱਤੀ ਜਗੇ ਪਈ !!!

**ਸਿਫ਼ਰਾ-4**

ਫਿਰ ਵੀ ਬੱਤੀ ਜਗੇ ਪਈ !!!!

**ਸਾਰੇ ਸਿਫ਼ਰੇ ਵਾਰੋ ਵਾਰੀ**

ਫਿਰ ਵੀ ਬੱਤੀ ਜਗੇ ਪਈ !!!!!

**ਸਭ ਸਿਫ਼ਰੇ ਇਕੱਠੇ**

ਫਿਰ ਵੀ ਬੱਤੀ ਜਗੇ ਪਈ !!!!

*ਪਿਛੋਕੜ 'ਚੋਂ ਉਪਰੋਕਤ ਬੋਲਾਂ ਦੀਆਂ ਪ੍ਰਤੀਧੁਨੀਆਂ ਹੋਰ ਉੱਚੀਆਂ ... ਹੋਰ ਉੱਚੀਆਂ ਹੋਈ ਜਾਂਦੀਆਂ ਹਨ।*

**-ਫ਼ੇਡ ਆਊਟ-**



Final dummy

# 'ਸਿਫਰ ਨਾਟਕ' ਦੀ ਅੰਤਿਕਾ





Final dummy

## ਸਿਫ਼ਰ ਨਾਟਕ : ਪੈਗ਼ੰਬਰੀ ਸੰਭਾਵਨਾਵਾਂ ਦੀ ਸਿਰਜਣਾ

'ਸੂਰਜ ਨਾਟਕ' ਤੋਂ ਬਾਅਦ ਰਵਿੰਦਰ ਰਵੀ ਨੇ ਆਪਣੇ ਨਵੇਂ ਨਾਟਕ 'ਸਿਫ਼ਰ ਨਾਟਕ' ਵਿਚ ਵੱਖਰੀ ਸਥਿਤੀ ਦੀ ਪੇਸ਼ਕਾਰੀ ਕੀਤੀ ਹੈ। 'ਸੂਰਜ ਨਾਟਕ' ਵਿਚ ਉਸ ਨੇ 'ਵਿਕੇਂਦਰਿਤ ਰੂਪ' ਦੀ ਸਿਰਜਣਾ ਕੀਤੀ ਸੀ। ਉਥੇ ਪਾਤਰ ਭਾਵੇਂ ਵਿਚਾਰਾਂ ਵਾਂਗ ਪੇਸ਼ ਹੋਏ ਸਨ, ਉਨ੍ਹਾਂ ਨੂੰ ਕਿਸੇ ਇਕ ਨਿਸ਼ਚਿਤ ਲੜੀ ਵਿਚ ਪਰੋਇਆ ਨਹੀਂ ਸੀ ਜਾ ਸਕਦਾ। ਉਸ ਦਾ ਕਾਰਨ ਸ਼ਾਇਦ ਇਹ ਸੀ ਕਿ ਉਹ ਆਕਾਰ ਵਿਚ ਵੱਡਾ ਸੀ। 'ਸਿਫ਼ਰ ਨਾਟਕ' ਆਕਾਰ ਵਿਚ ਛੋਟਾ ਨਾਟਕ ਹੈ ਅਤੇ ਇਸ ਵਿਚ ਕਾਰਜਸ਼ੀਲ ਪਾਤਰ ਵੀ ਬੜੇ ਘਟ ਹਨ।

ਇਸ ਨਾਟਕ ਦੇ ਸਾਰੇ ਪਾਤਰਾਂ ਨੂੰ ਦੋ ਪਾਤਰਾਂ ਔਰਤ-ਮਰਦ ਦੇ ਰੂਪ ਵਿਚ ਵੀ ਪਛਾਣਿਆ ਜਾ ਸਕਦਾ ਹੈ। ਅਸਲ ਵਿਚ ਸ੍ਰਿਸ਼ਟੀ ਦੀ ਸਾਰੀ ਸਮੱਸਿਆ ਔਰਤ-ਮਰਦ ਦੇ ਸਬੰਧਾਂ ਉਪਰ ਅਧਾਰਿਤ ਹੈ। ਔਰਤ-ਮਰਦ ਦੇ ਮੂਲ ਸੰਬੰਧਾਂ ਵਿਚੋਂ ਹੀ ਅਗੋਂ ਭਿੰਨ ਭਿੰਨ ਸਮਾਜਿਕ ਸਮੱਸਿਆਵਾਂ ਜਨਮ ਲੈਂਦੀਆਂ ਹਨ। ਪਰ ਇਸ ਮੂਲ ਸੰਬੰਧ ਵਿਚੋਂ ਹੀ ਜ਼ਿੰਦਗੀ ਅਤੇ ਕਾਇਨਾਤ ਦੀ ਸਮਝ ਆਉਂਦੀ ਹੈ।

ਇਸ ਨਾਟਕ ਦੇ ਆਰੰਭ ਵਿਚ ਮੰਚ ਉੱਪਰ ਹਨੇਰਾ ਅਤੇ ਇਕ ਪਾਤਰ 'ੳ' ਅਤੇ 'ੳ' ਪਾਤਰ ਦੇ ਪ੍ਰਭਾਵ ਦੇਣ ਲਈ ਸਪਾਟ ਲਾਈਟ ਦੀ ਵਰਤੋਂ ਕੀਤੀ ਗਈ ਹੈ। 'ੳ' ਪਾਤਰ ਭਾਵੇਂ ਇਕੱਲਾ ਹੈ ਪਰ ਉਹ ਇਕ ਐਸੇ ਚੇਤੰਨ ਇਨਸਾਨ ਦੀ ਪ੍ਰਤੀਨਿਧਤਾ ਕਰਦਾ ਹੈ, ਜਿਸ ਨੇ ਜ਼ਿੰਦਗੀ ਦਾ ਕਾਫ਼ੀ ਲੰਬਾ ਸਫ਼ਰ ਤੈਅ ਕੀਤਾ ਹੈ ਅਤੇ ਉਸ ਨੂੰ ਜ਼ਿੰਦਗੀ 'ਚੋਂ ਕੁਝ ਸਿਧਾਂਤਕ ਨੁਕਤੇ ਪ੍ਰਾਪਤ ਹੋਏ ਹਨ। ਇਨ੍ਹਾਂ ਨੁਕਤਿਆਂ ਨੂੰ ਪ੍ਰਤੀਕ ਦੀ ਪੱਧਰ ਉਪਰ ਪੇਸ਼ ਕਰਨ ਲਈ ਲੇਖਕ ਨੇ ਵਾਰਤਕ ਨਾਲੋਂ ਕਵਿਤਾ ਦਾ ਮਾਧਿਅਮ ਚੁਣਿਆ ਹੈ। ਅਸਲ ਵਿਚ ਜ਼ਿੰਦਗੀ ਅਤੇ ਮੌਤ ਦਾ ਜੋ ਸਿਧਾਂਤਕ ਤੇ ਦਾਰਸ਼ਨਿਕ ਮਸਲਾ ਹੈ, ਉਸ ਨੂੰ ਕਵਿਤਾ ਵਿਚ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਹੈ।

ਸਾਰੇ ਨਾਟਕ ਵਿਚ ਨਾਟਕਕਾਰ ਨੇ ਹਨੇਰਾ ਅਤੇ ਰੌਸ਼ਨੀ ਤੋਂ ਸਹਾਇਤਾ ਲਈ ਹੈ। ਇਹ ਆਧੁਨਿਕ ਤਕਨੀਕ ਹੈ, ਜਿਸ ਰਾਹੀਂ ਇਕ ਤਾਂ ਸਟੇਜ ਦੀਆਂ

ਦੁਸ਼ਵਾਰੀਆਂ ਤੋਂ ਬਚਿਆ ਜਾ ਸਕਦਾ ਹੈ, ਦੂਸਰਾ ਨਾਟਕ ਦੇ ਪ੍ਰਭਾਵ ਨੂੰ ਤਿਖੇਰਾ ਕੀਤਾ ਜਾ ਸਕਦਾ ਹੈ। ਰੌਸ਼ਨੀ ਅਤੇ ਧੁਨੀ ਪ੍ਰਭਾਵ ਨਾਲ ਨਾਟਕਕਾਰ ਨੇ ਔਰਤ ਦੀ ਛਾਇਆ ਵਿਚਲੀ ਟੁੱਟ ਭੱਜ, ਉਸ ਦੇ ਵਿਖੰਡਿਤ ਹੋ ਰਹੇ ਵਜੂਦ ਨੂੰ ਬੜੇ ਇਕਾਗਰ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸਾਰਾ ਨਾਟਕ ਜੀਵਨ ਅਤੇ ਮੌਤ ਦੀ ਮੂਲ ਸਮੱਸਿਆ ਨਾਲ ਹੀ ਸੰਬੰਧਿਤ ਹੈ। ਇਨਸਾਨ ਜ਼ਿੰਦਗੀ ਨੂੰ ਸਮਝਦਾ, ਕੁਝ ਲੱਭਦਾ ਤੇ ਕੁਝ ਪ੍ਰਸ਼ਨ ਖੜ੍ਹੇ ਕਰਦਾ ਹੈ–

ਘੇਰਾ ਜਿਵੇਂ ਘਿਰਾਓ ਹੈ
ਕਿਹੜੀ ਥਾਂ ਹੈ ਇਸ ਪ੍ਰਿਥਵੀ 'ਤੇ
ਜਿੱਥੇ ਕੋਈ ਟਿਕਾਓ ਹੈ ???

(ਸਿਫ਼ਰ ਨਾਟਕ, ਪੰਨਾ 35)

ਟਿਕਾਓ ਨੂੰ ਲਭਦਾ ਹੀ ਇਨਸਾਨ ਅੰਤ ਇਸ ਨਤੀਜੇ ਉਪਰ ਪਹੁੰਚਦਾ ਹੈ ਕਿ ਮਨੁੱਖ ਦਾ ਇਕ ਕਦਮ ਜੀਵਨ ਹੈ ਅਤੇ ਦੂਜਾ ਕਦਮ ਮੌਤ ਅਤੇ ਵਿਚਕਾਰ ਕੇਵਲ ਭਰਮ ਹੈ। ਭਰਮ ਦੀ ਸਮਝ ਉਦੋਂ ਹੀ ਆਉਂਦੀ ਹੈ, ਜਦੋਂ ਇਨਸਾਨ ਜ਼ਿੰਦਗੀ ਦੇ ਠੇਡੇ ਖਾ ਚੁਕਾ ਹੁੰਦਾ ਹੈ। ਜਦੋਂ ਉਹ ਜ਼ਿੰਦਗੀ ਜੀ ਰਿਹਾ ਹੁੰਦਾ ਹੈ, ਉਦੋਂ ਉਹ ਰਾਇ ਕਾਇਮ ਨਹੀਂ ਕਰ ਸਕਦਾ। ਜਦੋਂ ਉਹ ਜ਼ਿੰਦਗੀ ਸਮਝਣ ਦੇ ਆਹਰ ਵਿਚ ਹੁੰਦਾ ਹੈ, ਉਦੋਂ ਉਹ ਜ਼ਿੰਦਗੀ ਤੋਂ ਵਿਥ ਥਾਪ ਲੈਂਦਾ ਹੈ ਅਤੇ ਉਦੋਂ ਹੀ ਜ਼ਿੰਦਗੀ ਦੇ ਨਾਟਕ ਹੋਣ ਦੀ ਉਸ ਨੂੰ ਸਮਝ ਆਉਂਦੀ ਹੈ। ਆਪਣੀ ਜ਼ਿੰਦਗੀ ਦੇ ਨਿੱਕੇ ਨਿੱਕੇ ਅਣਜਾਣ ਵੇਰਵੇ ਉਸ ਸਾਹਮਣੇ ਵਿਅੰਗ ਬਣ ਕੇ ਖੜ੍ਹੇ ਹੋ ਜਾਂਦੇ ਹਨ ਅਤੇ ਉਦੋਂ ਹੀ ਉਸਨੂੰ ਆਪਣੇ ਨਿਸਫਰੇ ਹੋਣ ਤੇ ਜ਼ਿੰਦਗੀ ਦੇ ਸਫ਼ਰ ਦੀ ਵਿਥਿਆ ਵਿਚਲਾ ਆਪਸੀ ਵਿਰੋਧ ਅਤੇ ਸੰਬੰਧ ਸਮਝ ਆਉਂਦਾ ਹੈ–

ਵਿਥਿਆ ਸਫ਼ਰ, ਨਿਸਫਰੇ ਦੀ
ਸਿਫਰ-ਸੱਚ ਵਿਚ ਸਿਮਟ ਗਈ।

(ਉਹੀ, ਪੰਨਾ 63)

ਸਿਫ਼ਰ ਦੀ ਫਿਲਾਸਫੀ ਭਾਰਤੀ ਦਰਸ਼ਨ ਦੀ ਅਹਿਮ ਫਿਲਾਸਫੀ ਹੈ। ਵਿਵੇਕਾਨੰਦ ਨੇ 'ਸ਼ੂਨਯ ਫਿਲਾਸਫੀ' ਦੀ ਭਰਪੂਰ ਵਿਆਖਿਆ ਕੀਤੀ ਹੈ। ਰਵਿੰਦਰ ਰਵੀ ਨੇ ਉਸ ਫਿਲਾਸਫੀ ਦੇ ਨਿਚੋੜ ਨੂੰ ਆਪਣੇ ਨਾਟਕ 'ਸਿਫ਼ਰ ਨਾਟਕ' ਵਿਚ ਨਾਟਕੀ ਅੰਦਾਜ਼ ਵਿਚ ਪੇਸ਼ ਕੀਤਾ ਹੈ। ਨਾਟਕ ਦੀ ਥੀਮ ਦਰਸ਼ਨ ਨਾਲ ਸੰਬੰਧਿਤ ਹੈ, ਇਸ ਲਈ ਇਹ ਨਾਟਕ ਬਾਹਰੀ ਘਟਨਾਵਾਂ ਵਿਚ ਫੈਲਣ ਦੀ ਬਜਾਇ ਪਾਤਰਾਂ ਦੀ ਮਾਨਸਿਕਤਾ ਨੂੰ ਪ੍ਰਤੀਕ ਦੀ ਪੱਧਰ ਉਪਰ ਪੇਸ਼ ਕਰਦਾ ਹੈ।



Final dummy

ਸ਼ੂਨਯ ਅਵਸਥਾ ਉਸ ਇਨਸਾਨ ਦੀ ਅਵਸਥਾ ਹੈ, ਜੋ ਜ਼ਿੰਦਗੀ ਅਤੇ ਆਪਣੇ ਵਿਚਲੇ ਭੇਦ ਨੂੰ ਭੁੱਲ ਕੇ ਕਾਲ-ਅਤੀਤ ਘੜੀਆਂ ਦੇ ਛਿਣ ਜੀਊਂਦਾ ਹੈ। ਇਹੋ ਜਿਹੀ ਅਵਸਥਾ ਨੂੰ ਜ਼ਿੰਦਗੀ ਦੀ ਕਿਸੇ ਸਮਾਜਿਕ ਅਵਸਥਾ ਦੀ ਮਦਦ ਨਾਲ ਸਮਝਿਆ ਨਹੀਂ ਜਾ ਸਕਦਾ। ਇਹ ਐਸੀ ਅਧਿਆਤਮਕ ਅਵਸਥਾ ਹੈ, ਜਿੱਥੇ ਇਨਸਾਨ ਦੈਵੀ ਰੂਪ ਵਿਚ, ਪੈਗ਼ੰਬਰੀ ਸੰਭਾਵਨਾਵਾਂ ਸਿਰਜਦਾ ਹੈ। ਇਸ ਨਾਟਕ ਦਾ ਮੁਖ ਪਾਤਰ 'ੳ' ਵੀ ਨਾਟਕ ਦੇ ਅਖੀਰ ਵਿਚ ਆਪਣੇ ਆਪ ਦੀ ਪਛਾਣ ਕਰਦਾ ਹੋਇਆ, ਆਪਣੇ ਆਪ ਨੂੰ ਤੇ ਸਭ ਨੂੰ ਮੁਖਾਤਿਬ ਹੋ ਕੇ ਇਹ ਕਹਿੰਦਾ ਹੈ–

'ਨ੍ਹੇਰ ਅਵਸਥਾ ਹੈ ਮਨ ਦੀ
ਫਿਰ ਵੀ ਬੱਤੀ ਜਗੇ ਪਈ।

(ਉਹੀ, ਪੰਨਾ 66)

ਆਪਣੇ ਆਪ ਨੂੰ ਤੇ ਸਭ ਨੂੰ ਮੁਖਾਤਿਬ ਹੋਣਾ ਹੀ ਅਸਲ ਵਿਚ ਜ਼ਿੰਦਗੀ ਦੇ ਤੱਤ ਦੀ ਪਛਾਣ ਕਰਨੀ ਹੈ। ਐਸੀ ਪਛਾਣ ਵਿਚ ਇਕ ਸਿਫਰਾ ਹੋਵੇ ਜਾਂ ਕਈ ਸਿਫਰੇ, ਜ਼ਿੰਮੇ ਲੱਗਾ ਕਾਰਜ ਹੀ ਸਾਹਮਣੇ ਉੱਘੜਦਾ ਹੈ। ਇਹੋ ਜਿਹੀ ਅਮੂਰਤ ਅਤੇ ਸਿਧਾਂਤਕ ਅਵਸਥਾ ਨੂੰ ਰਵਿੰਦਰ ਰਵੀ ਨੇ ਆਧੁਨਿਕ ਤਕਨੀਕੀ ਵਿਧੀਆਂ ਰਾਹੀਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਨਾਟਕ ਆਪਣੇ ਸਮੁੱਚੇ ਪ੍ਰਭਾਵ ਵਿਚ ਕਾਵਿ-ਨਾਟ ਦਾ ਪ੍ਰਭਾਵ ਹੀ ਛੱਡਦਾ ਹੈ। ਕਾਵਿ-ਨਾਟ ਇਕੋ ਵੇਲੇ ਜ਼ਿੰਦਗੀ ਦੀਆਂ ਸਮੂਰਤ ਸਮੱਸਿਆਵਾਂ ਅਤੇ ਉਸ ਵਿਚੋਂ ਪ੍ਰਾਪਤ ਕੀਤੇ ਅਮੂਰਤ ਵਿਚਾਰਾਂ ਦੀ ਪੇਸ਼ਕਾਰੀ ਕਰਦਾ ਹੈ। ਇਹੋ ਜਿਹੇ ਨਾਟਕ ਵਿਚ ਅਮੂਰਤ ਅਤੇ ਸਮੂਰਤ ਇਕ ਦੂਜੇ ਵਿਚ ਸਮਾਏ ਹੁੰਦੇ ਹਨ। ਨਾਟਕੀ ਪੇਸ਼ਕਾਰੀ ਕਾਵਿ ਦੀ ਅਮੂਰਤ ਦਿਸ਼ਾ ਨੂੰ ਰੂਪ ਦੇਂਦੀ ਹੈ, 'ੳ' ਅਤੇ 'ਨੌਜਵਾਨ ਕੁੜੀ' 'ਵਿਚਾਰਧਾਰਾ' ਅਤੇ 'ਵਿਹਾਰ' ਦੇ ਪ੍ਰਤੀਕ ਹਨ। ਨੌਜਵਾਨ ਕੁੜੀ ਜੀਵਨ-ਭੋਗੀ ਹੈ ਅਤੇ 'ੳ' ਜੀਵਨ-ਭੋਗ 'ਚੋਂ ਪ੍ਰਾਪਤ ਕੀਤੀ ਹੋਈ ਜੀਵਨ-ਯੋਗੀ ਅਵਸਥਾ ਨਾਲ ਸੰਬੰਧਿਤ ਹੈ। 'ੳ' ਦੇ ਹੀ ਅੱਗੋਂ ਹਿੱਸੇ ਹਨ। ਉਨ੍ਹਾਂ ਹਿੱਸਿਆਂ ਦੇ ਸੰਬਾਦ ਰਾਹੀਂ 'ਜ਼ਿੰਦਗੀ' ਅਤੇ 'ਅਧਿਆਤਮ' ਦੇ ਅਰਥ ਸਮਝਾਏ ਗਏ ਹਨ। ਕੁਲ ਮਿਲਾ ਕੇ ਇਹ ਨਾਟਕ ਜ਼ਿੰਦਗੀ ਅਤੇ ਮੌਤ ਦੇ ਬੁਨਿਆਦੀ ਮਸਲੇ ਦੀ ਨਾਟਕੀ ਪੇਸ਼ਕਾਰੀ ਆਧੁਨਿਕ ਤਕਨੀਕੀ ਵਿਧੀਆਂ ਰਾਹੀਂ ਕਰਦਾ ਹੈ।

**–ਡਾ. ਦੇਵਿੰਦਰ ਕੌਰ**

**'ਅਕਸ'**, ਅਪ੍ਰੈਲ, 1987



Final dummy

# 'ਸਿਫ਼ਰ ਨਾਟਕ' : ਇਕ ਵਿਲੱਖਣ ਚੁਣੌਤੀ

ਪੱਛਮੀ ਨਾਟ ਪ੍ਰੰਪਰਾ ਅਤੇ ਨਾਟ-ਸ਼ੈਲੀ ਵਿਚ ਵਿਸ਼ਾਤਮਕ ਅਤੇ ਰੂਪਾਤਮਕ ਪਰਿਵਰਤਨ ਹੋਇਐ। ਇਸ ਨੇ ਪੰਜਾਬੀ ਨਾਟ-ਪ੍ਰੰਪਰਾ ਨੂੰ ਵੀ ਪ੍ਰਭਾਵਿਤ ਕੀਤਾ ਹੈ, ਜਿਸ ਕਰਕੇ ਐਬਸਰਡ, ਫੈਂਟਸੀ ਟੋਟਲ ਥੀਏਟਰ ਦੀ ਗੱਲ ਤੁਰੀ ਹੈ। ਕਾਵਿ-ਨਾਟਕ ਪ੍ਰੰਪਰਾ ਵਿਚ ਰਵਿੰਦਰ ਰਵੀ ਦੀਆਂ ਇਸ ਸੰਦਰਭ ਵਿਚ ਵਿਲੱਖਣ ਪ੍ਰਾਪਤੀਆਂ ਹਨ। 'ਬੀਮਾਰ ਸਦੀ' ਤੋਂ ਸ਼ੁਰੂ ਹੋਇਆ ਉਸਦਾ ਇਹ ਸਫ਼ਰ 'ਸਿਫ਼ਰ ਨਾਟਕ' ਬਾਅਦ ਵੀ ਜਾਰੀ ਰਹੇਗਾ।

'ਸੂਰਜ ਨਾਟਕ' ਵਿਚ ਉਸ 'ਬੀਮਾਰ ਸਦੀ', 'ਦਰ ਦੀਵਾਰਾਂ', 'ਅੱਧੀ ਰਾਤ ਦੁਪਹਿਰ' ਨੂੰ ਸੰਕਲਿਤ ਕਰਕੇ ਨਾਟਕ ਤਿਕੜੀ ਰਾਹੀਂ ਇਕ ਥੀਮਕ ਸਾਂਝ ਨੂੰ ਉਭਾਰਿਆ। 'ਚੌਕ ਨਾਟਕ' ਤੇ ਹੁਣ 'ਸਿਫ਼ਰ ਨਾਟਕ' ਰਾਹੀਂ ਉਸ ਨੂੰ ਪਰਸਾਰਿਆ ਹੀ ਹੈ ਭਾਵ/ਵਿਚਾਰ ਪੱਖੋਂ ਇਹ ਸਾਰੀਆਂ ਕ੍ਰਿਤੀਆਂ ਵੱਖਰੀਆਂ ਹੋਣ ਦੇ ਬਾਵਜੂਦ ਇਕ ਦੂਜੇ ਦਾ ਵਿਸਥਾਰਪੂਰਕ ਬਣਦੀਆਂ ਹਨ। ਇਹ ਰਚਨਾ ਵੀ ਦਰਅਸਲ ਵਿਚਾਰਧਾਰਕ ਹੈ, ਵਿਚਾਰ ਹੀ ਕ੍ਰਿਆਸ਼ੀਲ ਹੈ। ਨਿੱਕੇ-ਨਿੱਕੇ ਭਾਵ ਟੋਟੇ ਮਿਲ ਕੇ ਇਕ ਪ੍ਰਭਾਵ ਸਿਰਜਦੇ ਹਨ ਅਤੇ ਇਹ ਰਵੀ ਦੀ ਕਾਵਿ ਨਾਟਕ ਜੁਗਤ ਵਜੋਂ ਸਥਾਪਿਤ ਹੋ ਚੁੱਕੀ ਜੁਗਤ ਹੈ। ਉਹ ਪਿੰਡ ਤੋਂ ਬ੍ਰਹਿਮੰਡ ਅਤੇ ਫਿਰ ਬ੍ਰਹਿਮੰਡ ਤੋਂ ਪਿੰਡ ਵੱਲ ਦੀ ਯਾਤਰਾ 'ਤੇ ਹੈ। ਇਸ ਛੋਟੇ ਆਕਾਰ ਦੀ ਰਚਨਾ ਵਿਚ ਪ੍ਰਮਾਣੂ ਯੁੱਗ ਦੀ ਤ੍ਰਾਸਦਿਕ ਸਥਿਤੀ ਨੂੰ ਪੇਸ਼ ਕਰਦਿਆਂ ਉਹ ਰਹੱਸਵਾਦੀ ਸੁਰ ਨੂੰ ਧਾਰਨ ਕਰਦਾ ਜਾਪਦਾ ਹੈ। ਇਸ ਕਾਵਿ-ਨਾਟਕ ਦਾ ਥੀਮੈਟਿਕਸ ਅੰਤਰ ਰਾਸ਼ਟਰੀਅਤਾ ਤਕ ਪਸਰਿਆ ਇਕ ਚੇਤਾਵਨੀ ਵੀ ਹੈ ਤੇ ਇਕ ਚੇਤਨਾ ਵੀ-

ਆਪਣੇ ਵਿਚ ਕੱਲਾ ਹਾਂ
ਆਪੇ ਤੋਂ ਬਾਹਰ ਵੀ ਕੱਲਾ
ਮੈਂ ਨ੍ਹੇਰ ਨੂਰ ਧੁੰਦ ਹਾਂ (29)
... ... ...



ਕਿਹੜੀ ਥਾਂ ਹੈ ਇਸ ਪ੍ਰਿਥਵੀ ਤੇ
ਜਿੱਥੇ ਕੋਈ ਟਿਕਾਓ ਹੈ ? (35)
... ... ...
ਘਰ ਇਕ ਭਰਮ ਹੈ
ਬਾਹਰ
ਇੱਟਾਂ ਗਾਰੇ ਦਾ ਘਰ
ਇਕ ਭਰਮ ਹੈ (37)

ਜਿਧਰ ਵੇਖਾਂ, ਰਾਹ ਤੇ ਭਟਕਣ
ਭਟਕਣ ਅੰਤ ਟਿਕਾਣਾ (46)

ਜਿਵੇਂ ਪਹਿਲਾਂ ਕਿਹਾ ਹੈ ਰਵੀ ਦੇ ਨਾਟਕਾਂ ਵਿਚ ਪਾਤਰ ਨਹੀਂ ਵਿਚਾਰ ਹੀ ਕਾਰਜ-ਸ਼ੀਲ ਹੁੰਦੇ ਹਨ ਅਤੇ ਇਹ ਵਿਚਾਰ ਹੀ ਇਕ ਵਿਚਾਰ-ਵਿਕਾਸ ਨੂੰ ਸਿਰਜਦੇ ਸੰਕਲਪੀ ਬਣੀ ਜਾਂਦੇ ਹਨ। ਅੱਜ ਦੇ ਦੌਰ ਦੀ ਖੰਡਤਾ, ਇਕਲਾਪਾ, ਦੰਭ, ਸੰਕਟ ਦੀ ਗੱਲ ਕਰਦਿਆਂ ਉਹ ਅਧਿਆਤਮਕ ਦਰਸ਼ਨ ਰਾਹੀਂ ਹਰ ਸ਼ੈਅ ਨੂੰ 'ਸਿਫ਼ਰ' ਵਿਚ ਸਮੇਟਦਾ ਹੈ।

ਹੁਕਮੈਂ ਅੰਦਰ ਸਭ ਸਿਫ਼ਰੇ ਦੇ
ਬਾਹਰ ਹੁਕਮ ਨਾ ਕੋਇ।
ਹਰ ਕੋਈ ਜਿੱਥੇ ਮਰ ਮੁੱਕ ਜਾਂਦਾ
ਉਥੋਂ ਸ਼ੁਰੂ ਸਿਫ਼ਰ ਦਾ ਹੋਇ। (62)

ਪਾਤਰ 'ਓ' ਤੇ 'ਆਵਾਜ਼' ਦਰਅਸਲ ਆਂਤਰਿਕ ਸੰਵਾਦ ਸਿਰਜਦੇ ਹਨ। ਮਨ ਦੀ ਹਨੇਰ ਅਵਸਥਾ ਵੀ ਦਰਅਸਲ ਸਿਫ਼ਰਤਾ ਦੀ ਹੀ ਸੂਚਕ ਹੈ। ਦਰਅਸਲ ਇਹ ਰਚਨਾ ਰੂਪਾਤਮਕ ਪੱਖੋਂ ਰਵੀ ਦਾ ਇਕ ਹੋਰ ਪ੍ਰਯੋਗ ਹੈ। ਇਹ ਕ੍ਰਿਤੀ ਪੂਰਵਲੀਆਂ ਕ੍ਰਿਤੀਆਂ ਵਾਂਗ ਫਿਰ ਇਕ ਚੁਣੌਤੀ ਹੈ। ਪ੍ਰੌਢ ਨਾਟਕ ਦੀ ਗੱਲ, ਸੰਵਾਦ ਭਾਸ਼ਾ ਦੀ ਗੱਲ ਤੋਰਦਾ, ਉਹ ਪੰਜਾਬੀ ਨਾਟਕ ਵਿਚ ਵਿਸ਼ਾਲਤਾ ਲਿਆ ਰਿਹੈ। ਢੱਡਾਂ ਤੇ ਸਾਰੰਗੀ ਦੀਆਂ ਸੁਰਾਂ ਉਸਦੇ ਅੰਦਰ ਸਹਿਜ ਵਿਦਮਾਨ ਲੋਕ-ਵੇਦ ਸਦਕਾ ਹੈ। ਉਸ ਨੇ ਇਸ ਵਿਚੋਂ ਤੇ ਗੁਰਬਾਣੀ ਦੀ ਸ਼ਬਦਾਵਲੀ ਰਾਹੀਂ ਅਰਥ-ਸਿਰਜਣਾ ਕੀਤੀ ਹੈ।

ਰਵੀ ਦੀ ਕਵਿਤਾ ਵਿਚਲੀ ਇਕ ਹੋਰ ਅਹਿਮ ਵਿਸ਼ੇਸ਼ਤਾ ਉਸਦਾ ਗੀਤਾਤਮਕ ਹੋਣਾ ਹੈ। ਕਾਵਿ-ਨਾਟਕ ਵਿਚ ਜਿੱਥੇ ਅਜਿਹੀ ਕਵਿਤਾ ਹੈ, ਉਥੇ ਸਹਿਜਤਾ ਤਾਂ ਹੈ ਹੀ ਨਾਲ ਪ੍ਰਭਾਵੀ ਵੀ ਬਣਦੀ ਹੈ। ਵਿਚਾਰ ਕਾਰਜ ਲਈ ਹੀ

ਉਹ ਮੰਚ-ਸੱਜਾ, ਸੰਦਰਭ ਵਿਚ ਹੀ ਪ੍ਰਤੀਕਾਂ, ਚਿੰਨ੍ਹਾਂ, ਬਿੰਬਾਂ ਦੀ ਵਰਤੋਂ ਕਰਦਾ ਬੋਲਾਂ ਨੂੰ ਚਿੰਤਨ ਚੇਤਨਾ ਤਕ ਪਹੁੰਚ ਜਾਂਦਾ ਹੈ। ਕਾਲਾ ਚਿੱਟਾ ਉਸਦਾ ਸਫਲ ਪ੍ਰਤੀਕ ਹੈ ਜੋ ਉਸਦੇ ਵਿਚਾਰਾਂ/ਸੰਕਲਪਾਂ ਨੂੰ ਬਾਖ਼ੂਬ ਅਰਥ-ਪ੍ਰਦਾਨ ਕਰਦਾ ਹੈ।

ਸੈਂਤੀ ਸਫਿਆਂ ਦਾ ਕਾਵਿ-ਨਾਟਕ ਪਹਿਲੇ ਨਾਟਕਾਂ ਦਾ ਆਧਾਰ-ਬਿੰਦੂ ਵੀ ਕਿਹਾ ਜਾ ਸਕਦਾ ਹੈ। ਬੇਸ਼ੱਕ ਬਾਕੀ ਸਫਿਆਂ ਵਿਚ ਰਵੀ ਬਾਰੇ, ਉਸਦੀਆਂ ਰਚਨਾਵਾਂ ਬਾਰੇ ਤੇ ਉਸਦੇ ਵਿਚਾਰ ਹਨ, ਪਰ ਇਹ ਸ਼ੋਰ ਨਹੀਂ ਚੁਣੌਤੀ ਹਨ। ਸਿਧਾਂਤ, ਪ੍ਰਸ਼ਨ ਉਭਾਰਦੇ ਹਨ। ਇਹ ਚਾਹੇ ਰਵੀ ਬਾਰੇ ਉਸਦੀ ਨਾਟ-ਰਚਨਾ ਬਾਰੇ ਹਨ ਤੇ ਜਾਂ ਫਿਰ ਪੰਜਾਬੀ ਨਾਟ ਬਾਰੇ। ਇਹ ਵੀ ਉਸਦਾ ਆਪਣਾ ਅੰਦਾਜ਼ ਹੈ। ਇਹ ਆਮ ਸਾਧਾਰਨ ਪਾਠਕ ਲਈ ਨਵੀਂ ਨਾਟਕੀ ਤਕਨੀਕ ਤੇ ਪ੍ਰਤੀਕਾਂ ਰਾਹੀਂ ਵਿਚਾਰ ਸਮਝਣ ਵਿਚ ਸਹਾਈ ਹੁੰਦਾ ਹੈ।

ਪਹਿਲਿਆਂ ਕਾਵਿ ਨਾਟਕਾਂ ਵਾਂਗ 'ਸਿਫ਼ਰ ਨਾਟਕ' ਵੀ ਵਿਲੱਖਣ ਅਤੇ ਆਕਰਸ਼ਤ ਰੂਪ ਵਿਚ ਰਵੀ ਦੀ ਚੁਣੌਤੀ ਯੁਕਤ ਰਚਨਾ ਹੈ।

**-ਅਵਤਾਰ ਜੌੜਾ**
'ਜੱਗਬਾਣੀ' (15.3.87)



# 'ਸਿਫ਼ਰ ਨਾਟਕ' : ਸਥੂਲ ਤੇ ਸੂਖਮ ਦੀ ਲੁਕਣ-ਮੀਟੀ

'ਸਿਫ਼ਰ ਨਾਟਕ' ਰਵਿੰਦਰ ਰਵੀ ਦਾ ਸੱਤਵਾਂ ਕਾਵਿ-ਨਾਟਕ ਹੈ। ਇਸ ਉਨਵਾਨ ਹੇਠਲੀ ਪੁਸਤਕ ਵਿਚ ਉਕਤ ਨਾਟਕ ਤੋਂ ਛੁੱਟ ਉਸ ਦੇ ਮੰਚਿਤ ਹੋ ਚੁਕੇ ਨਾਟਕਾਂ ਦੇ ਕੁਝ ਦ੍ਰਿਸ਼ ਹਨ, ਕੁਝ ਆਪਣੀਆਂ ਮੁਲਾਕਾਤਾਂ ਤੇ ਅੰਤਿਕਾ ਵਿਚ ਉਸਦੇ ਨਾਟਕਾਂ ਦੇ ਦਸ ਕੁ ਰੀਵੀਊ ਤੇ ਕੁਝ ਪ੍ਰਸ਼ੰਸਕਾਂ ਦੀਆਂ ਟਿੱਪਣੀਆਂ। ਇਕ ਸੌ ਅਠਾਈ ਪੰਨਿਆਂ ਦੀ ਪੁਸਤਕ 'ਸਿਫ਼ਰ ਨਾਟਕ' ਵਿਚ ਵਿਚਾਰਾਧੀਨ ਨਾਟਕ ਦੇ ਕੇਵਲ ਸੈਂਤੀ ਪੰਨੇ ਹਨ।

ਇਸ ਨਾਟਕ ਵਿਚ ਨਿੱਕੀਆਂ ਨਿੱਕੀਆਂ ਸੱਤ ਝਾਕੀਆਂ ਹਨ, ਜਿਨ੍ਹਾਂ ਵਿਚ ਪਾਤਰ ਪਰੰਪਰਾਗਤ ਮਨੁੱਖੀ ਨੁਹਾਰ ਵਿਚ ਨਹੀਂ ਸਗੋਂ ਪ੍ਰਤੀਕਾਂ ਦੇ ਰੂਪ ਵਿਚ ਆਪਣੇ ਚੇਤਨ ਤੇ ਅਰਧ-ਚੇਤਨ ਦੀਆਂ ਗਰੰਥੀਆਂ ਖੋਲ੍ਹਦੇ ਨਜ਼ਰ ਆਉਂਦੇ ਹਨ। ਪਹਿਲੀ ਤੇ ਦੂਜੀ ਝਾਕੀ ਵਿਚ 'ੳ' ਦੀ ਮਨਬਚਨੀ ਹੈ, ਅਰਥਾਤ ਆਪਣੇ ਆਪ ਨਾਲ ਸੰਵਾਦ। ਅਗਲੀਆਂ ਝਾਕੀਆਂ ਵਿਚ ਆਵਾਜ਼ ਨਾਲ ਸੰਵਾਦ।

ਸਿਫ਼ਰ ਨਾਟਕ ਵਿਚ ਰਵੀ ਦੇ ਦੂਸਰੇ ਕਾਵਿ-ਨਾਟਕਾਂ ਵਾਂਗ ਵਿਚਾਰ ਕਾਰਜਸ਼ੀਲ ਹੈ। ਆਧੁਨਿਕ ਮਨੁੱਖ ਦਾ ਸੰਕਟ-ਉਸਦੀ ਇਕੱਲਤਾ, ਉਪਰਾਮਤਾ ਤੇ ਭਟਕਣ, ਉਸ ਦਾ ਖੰਡਿਤ ਵਜੂਦ, ਇਸ ਘੋਰ ਤ੍ਰਾਸਦੀ ਦੀ ਪੇਸ਼ਕਾਰੀ ਵਿਚੋਂ ਅਧਿਆਤਮਕ ਸੁਰਾਂ ਦੀ ਗੂੰਜ ਸੁਣਾਈ ਦੇਂਦੀ ਹੈ-

ਮਨੁੱਖ ਇਕ ਕਦਮ ਜੀਵਨ
ਤੇ ਦੂਜਾ ਕਦਮ ਮੌਤ ਹੈ
ਵਿਚਕਾਰ ਕੇਵਲ ਭਰਮ ਹੈ (ਪੰਨਾ 39)
... ... ...
ਆਪਣੇ ਸੰਗ 'ਚ ਕਦੇ ਆਦਮੀ
ਕੱਲਾ ਨਹੀਂ ਹੁੰਦਾ (ਪੰਨਾ 42)

ਉਪਰੋਕਤ ਸੰਕਟ ਨੂੰ ਦਰਸਾਉਂਦੀਆਂ ਕਈ ਕਾਵਿ-ਟੁਕੜੀਆਂ ਵਿਚ ਤਾਂ ਉਕਤੀਆਂ ਬਣਨ ਦੀ ਸਮਰੱਥਾ ਹੈ-

ਨਾਂਗੇ ਆਵਣ, ਨਾਂਗੇ ਜਾਵਣ, ਨਾਂਗੇ ਸੱਚ ਸਮਾਣਾ
ਕਹੁ ਆਦਮ, ਕਹੁ ਜਣਨੀ ਨਾਂਗੇ, ਕੀ ਖੋਹਣਾ ? ਕੀ ਪਾਣਾ ? (ਪੰਨਾ 56)
... ... ...

ਜਿੱਧਰ ਵੇਖਾਂ ਰਾਹ ਤੇ ਭਟਕਣ, ਭਟਕਣ ਜ਼ਖਮ ਪੁਰਾਣਾ
ਭਟਕਣੋਂ ਜੰਮੇ ਭਟਕਣੋਂ ਵਿਗਸੇ, ਭਟਕਣ ਤਾਣਾ-ਬਾਣਾ
ਭਟਕਣ ਜੀਵਨ, ਭਟਕਣ ਚਾਹਤ, ਭਟਕਣ ਸੁਆਸ ਸਰ੍ਹਾਣਾ। (ਪੰਨਾ 46)

ਨਾਟਕ ਦੇ ਅੰਤ ਵਿਚ ਦੋ ਭਾਵਪੂਰਤ ਪ੍ਰਤੀਕ ਹਨ : ਬਿਲੀਅਰਡ ਟੇਬਲ ਦੁਆਲੇ ਸਿਫ਼ਰਿਆਂ ਦਾ ਹਜੂਮ ਅਤੇ ਬਲ ਰਹੀ ਬੱਤੀ। ਸਿਫ਼ਰ ਨੂੰ ਵਿਭਿੰਨ ਅਰਥਾਂ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ ਹੈ-

ਘੇਰਾ ਜਿਵੇਂ ਘਿਰਾਓ ਹੈ
ਕਿਹੜੀ ਥਾਂ ਹੈ ਇਸ ਪ੍ਰਿਥਵੀ ਤੇ
ਜਿੱਥੇ ਕੋਈ ਟਿਕਾਓ ਹੈ
... ... ...
ਸਿਫ਼ਰੇ ਤੋਂ ਸਿਫ਼ਰੇ ਵਿਚ
ਮੇਰੇ ਮੁੱਲ ਵਿਚਰਦੇ ਸਾਰੇ (ਪੰਨਾ 30)

ਇਹ ਸਿਫ਼ਰਾ ਹੀ ਅਨੰਤ ਕਾਲ ਵਿਚ ਬੱਝੀ ਪ੍ਰਜਨਨ ਪ੍ਰਕਿਰਿਆ ਹੈ— ਜੀਵਨ ਦਾ ਮਰਕਜ਼, ਇਸ ਦਾ ਆਦਿ ਤੇ ਅੰਤ। ਸਵੈ ਵਿੱਚੋਂ ਸਵੈ ਦਾ ਸਗਲ ਪਸਾਰਾ। ਸਗਲ ਦਿਸ਼ਾਵਾਂ ਦਾ ਸੰਕੇਤਕ। ਆਦਿ ਜੁਗਾਦ ਦਾ ਸੱਚ। ਸਥੂਲ ਤੇ ਸੂਖਮ ਦੀ ਲੁਕਣ-ਮੀਟੀ।

ਨਾਟਕ ਦੀ ਚਰਮ ਸੀਮਾ ਇਕ ਅਰਥ-ਬੁਝਾਰਤ ਹੈ ਜੋ ਪ੍ਰਸ਼ਨ-ਚਿੰਨ੍ਹ ਬਣ ਕੇ ਪਾਠਕਾਂ/ਦਰਸ਼ਕਾਂ ਦੇ ਸਾਹਮਣੇ ਆਉਂਦੀ ਹੈ : ਅਰਥਾਤ ਸਿਫ਼ਰ ਤੇ ਜਲਦੀ ਬੱਤੀ ਵਿਚੋਂ ਅਰਥ ਭਰਪੂਰ ਕੀ ਹੈ ? ਇਨ੍ਹਾਂ ਦੋਵਾਂ ਵਿੱਚੋਂ ਕਿਹੜਾ ਪ੍ਰਤੀਕ ਜੀਵਨ ਵਿਚ ਵਧੇਰੇ ਸਾਰਥਕ ਹੈ ?

ਨਾਟਕੀ ਕਾਰਜ ਨੂੰ ਭਖਾਉਣ ਤੇ ਇਸ ਦੀ ਗਤੀ ਤਿਖੇਰੀ ਕਰਨ ਲਈ ਨਾਟਕਕਾਰ ਨੇ ਹਸਬ ਮਾਮੂਲ ਰੌਸ਼ਨੀਆਂ, ਧੁਨੀਆਂ ਤੇ ਛਾਇਆ-ਪ੍ਰਭਾਵਾਂ ਦੀ ਖੁੱਲ੍ਹੀ ਵਰਤੋਂ ਕੀਤੀ ਹੈ।

'ਸਿਫ਼ਰ ਨਾਟਕ' ਦੇ ਮਤਨ ਦਾ ਅਧਿਐਨ ਕਰਨ ਪਿੱਛੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਇਹ ਨਾਟਕ ਜਨ-ਆਕਰਸ਼ਣ ਦੇ ਗੁਣਾਂ ਤੋਂ ਵੰਚਿਤ ਹੈ। ਲੇਖਕ ਜਿੱਥੇ 'ਜਣੇ ਖਣੇ ਦੀ ਪਰੰਪਰਾ ਤੋਂ ਹਟ ਕੇ ਨਾਟਕ ਲਿਖਦਾ ਹੈ' ਉਥੇ ਇਸ ਨਾਟਕ ਨੂੰ ਸੰਕਲਪਣ ਲੱਗਿਆਂ ਵੀ ਉਸਨੇ ਵਰਗ-ਵਿਸ਼ੇਸ਼ ਨੂੰ ਹੀ ਜ਼ਿਹਨ ਵਿਚ ਰਖਿਆ ਹੈ। ਜਨ-ਸਾਧਾਰਨ ਨੂੰ ਨਹੀਂ। ਸ਼ਾਇਦ ਵਿਸ਼ੇ ਦੀ ਗੰਭੀਰਤਾ ਹੀ ਉਸਦੀ ਅਜਿਹੀ ਸੀਮਾ ਹੋਵੇ।

ਜੇ ਇਸ ਨਾਟਕ ਨੂੰ ਕਿਸੇ ਥੀਏਟਰ ਡੀਪਾਰਟਮੈਂਟ ਦੇ ਨਿੱਕੇ ਸਟੂਡੀਓ ਵਿਚ ਆਧੁਨਿਕ ਮੰਚ ਜੁਗਤਾਂ ਦੀ ਵਰਤੋਂ ਕਰਕੇ ਕੇਵਲ ਸੱਜਗ ਦਰਸ਼ਕਾਂ ਲਈ ਪੇਸ਼ ਕੀਤਾ ਜਾਵੇ ਤਾਂ ਇਹ ਇਕ ਸ਼ਲਾਘਾਯੋਗ ਪ੍ਰਯੋਗ ਹੋਵੇਗਾ। ਚੁਣੌਤੀ ਨਿਸ਼ਚੇ ਹੀ ਕਿਸੇ ਕਲਪਨਾਸ਼ੀਲ ਨਿਰਦੇਸ਼ਕ ਨੂੰ ਹੈ।

**-ਡਾ. ਬਖਸ਼ੀਸ਼ ਸਿੰਘ**

**'ਸਿਰਜਣਾ'** (ਅਪ੍ਰੈਲ-ਜੂਨ, 1987) / **'ਪੰਜਾਬੀ ਟ੍ਰਿਬਿਊਨ'** (14.6.87)



# 'ਚੌਕ ਨਾਟਕ' ਤੇ 'ਸਿਫਰ ਨਾਟਕ' ਦਾ 2019 ਵਿਚ ਮੰਚਨ



# ਕਾਵਿਨਾਟਕ : 'ਚੌਕ ਨਾਟਕ' ਅਤੇ 'ਸਿਫਰ ਨਾਟਕ' ਦੇ ਮੰਚਨ ਦਾ ਵੇਰਵਾ

ਇਹ ਦੋਵੇਂ ਕਾਵਿਨਾਟਕ, 29 ਜੂਨ, 2019 ਤੋਂ 3 ਜੁਲਾਈ, 2019 ਤਕ, ਵਿਰਸਾ ਵਿਹਾਰ, ਅੰਮ੍ਰਿਤਸਰ ਵਿਖੇ, 'ਮੰਚ ਰੰਗਮੰਚ' (ਅੰਮ੍ਰਿਤਸਰ) ਵਲੋਂ ਆਯੋਜਿਤ, "16ਵਾਂ ਪੰਜਾਬ ਥੀਏਟਰ ਫੈਸਟੀਵਲ" ਵਿਚ, ਜੁਲਾਈ 1, 2019 ਨੂੰ ਖੇਡੇ ਗਏ।

ਦਰਸ਼ਕਾਂ ਵਿਚ, ਹੋਰ ਮੰਚ-ਪ੍ਰੇਮੀ ਦਰਸ਼ਕਾਂ ਤੋਂ ਬਿਨਾ, ਪੰਜਾਬੀ ਰੰਗਮੰਚ ਨਾਲ ਜੁੜੇ ਪ੍ਰਸਿੱਧ ਨਾਮ, ਜਿਵੇਂ ਕੇਵਲ ਧਾਲੀਵਾਲ, ਡਾ. ਅਰਵਿੰਦਰ ਕੌਰ ਧਾਲੀਵਾਲ, ਜਸਵੰਤ ਸਿੰਘ ਜੱਸ, ਸੁਮੀਤ ਸਿੰਘ, ਅਮਨ ਭੋਗਲ, ਨਰਿੰਦਰ ਸਾਂਘੀ ਅਤੇ ਪ੍ਰੀਤਪਾਲ ਰੁਪਾਣਾ ਆਦਿ ਸ਼ਾਮਿਲ ਸਨ।

| | | |
|---|---|---|
| ਕਾਵਿਨਾਟਕ | : | 'ਚੌਕ ਨਾਟਕ' ਅਤੇ 'ਸਿਫਰ ਨਾਟਕ' |
| ਕਾਵਿਨਾਟਕਕਾਰ | : | ਰਵਿੰਦਰ ਰਵੀ |
| ਡੀਜ਼ਾਈਨਰ ਤੇ ਨਿਰਦੇਸ਼ਕ | : | ਕੇਵਲ ਧਾਲੀਵਾਲ |
| ਸੰਗੀਤ | : | ਗੁਰਪ੍ਰੀਤ ਵਾਰਸ |
| ਮੰਚਨ-ਮਿਤੀ | : | ਜੁਲਾਈ 1, 2019 |
| ਮੰਚਨ-ਸਥਾਨ | : | ਵਿਰਸਾ ਵਿਹਾਰ, ਅੰਮ੍ਰਿਤਸਰ, ਭਾਰਤ |
| ਕਲਾਕਾਰ | : | ਅੰਤਿਕਾ ਪੁੰਜ, ਅਵੀ ਸਿੰਘ ਪੰਵਰ, ਅਕਸ਼ੈ ਡਿਕਸ਼ਿਟ, ਰਾਜੇਸ਼ ਵੈਸ਼ਨਵ, ਧੀਰੇਸ਼ ਮੇਵਾੜਾ, ਸ਼ੁਭਮ ਨਮਾ, ਵਿਕਰਮ ਸਿੰਘ, ਹੇਮੰਤ ਸਿੰਘ ਮਗਧ, ਵਿਸ਼ਾਲ ਸ਼ਰਿੰਗੀ, ਗੌਰਵ ਸੁਮਨ, ਸ਼ੰਸ਼ਕ ਬਰੂਆ, ਮੁਹੰਮਦ ਨੂਰੁਦੀਨ ਹਸਨ, ਖੁਸ਼ਾਲ ਜੈਸਵਾਨੀ, ਗਣੇਸ਼, ਹਰਦੀਪ ਸਿੰਘ, ਬਬਲੀ ਸਿੰਘ ਲਖੀਆ, ਗੁਰਮੇਲ ਸਿੰਘ ਸ਼ਾਮ |

ਨਗਰ, ਧਿਆਨ ਚੰਦ, ਸੂਰਜ ਸ਼ਾਮ ਨਗਰ, ਸੱਜਣ ਸਿੰਘ, ਹਰਪ੍ਰੀਤ ਸਿੰਘ, ਜੌਨਪਾਲ ਸਹੋਤਾ, ਕਰਨੈਲ ਸਿੰਘ, ਸੁਨੀਲ ਸਿੰਘ, ਅਸ਼ੂ ਯਾਦਵ, ਸਕੂਨ, ਕੰਵਰ ਨੂਰ ਸਿੰਘ, ਗੁਰਪ੍ਰੀਤ ਸਿੰਘ, ਨਵੀਨ, ਨਵਰਾਜ ਸਿੰਘ, ਸੁਰਿੰਦਰ ਕੁਮਾਰ, ਰਾਜ਼ੇਸ਼ ਕੁਮਾਰ, ਹੁਨਰਦੀਪ ਸਿੰਘ, ਸ਼ਿਵਮ ਗਰਗ, ਨਵਪ੍ਰੀਤ ਸਿੰਘ, ਗੁਰਕੀਰਤ ਸਿੰਘ, ਲਵਿਸ਼ ਕਾਲਰਾ, ਹਰਜੀਤ ਸਿੰਘ, ਗੁਰਜੰਟ ਸਿੰਘ, ਸਾਗਰ ਚੌਹਾਨ, ਬਲਰਾਜ ਸਿੰਘ, ਜਸਪਾਲ ਸਿੰਘ, ਭੁਪਿੰਦਰ ਸ਼ਰਮਾ, ਕਮਲਦੀਪ ਸਿੰਘ, ਚਾਹਤ, ਤੁਸ਼ਾਰ ਸਿੰਘ, ਰੌਬਿਨ ਸਿੰਘ, ਹਿਮਾਲੀਆ, ਅਮਨ ਕੌਸ਼ਲ, ਮੁਹੰਮਦ ਸ਼ੁਹਰਤ ਅਲੀ, ਗੁਰਪ੍ਰੀਤ ਸਿੰਘ ਅਤੇ ਐਮ.ਪੀ. ਮਸੀਹ।



**CHOWK NAATAK** **Written by : Ravinder Ravi**
**(Play at the Crossroads)**
**ਚੌਕ ਨਾਟਕ** **Directed by : Kewal Dhaliwal**

A verse-play (ਕਾਵਿਨਾਟਕ)
written by the Canadian playwright Ravinder Ravi

In "Chowk Naatak", Ravinder Ravi emphasizes that the dilemma of the contemporary man, in this modern age, is that all idelologies, faiths, socio-economic and political doctrines and other avenues seem to be stuck at the crossroads, for him.

Renowned Punjabi author and dramatist Kartar Singh Duggal writes the following words about this play of epic dimensions :

> "Everyone stuck at the crossroads not knowing where to go? ....Where do we go from here? This is the dilemma of man today. He moves but does not know where he is going. He travels but lands no where. Drama is essentially metaphoric in character...It can present a constellation, a series of events that need not be contiguous in space or time. It need not have a linear structure. Ravi has accordingly done away with unity of time and space. He is not bothered about the naturalistic fourth wall. His characters are not realistically motivated. The dramatic time in his play is

not indistinguishable from the real time. The proscenium arch, doors and windows and other natural features like furniture are unnatural in 'Chowk Naatak'. He takes pains to emphasise the allegorical dimensions of drama. There is no stage as such. The entire action takes palce at the crossroads...the playwright aims at projecting human conditions as a metaphor...Ravi tells all this with the consummate skill of a poet in the time-honoured mould of folksongs reverberating with their haunting melodies."

**Kartar Singh Duggal**
-"The Tribune"- July 28, 1984.

Ravinder Ravi has written impressive and touching lyrics, with modern sensibility, to the tune of our folk songs, for this play.

"Chowk Naatak" was first published in 1984. It was first staged by the prominent playwright and director Dr. Surjit Singh Sethi in Mumbai and Goa, in 1986. Later on it was directed and presented by Subhash Puri, in Patiala, in 1987. The students of hte Ayurvedic College, Patiala performeed it in the P.U. Youth Festival and won the first prized, the same year.

Ravinder Ravi has written 16 Verse-Plays (KaavNaatak) todate and all of them have been staged by the prominent personalities of the Indian Punjabi Theater.

**Kewal Dhaliwal-ਕੇਵਲ ਧਾਲੀਵਾਲ**
Excerpts from the Brochure of the
'16th Punjab Theater Festival'



**SIFAR NAATAK** **Written by : Ravinder Ravi**
**(Zero Play)**
**ਸਿਫਰ ਨਾਟਕ** **Directed by : Kewal Dhaliwal**

A verse-play (ਕਾਵਿਨਾਟਕ)
written by the Canadian playwright Ravinder Ravi

Dr. Davinder Kaur, a renowned critic, commented on this play as follows :

"Zeroism is an important and integral part of the Indian philosophy. Viveka Nanda has explained it in details. Ravinder Ravi has transformed the essence of the Zero Philosophy in to a poetic play. This play foucses on the psyche of the human characters and presents it in a symbolic way. 'Zero State' represents the psyche of a person, who, although in time, lives in timelessness. This is a Divine state that creates Prophetic Possibilities in a playwright. The AURAT character and its disintegrating existence is very well presented by Ravinder Ravi. Ravinder Ravi recreates the philosophy of Zeroism (ShunyaWaad), in his unique way, in "Sifar Naatak". Life and Death are universal forces that run with as well as in the human existence, from time immemorial. Both are powerful and equally challenging.

In this play Ravi looks at life and death in a detatched way and creates them as equals running parallel to each other. Through stage symbols, visuals, dramatic action and poetic dialogues, he suggests that life is worth living to the last breath, free of any fear and death complex.

Using shade, shound, shadow and light techniques, with his focused artistic intensity, this play presents the problem of life and death through modern dramatic techniques."

(Monthly **"AKS"**, Delhi, India-April, 1987)

A prominent critic Prof. Avtar Jaura wrote about "Sifar Naatak":

> "This play is ideological in nature, in which the thought presents itself through the interplay of symbolic characters. Ravi appears like a mystic, while presenting the complex tragedy of the modern man, in this complicated atomic age." ("Jag Bani"-15.3.1987).
>
> Symbols of 'Billiard Trable' and 'Railway Train' have been effectively used in this play, to reflect on the eternal game of life and death. Mystic tones emerge through the loneliness, alienation. wanderings and disintegrated self of the modern man, in this play.
>
> This KaavNaatak was first published in 1987 and was successfully staged by Subhash Puri in Punjab, in 1987 and 1988.
>
> From 1974 to 2017, Ravinder Ravi has published 16 KaavNaatak and all of them have been staged by the renowned Indian Punjabi Theater personalities.

**Kewal Dhaliwal - ਕੇਵਲ ਧਾਲੀਵਾਲ**
Excerpts from the Brochure of the
'16th Punjab Theater Festival'



**ਅਖਬਾਰੀ ਰੀਵੀਊ**

# ਤੀਸਰੇ ਦਿਨ ਤਿੰਨ ਕਹਾਣੀਆਂ 'ਤੇ ਨਾਟਕ ਦਾ ਮੰਚਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਪੰਜਾਬ ਦੀ ਪ੍ਰਸਿੱਧ ਨਾਟ-ਸੰਸਥਾ "ਮੰਚ ਰੰਗਮੰਚ" (ਰਜਿ.), ਅੰਮ੍ਰਿਤਸਰ ਅਤੇ ਵਿਰਸਾ ਵਿਹਾਰ ਅੰਮ੍ਰਿਤਸਰ ਵਲੋਂ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ 29 ਜੂਨ ਤੋਂ 3 ਜੁਲਾਈ ਤਕ ਚੱਲਣ ਵਾਲੇ 16ਵੇਂ ਪੰਜਾਬੀ ਥੀਏਟਰ ਫੈਸਟੀਵਲ ਦੇ ਤੀਸਰੇ ਦਿਨ ਤਿੰਨ ਕਹਾਣੀਆਂ ਉੱਪਰ ਨਾਟਕਾਂ ਦਾ ਮੰਚਨ, ਵਿਰਸਾ ਵਿਹਾਰ ਦੇ ਸ. ਕਰਤਾਰ ਸਿੰਘ ਦੁੱਗਲ ਆਡੀਟੋਰੀਅਮ, ਵਿੱਚ ਕੀਤਾ ਗਿਆ। ਦੂਸਰਾ ਨਾਟਕ ਰਵਿੰਦਰ ਰਵੀ ਦਾ ਲਿਖਿਆ ਅਤੇ ਕੇਵਲ ਧਾਲੀਵਾਲ ਦਾ ਨਿਰਦੇਸ਼ਤ ਕੀਤਾ, ਪੰਜਾਬੀ ਨਾਟਕ : "ਚੌਕ ਨਾਟਕ" ਦਾ ਮੰਚਨ ਕੀਤਾ ਗਿਆ। ਤੀਸਰਾ ਨਾਟਕ ਰਵਿੰਦਰ ਰਵੀ ਦਾ ਲਿਖਿਆ ਅਤੇ ਕੇਵਲ ਧਾਲੀਵਾਲ ਦਾ ਨਿਰਦੇਸ਼ਤ ਕੀਤਾ ਨਾਟਕ : "ਸਿਫਰ ਨਾਟਕ" ਦਾ ਮੰਚਨ ਕੀਤਾ ਗਿਆ।

"ਚੌਕ ਨਾਟਕ" ਕਈ ਪ੍ਰਤੀਕਾਂ ਤੇ ਬਿੰਬਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਆਦਿ-ਦ੍ਰਿਸ਼ ਵਿਚ ਨਾਟਕਕਾਰ, ਜਿਸਦੀ ਥਾਂ ਨਿਰਦੇਸ਼ਕ ਜਾਂ ਕੋਈ ਹੋਰ ਵੀ ਹੋ ਸਕਦਾ ਹੈ, ਦਰਸ਼ਕਾਂ ਨੂੰ ਸੰਬੋਧਨ ਕਰਦਾ ਹੈ ਤੇ ਨਾਟਕ ਦੀ ਵਿਧੀ ਨਾਲ ਜੋੜਦਾ ਹੈ। ਉਸ ਪਿੱਛੋਂ ਇਸ ਕਾਵਿਨਾਟਕ ਦੇ ਛੋਟੇ ਛੋਟੇ ਦ੍ਰਿਸ਼ ਹਨ। ਕਾਵਿਨਾਟਕ ਜਾਗੋ ਅਤੇ ਸੋਤੇ ਦੇ ਗੀਤ ਅਤੇ ਸਥਿਤੀ ਤੋਂ ਸ਼ੁਰੂ ਹੁੰਦਾ ਹੈ। ਜਦੋਂ ਵੀ ਸੂਤਰਧਾਰ ਦਾ ਦ੍ਰਿਸ਼ ਆਉਂਦਾ ਹੈ, ਪਿਛੋਕੜ ਤੋਂ ਚੌਕ ਵਲ ਜਾ ਰਹੇ ਟਰੈਫਿਕ ਦਾ ਸ਼ੋਰ ਹੈ, ਉਸ ਪਿੱਛੋਂ ਨੇਤਾਵਾਂ, ਚਿੰਤਕਾਂ ਵਲੋਂ ਪੈਦਾ ਕੀਤੇ ਚਿੰਤਨਾਂ ਦੇ ਸ਼ੋਰ ਵਲ ਸੰਕੇਤ ਹੈ। ਗਿਆਨ ਵਿਗਿਆਨ ਨੇ ਵੀ ਇਕ ਚੌਕ ਦੀ ਸਥਿਤੀ ਪੈਦਾ ਕੀਤੀ ਹੈ। ਆਦਮ ਤੇ ਹੱਵਾ, 'ਅੰਨ੍ਹੇ ਖੂਹ' ਦੇ ਪ੍ਰਤੀਕ ਰਾਹੀਂ ਇਸ ਖੜੋਤ ਨੂੰ ਪ੍ਰਗਟ ਕਰਦੇ ਹਨ। ਸੂਤਰਧਾਰ ਜਿਨ੍ਹਾਂ ਪਾਤਰਾਂ ਦਾ ਸੰਖੇਪ ਦ੍ਰਿਸ਼ਾਂ ਵਿਚ ਜ਼ਿਕਰ ਕਰਦਾ ਹੈ, ਅਗਲੇ ਦ੍ਰਿਸ਼ਾਂ ਵਿਚ ਉਨ੍ਹਾਂ ਦਾ ਪਾਸਾਰ ਹੈ। ਅੰਤ 'ਤੇ 'ਦੀਪਕ' ਤੇ 'ਰੌਸ਼ਨੀ' ਵੀ, ਇਸੇ ਚੌਰਾਹੇ 'ਤੇ ਪਹੁੰਚ ਕੇ ਮਨਫੀ ਹੋ ਜਾਣ ਦੇ ਕਾਇਲ ਹਨ। ਜ਼ਿੰਦਾ ਹਨ ਤਾਂ ਕੇ

ਵਲ ਮਾਰੋ, ਲੁੱਟੋ ਦੀਆਂ ਆਵਾਜ਼ਾਂ। ਲਾਠੀ, ਗੋਲੀ ਜ਼ਿੰਦਾਬਾਦ। ਅੰਤਲਾ ਦ੍ਰਿਸ਼ ਫਿਰ ਜਾਗੋ ਦਾ ਏ, ਪਰ ਜਾਗੋ ਤੋਂ ਜਾਗੋ ਦੇ ਵਿਚਾਲੇ "ਚੌਕ ਨਾਟਕ" ਹੈ। ਇਸ ਚੌਕ ਤੋਂ ਵੱਧ ਕੇ ਹੋਰ ਚੌਕ ਬਣ ਗਏ ਹਨ।

**"ਨਵਾਂ ਜ਼ਮਾਨਾ"**- 3 ਜੁਲਾਈ, 2019

## 16ਵਾਂ ਪੰਜਾਬ ਥੀਏਟਰ ਫੈਸਟੀਵਲ ਦੌਰਾਨ ਤਿੰਨ ਨਾਟਕਾਂ ਦਾ ਕੀਤਾ ਮੰਚਨ

ਅੰਮ੍ਰਿਤਸਰ, 1 ਜੁਲਾਈ (ਹਰਮਿੰਦਰ ਸਿੰਘ)-ਮੰਚ ਰੰਗਮੰਚ (ਰਜਿ.) ਅੰਮ੍ਰਿਤਸਰ ਅਤੇ ਵਿਰਸਾ ਵਿਹਾਰ ਅੰਮ੍ਰਿਤਸਰ ਵਲੋਂ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ ਕਰਵਾਏ ਜਾ ਰਹੇ 16ਵੇਂ ਪੰਜਾਬ ਥੀਏਟਰ ਫੈਸਟੀਵਲ ਦੇ ਤੀਸਰੇ ਦਿਨ ਤਿੰਨ ਕਹਾਣੀਆਂ ਉੱਪਰ ਨਾਟਕ ਦਾ ਮੰਚਨ ਕੀਤਾ ਗਿਆ। ਦੂਸਰਾ ਨਾਟਕ ਰਵਿੰਦਰ ਰਵੀ ਦਾ ਲਿਖਿਆ ਅਤੇ ਕੇਵਲ ਧਾਲੀਵਾਲ ਦਾ ਨਿਰਦੇਸ਼ਤ ਕੀਤਾ ਪੰਜਾਬੀ ਨਾਟਕ 'ਚੌਕ ਨਾਟਕ' ਦਾ ਮੰਚਨ ਕੀਤਾ ਗਿਆ। ਤੀਸਰਾ ਨਾਟਕ ਰਵਿੰਦਰ ਰਵੀ ਦਾ ਹੀ ਲਿਖਿਆ ਅਤੇ ਕੇਵਲ ਧਾਲੀਵਾਲ ਦਾ ਨਿਰਦੇਸ਼ਤ ਕੀਤਾ ਨਾਟਕ 'ਸਿਫਰ ਨਾਟਕ' ਪੇਸ਼ ਕੀਤਾ ਗਿਆ। ਇਸ ਨਾਟਕ ਵਿਚ ਚਾਹਤ, ਅੰਕਿਤਾ, ਬਬਲੀ ਸਿੰਘਾ, ਗੁਰਪ੍ਰੀਤ, ਨਵਰਾਜ, ਐਮ.ਪੀ. ਮਸੀਹ, ਤੁਸ਼ਾਰ, ਗੁਰਜੰਟ, ਬਲਰਾਜ, ਮੁਹੰਮਦ ਅਲੀ, ਹੁਨਰਦੀਪ, ਸਾਜਨ, ਧਿਆਨ ਚੰਦ, ਕਮਲ, ਭੁਪਿੰਦਰ ਸ਼ਰਮਾ, ਪਿਯੂਸ਼ ਸੂਰਜ, ਹਰਪ੍ਰੀਤ, ਜੋਹਨਪਾਲ, ਨੂਰੂਦੀਨ, ਗਣੇਸ਼, ਨਵਪ੍ਰੀਤ, ਜਸਵੰਤ, ਬਲਰਾਜ, ਸਾਗਰ, ਨਵੀਨ, ਸੁਨੀਲ ਸਿੰਘ, ਜਸਪਾਲ, ਕਮਲਦੀਪ, ਰਜੇਸ਼ ਕੁਮਾਰ ਆਦਿ ਵਿਦਿਆਰਥੀਆਂ ਨੇ ਵੱਖ ਵੱਖ ਭੂਮਿਕਾਵਾਂ ਨਿਭਾਈਆਂ। ਨਾਟਕ ਨੂੰ ਦੇਖਣ ਲਈ ਕੇਵਲ ਧਾਲੀਵਾਲ, ਡਾ. ਅਰਵਿੰਦਰ ਕੌਲ ਧਾਲੀਵਾਲ, ਜਸਵੰਤ ਸਿੰਘ ਜੱਸ, ਸੁਮੀਤ ਸਿਘ, ਅਮਨ ਭੋਗਲ, ਨਰਿੰਦਰ ਸਾਂਘੀ, ਪ੍ਰੀਤਪਾਲ ਰੁਪਾਨਾ ਆਦਿ ਹਾਜ਼ਰ ਸਨ।

**"ਅਜੀਤ"**, 2 ਜੁਲਾਈ, 2019

अमृतसर, 1 जुलाई (राजेश) : मंच रंगमंच व विरसा विहार की तरफ से 16वें पंजाब थिएटर फैस्टीवल के तीसरे दिन 3 कहानियों पर



नाटक का मंचर किया गया। वहीं दूसरा नाटक रविन्द्र रवि व केवल धालीवाल का निर्देशित पंजाबी नाटक ''चौक नाटक'' का मंचन किया गया। तीसरो नाटक रविन्द्र रवि व केवल धालीवाल का निर्देशित नाटक ''सिफर नाटक'' का मंचन किया गया। नाटक ''चौक नाटक'' और ''सिफर नाटक'' में ट्रैफिक के हालात को बताया गया है, परन्तु इस बाबत नेताओं के द्वारा चिंतन के संकेत की स्थिति को पेश किया गया। इस नाटक में चाहत, अंकिता, बबली सिंह, गुरप्रीत सिंह, नवराज, एम. पी. मसीह, तुषार, गुरजंट, बलराज, मोहम्मद अली, हुनरदीप, साजन, ध्यान चंद, भूपिन्द्र शर्मा, पीयूष, सूरज, हरप्रीत सिंह, जोहनपाल, नूरुदीन, गणेश, सुनील, कमल, भूपिन्द्र शर्मा, सूरज और हरप्रीत सहित कई कलाकारों ने नाटक में अभिनय किया।

''दैनिक भास्कर''
जुलाई 2, 2019

**"ਦੈਨਿਕ ਭਾਸਕਰ"**
ਜੁਲਾਈ 2, 2019

Final Dummy

# ਅੰਤਿਕਾ





Final Dummy

## ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ

1. ਦਿਲ ਦਰਿਆ ਸਮੁੰਦਰੋਂ ਡੂੰਘੇ—ਧਨਪਤ ਰਾਏ ਐਂਡ ਸਨਜ਼, ਜਲੰਧਰ—1961
2. ਬੁੱਕਲ ਦੇ ਵਿਚ ਚੋਰ—ਹਿੰਦ ਪਬਲਿਸ਼ਰਜ਼, ਜਲੰਧਰ—1963
3. ਬਿੰਦੂ—ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ—1965
4. ਮੌਨ ਹਾਦਸੇ—ਰਾਜ ਰੂਪ ਪ੍ਰਕਾਸ਼ਨ, ਜਲੰਧਰ—1967
5. ਦਿਲ-ਟ੍ਰਾਂਸਪਲਾਂਟ ਤੋਂ ਬਾਅਦ—ਨਿਊ ਬੁਕ ਕੰਪਨੀ, ਜਲੰਧਰ—1969
6. ਸ਼ਹਿਰ ਜੰਗਲੀ ਹੈ—ਨਿਊ ਬੁਕ ਕੰਪਨੀ, ਜਲੰਧਰ—1970
7. ਮੇਰੇ ਮੌਸਮ ਦੀ ਵਾਰੀ—ਨਿਊ ਬੁਕ ਕੰਪਨੀ, ਜਲੰਧਰ—1972
8. ਜਲ ਭਰਮ-ਜਲ—ਕੇ. ਲਾਲ ਐਂਡ ਕੰਪਨੀ, ਜਲੰਧਰ—1976
9. ਚਿੱਟੇ ਕਾਲੇ ਧੱਬੇ—ਕੇ. ਲਾਲ ਐਂਡ ਕੰਪਨੀ, ਜਲੰਧਰ—1978
10. ਸੀਮਾਂ ਆਕਾਸ਼—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1980
11. ਸ਼ੀਸ਼ੇ 'ਤੇ ਦਸਤਕ—ਨਵਯੁੱਗ ਪਬਲਿਸ਼ਰਜ਼, ਦਿੱਲੀ—1983
12. ਆਪਣੇ ਖ਼ਿਲਾਫ਼—ਨਵਯੁੱਗ ਪਬਲਿਸ਼ਰਜ਼, ਦਿੱਲੀ—1986
13. ਸੂਰਜ ਤੇਰਾ ਮੇਰਾ—ਨੈਸ਼ਨਲ ਬੁਕ ਸ਼ਾਪ, ਦਿੱਲੀ—1989
14. ਗੰਢਾਂ—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1993
15. ਸ਼ਬਦੋਂ ਪਾਰ—ਨੈਸ਼ਨਲ ਬੁਕ ਸ਼ਾਪ, ਦਿੱਲੀ—1999
16. ਪੱਤਰ ਤੇ ਦਰਿਆ—ਨੈਸ਼ਨਲ ਬੁਕ ਸ਼ਾਪ, ਦਿੱਲੀ—2003
17. ਛਾਵਾਂ ਤੇ ਪਰਛਾਵੇਂ—ਨੈਸ਼ਨਲ ਬੁਕ ਸ਼ਾਪ, ਦਿੱਲੀ—2007
18. ਬਾਜ਼ ਦੀ ਨਜ਼ਰ—ਨੈਸ਼ਨਲ ਬੁਕ ਸ਼ਾਪ, ਦਿੱਲੀ—2010
19. ਨਵੀਂ ਸਦੀ ਦੀ ਨਵੀਂ ਨਸਲ—ਨੈਸ਼ਨਲ ਬੁਕ ਸ਼ਾਪ, ਦਿੱਲੀ—2013
20. ਸ਼ਬਦਾਂ ਦੇ ਚਿਹਰੇ—ਨੈਸ਼ਨਲ ਬੁਕ ਸ਼ਾਪ, ਦਿੱਲੀ—2014
21. ਨਿਹੋਂਦ ਦਾ ਗੀਤ—ਨੈਸ਼ਨਲ ਬੁਕ ਸ਼ਾਪ, ਦਿੱਲੀ—2015
22. ਫੇਸਬੁੱਕ ਕਵਿਤਾ—ਨੈਸ਼ਨਲ ਬੁਕ ਸ਼ਾਪ, ਦਿੱਲੀ—2018
23. ਮੈਂ-ਕਾਲ : ਤ੍ਰੈਕਾਲ—ਨੈਸ਼ਨਲ ਬੁਕ ਸ਼ਾਪ, ਦਿੱਲੀ—2019
24. ਪਾਰ ਗਾਥਾ—ਨੈਸ਼ਨਲ ਬੁਕ ਸ਼ਾਪ, ਦਿੱਲੀ—2020

**ਕਵਿਤਾ ਦੇ ਸਮੁੱਚੇ ਸੰਗ੍ਰਹਿ (Collected works)**

1. ਅਕੱਥ ਕਥਾ (1955 ਤੋਂ 1966, ਭਾਰਤ)
   —ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1988
   ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

2. ਵਣ ਵਾਣੀ (1967 ਤੋਂ 1974, ਕੀਨੀਆ)
—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1988
ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

3. ਪਿਆਸਾ ਬੱਦਲ (1974 ਤੋਂ 1986 ਕੈਨੇਡਾ)
—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1990
ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

4. ਸ਼ਬਦ ਸਾਗਰ (1986 ਤੋਂ 2003 ਕੈਨੇਡਾ)
—ਨੈਸ਼ਨਲ ਬੁਕ ਸ਼ਾਪ, ਦਿੱਲੀ—2004

5. ਪਿੰਡ ਬ੍ਰਹਮੰਡ (2003 ਤੋਂ 2014 ਕੈਨੇਡਾ)
—ਨੈਸ਼ਨਲ ਬੁਕ ਸ਼ਾਪ, ਦਿੱਲੀ—2015

**ਅੰਗਰੇਜ਼ੀ ਵਿਚ**

Restless Soul—Indo-Candian Publishers,
Surrey, B.C. Canada-1978
Second Edition—National Book Shop, Delhi-2008

**ਹਿੰਦੀ ਵਿਚ**

1. ਸੂਰਯ ਕਾ ਤਕੀਆ—ਪ੍ਰਤੀਕ ਪਬਲੀਕੇਸ਼ਨਜ਼, ਲੁਧਿਆਣਾ—1998
ਦੂਜਾ ਐਡੀਸ਼ਨ—ਨੈਸ਼ਨਲ ਬੁਕ ਸ਼ਾਪ, ਦਿੱਲੀ—2009

**ਪਾਕਿਸਤਾਨ ਵਿਚ**

1. ਗੰਢਾਂ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—1999

2. ਸ਼ਬਦੋਂ ਪਾਰ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—1999

3. ਹੀਰਿਆਂ ਦਾ ਚੋਗ—ਚੋਣਵੀਂ ਕਵਿਤਾ ਦਾ ਸੰਗ੍ਰਹਿ—1974-1989—(ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—2002

4. ਪੱਤਰ ਤੇ ਦਰਿਆ (ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—2005

5. ਸ਼ਬਦਾਂ ਦੇ ਚਿਹਰੇ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016



6. ਨਿਹੋਂਦ ਦਾ ਗੀਤ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016

7. ਨਵੀਂ ਸਦੀ ਦੀ ਨਵੀਂ ਨਸਲ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2017

## ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ

1. "ਬੀਮਾਰ ਸਦੀ"—ਮੁਹਿੰਦਰ ਪਾਲ ਪਬਲਿਸ਼ਰਜ਼, ਜਲੰਧਰ—1974
2. "ਦਰ ਦੀਵਾਰਾਂ"—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1981
3. "ਅੱਧੀ ਰਾਤ ਦੁਪਹਿਰ"—ਨਵਯੁੱਗ ਪਬਲਿਸ਼ਰਜ਼, ਦਿੱਲੀ—1983
4. "ਚੌਕ ਨਾਟਕ"—ਨਵਯੁੱਗ ਪਬਲਿਸ਼ਰਜ਼, ਦਿੱਲੀ—1984
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
5. "ਰੂਹ ਪੰਜਾਬ ਦੀ"—ਦੀਪਕ ਪਬਲਿਸ਼ਰਜ਼, ਜਲੰਧਰ—1984
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
6. "ਸਿਫ਼ਰ ਨਾਟਕ"—ਰਵੀ ਸਹਿਤ ਪ੍ਰਕਾਸ਼ਨ, ਅੰਮ੍ਰਿਤਸਰ—1987
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
7. "ਤਿੰਨ ਨਾਟਕ"—ਨੈਸ਼ਨਲ ਬੁਕ ਸ਼ਾਪ, ਦਿੱਲੀ—1990
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
8. "ਮਨ ਦੇ ਹਾਣੀ"—ਨੈਸ਼ਨਲ ਬੁਕ ਸ਼ਾਪ, ਦਿੱਲੀ—2005
9. "ਮਖੌਟੇ ਤੇ ਹਾਦਸੇ"—ਨੈਸ਼ਨਲ ਬੁਕ ਸ਼ਾਪ, ਦਿੱਲੀ—2009
10. "ਚੱਕ੍ਰਵਯੂਹ ਤੇ ਪਿਰਾਮਿਡ"—ਨੈਸ਼ਨਲ ਬੁਕ ਸ਼ਾਪ, ਦਿੱਲੀ—2010
11. "ਆਪੋ ਆਪਣੇ ਦਰਿਆ"—ਨੈਸ਼ਨਲ ਬੁਕ ਸ਼ਾਪ, ਦਿੱਲੀ—2015
12. "ਹੋਂਦ ਨਿਹੋਂਦ"—ਨੈਸ਼ਨਲ ਬੁਕ ਸ਼ਾਪ, ਦਿੱਲੀ—2016
13. "ਪਰਤੱਖ ਤੋਂ ਅਗਾਂਹ" (ਦੋ ਕਾਵਿ-ਨਾਟਕ : "ਭਰਮ-ਜਲ" ਅਤੇ "ਸਿਆਸੀ ਦੰਦ-ਕਥਾ")
    —ਨੈਸ਼ਨਲ ਬੁਕ ਸ਼ਾਪ, ਦਿੱਲੀ—2017

### ਥੀਮਕੀ ਤਿੱਕੜੀ (Thematic Trilogy)

1. **"ਸੂਰਜ ਨਾਟਕ"** (ਬੀਮਾਰ ਸਦੀ, ਦਰ ਦੀਵਾਰਾਂ ਤੇ ਅੱਧੀ ਰਾਤ ਦੁਪਹਿਰ)
   —ਨਵਯੁੱਗ ਪਬਲਿਸ਼ਰਜ਼, ਦਿੱਲੀ—1985
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
2. **ਨਾਟਕ ਤੇ ਰੰਗਮੰਚ :** ਦੋ ਨਾਟਕ ਤੇ ਰੰਗਮੰਚ
   —ਨੈਸ਼ਨਲ ਬੁਕ ਸ਼ਾਪ, ਦਿੱਲੀ—2014



2. **ਦਰ ਦੀਵਾਰਾਂ ਤੇ ਸਿਆਸੀ ਦੰਦ-ਕਥਾ : ਮੂਲ ਪਾਠ ਅਤੇ ਰੰਗਮੰਚਕੀ ਵੇਰਵੇ**
   —ਨੈਸ਼ਨਲ ਬੁਕ ਸ਼ਾਪ, ਦਿੱਲੀ—2019
3. **ਚੌਕ ਨਾਟਕ ਤੇ ਸਿਫਰ ਨਾਟਕ : ਮੂਲ ਪਾਠ ਅਤੇ ਰੰਗਮੰਚਕੀ ਵੇਰਵੇ**
   —ਨੈਸ਼ਨਲ ਬੁਕ ਸ਼ਾਪ, ਦਿੱਲੀ—2020

### ਕਾਵਿ-ਨਾਟਕਾਂ ਦੇ ਸਮੁੱਚੇ ਸੰਗ੍ਰਹਿ

1. "ਮੰਚ ਨਾਟਕ" (1974-90)—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1993
2. "ਮੇਰੇ ਕਾਵਿ-ਨਾਟਕ-1" : ਸੈਂਚੀ ਪਹਿਲੀ (1974-1983)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
3. "ਮੇਰੇ ਕਾਵਿ-ਨਾਟਕ-2" : ਸੈਂਚੀ ਦੂਜੀ (1984-1987)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
4. "ਮੇਰੇ ਕਾਵਿ-ਨਾਟਕ-3" : ਸੈਂਚੀ ਤੀਜੀ (1990-2005)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
5. "ਮੇਰੇ ਕਾਵਿ-ਨਾਟਕ-4" : ਸੈਂਚੀ ਚੌਥੀ (2008-2010)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2013

### ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕਾਂ ਦਾ ਸਮੁੱਚਾ ਸੰਗ੍ਰਹਿ :

1. "ਮੰਚ ਨਾਟਕ" (1974-1990)
   —ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2001

### ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕ

1. "ਮਨ ਦੇ ਹਾਣੀ"
   —ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2005

# ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ

| ਕਹਾਣੀ-ਸੰਗ੍ਰਹਿ | ਪ੍ਰਕਾਸ਼ਕ | ਪੰਨੇ |
|---|---|---|
| 1. ਚਰਾਵੀ | ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ | 115 |
| | ਤਿੰਨ ਰੁਪਏ—1963 | |
| | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 2. ਜੁਰਮ ਦੇ ਪਾਤਰ | ਨਿਊ ਬੁਕ ਕੰਪਨੀ, ਜਲੰਧਰ | 155 |
| | ਪੰਜ ਰੁਪਏ—1968 | |
| | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 3. ਸ਼ਹਿਰ ਵਿਚ ਜੰਗਲ | ਰਾਜ ਰੂਪ ਪ੍ਰਕਾਸ਼ਨ, ਜਲੰਧਰ | 120 |
| | ਪੰਜ ਰੁਪਏ—1969 | |
| | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 4. ਕੌਣ ਪ੍ਰਤੀਕੌਣ | ਹਜ਼ੂਰੀਆ ਪਬਲਿਸ਼ਰਜ਼ ਕੰਪਨੀ, ਜਲੰਧਰ | 83 |
| | 5.75 ਰੁਪਏ—1971 | |
| | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 5. ਮੈਲੀ ਪੁਸਤਕ | ਮੁਹਿੰਦਰਪਾਲ ਪਬਲਿਸ਼ਿੰਗ, ਜਲੰਧਰ | 96 |
| | ਅੱਠ ਰੁਪਏ—1973 | |
| | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 6. ਜਿੱਥੇ ਦੀਵਾਰਾਂ ਨਹੀਂ | ਕੇ. ਲਾਲ. ਐਂਡ ਕੰਪਨੀ, ਜਲੰਧਰ | 139 |
| | ਵੀਹ ਰੁਪਏ—1978 | |
| | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 7. ਕੰਪਿਊਟਰ ਕਲਚਰ | ਨਵਯੁਗ ਪਬਲਿਸ਼ਰਜ਼, ਦਿੱਲੀ-6 | 128 |
| | ਪੈਂਤੀ ਰੁਪਏ—1985 | |
| | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 8. ਆਪਣੇ ਆਪਣੇ ਟਾਪੂ | ਨੈਸ਼ਨਲ ਬੁਕ ਸ਼ਾਪ, ਦਿੱਲੀ-6 | 120 |
| | ਸੱਠ ਰੁਪਏ—1992 | |
| | ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | |
| 9. ਗੋਰੀਆਂ ਸ਼ਹੀਦੀਆਂ | ਨੈਸ਼ਨਲ ਬੁਕ ਸ਼ਾਪ, ਦਿੱਲੀ-6 | 160 |
| | 225 ਰੁਪਏ—2010 | |

## ਸਮੁੱਚੇ ਕਹਾਣੀ-ਸੰਗ੍ਰਹਿ

| | | |
|---|---|---|
| 1. ਅਘਰਵਾਸੀ (1955-1983) | ਨਵਯੁਗ ਪਲਲਿਸ਼ਰਜ਼, ਦਿੱਲੀ-6<br>ਅੱਸੀ ਰੁਪਏ—1984 | 436 |
| 2. ਮੇਰੀ ਕਹਾਣੀ (1955-2005) | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>495 ਰੁਪਏ—2006 | 648 |
| 3. ਮੇਰੀਆਂ ਸਾਰੀਆਂ ਕਹਾਣੀਆਂ (1955-2010) | ਨੈਸ਼ਨਲ ਬੁਕ ਸ਼ਾਪ, ਦਿੱਲੀ-6 | 2017 |



## ਚੋਣਵੇਂ ਕਹਾਣੀ-ਸੰਗ੍ਰਹਿ

| | | |
|---|---|---|
| 1. ਸਮੇਂ ਦੇ ਨਾਲ ਨਾਲ (1955-1989) | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>140 ਰੁਪਏ—1989 | 322 |
| 2. ਖੰਭਾਂ ਵਾਲੇ ਪਿੰਜਰੇ (1955-2000) | ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ<br>325 ਰੁਪਏ—2001 | 376 |
| 3. ਚੋਣਵੀਆਂ ਕਹਾਣੀਆਂ (ਇਸਤਰੀ-ਮਰਦ ਪ੍ਰਸੰਗ ਵਾਲੀਆਂ ਕਹਾਣੀਆਂ) | ਕੁਕਨੁਸ ਪ੍ਰਕਾਸ਼ਨ, ਜਲੰਧਰ<br>75 ਤੇ 40 ਰੁਪਏ—2002 | 111 |
| 4. ਚੋਣਵੀਆਂ ਕਹਾਣੀਆਂ-2 (ਬ੍ਰਹਮੰਡਕ ਚੇਤਨਾ) | ਕੁਕਨੁਸ ਪ੍ਰਕਾਸ਼ਨ, ਜਲੰਧਰ-2008 | |

## ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)

| | | |
|---|---|---|
| 1. ਖੰਭਾਂ ਵਾਲੇ ਪਿੰਜਰੇ | ਇਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਲਾਹੌਰ<br>450 ਰੁਪਏ—2000 | 432 |
| 2. ਵਗਦੇ ਦਰਿਆ (1967-2010) | ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ, 2018 | |

## ਰਵਿੰਦਰ ਰਵੀ ਦੀਆਂ ਕਹਾਣੀਆਂ ਦੇ ਗਹਿਨ ਅਧਿਅਨ

| | | |
|---|---|---|
| 1. | *ਯੁਕਲਿਪਟਸ ਤੇ ਹੈਮਿੰਗਵੇ—ਨੈਸ਼ਨਲ ਬੁਕ ਸ਼ਾਪ, ਦਿੱਲੀ<br>ਲੇਖਕ : ਡਾ. ਦੇਵਿੰਦਰ ਕੌਰ—35 ਰੁਪਏ—1989 | 112 |
| 2. | **ਕਥਾ ਸਨਮੁਖ—ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ<br>ਸੰਪਾ: ਰਵਿੰਦਰ ਰਵੀ—140 ਰੁਪਏ—2001 | 168 |
| 3. | ***ਕਥਾ ਸਨਮੁਖ-2—ਨੈਸ਼ਨਲ ਬੁਕ ਸ਼ਾਪ, ਦਿੱਲੀ<br>ਸੰਪਾ: ਰਵਿੰਦਰ ਰਵੀ—350 ਰੁਪਏ—2012 | 204 |

---

* "ਅਨ੍ਹੇਰਾ ਯੂਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਦੇ ਗਹਿਨ ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

** "ਅਨ੍ਹੇਰਾ ਯੂਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਉੱਤੇ ਲਿਖੇ ਡਾ. ਦੇਵਿੰਦਰ ਕੌਰ ਦੇ ਗਹਿਨ ਅਧਿਅਨ ਅਤੇ "ਹਮ ਛਿਣ" ਕਹਾਣੀ ਤੇ ਉਸ ਉੱਤੇ ਲਿਖਿਆ ਡਾ. ਹਰਚੰਦ ਸਿੰਘ ਬੇਦੀ ਦਾ ਗਹਿਨ-ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

*** "ਕਥਾ ਸਨਮੁਖ-2" ਇਸ ਪੁਸਤਕ ਵਿਚ ਹੇਠ ਲਿਖੀਆਂ ਕਹਾਣੀਆਂ ਦੇ ਗਹਿਨ ਅਧਿਐਨ ਸ਼ਾਮਿਲ ਹਨ :

1. ਅਨ੍ਹੇਰਾ ਯੂਕਲਿਪਟਸ ਤੇ ਅੱਗ -ਡਾ. ਦੇਵਿੰਦਰ ਕੌਰ ਤੇ ਡਾ. ਵਨੀਤਾ
2. ਇਕ ਹੋਰ ਹੈਮਿੰਗਵੇ - ਡਾ. ਦੇਵਿੰਦਰ ਕੌਰ
3. ਹਮ ਛਿਣ -ਡਾ. ਹਰਚੰਦ ਸਿੰਘ ਬੇਦੀ
4. ਸ਼ਾਦੀ ਵੱਲ ਜਾਂਦੀ ਸੜਕ -ਡਾ. ਅਕਵਿੰਦਰ ਕੌਰ ਬਾਹਲ
5. ਕੰਪਿਊਟਰ ਕਲਚਰ -ਮਨਜੀਤ ਮੀਤ (ਕੈਨੇਡਾ)

# ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ

**ਸਫ਼ਰਨਾਮਾ**

| | | | |
|---|---|---|---|
| 1. | ਸਿਮਰਤੀਆਂ ਦੇ ਦੇਸ਼ | ਧਨਪਤ ਰਾਏ ਐਂਡ ਸਨਜ਼, ਜਲੰਧਰ | 1979 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2006 |

**ਵਾਰਤਕ : ਸਾਹਿਤਿਕ ਸ੍ਵੈ-ਜੀਵਨੀ**

| | | | |
|---|---|---|---|
| 1. | ਮੇਰੀ ਸਾਹਿਤਿਕ ਸ੍ਵੈ-ਜੀਵਨੀ | ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ | 1994 |
| 2. | ਐਟਸੈਟਰਾ-2 (ਰਚਨ-ਪ੍ਰਕ੍ਰਿਆ ਤੇ ਹੋਰ ਲੇਖ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. | ਐਟਸੈਟਰਾ-3 (ਮੁਲਾਕਾਤਾਂ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. | ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸ੍ਵੈ-ਜੀਵਨੀ) | ਪੰਜਾਬੀ ਯੂਨੀਵਰਸਿਟੀ, ਪਟਿਆਲਾ | 2010 |
| 5. | ਐਟਸੈਟਰਾ-4 (ਮੁਲਾਕਤਾਂ ਤੇ ਫੁਟਕਲ ਲਿਖਤਾਂ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |

**ਸਾਹਿਤ ਸਮੀਖਿਆ ਤੇ ਸੰਕਲਨ**

| | | | |
|---|---|---|---|
| 1. | ਪ੍ਰਯੋਗਸ਼ੀਲ ਕਾਵਿ-ਦਰਪਨ | ਹਜ਼ੂਰੀਆ ਪਬਲਿਸ਼ਰਜ਼, ਜਲੰਧਰ | 1964 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 2. | ਮੇਰਾ ਕਾਵਿ-ਨਾਟ ਲੋਕ | ਨੈਸ਼ਨਲ ਬੁਕ ਸ਼ਾਪ, ਦਿੱਲੀ | 1990 |
| | (ਦੂਜਾ ਐਡੀਸ਼ਨ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. | ਐਟਸੈਟਰਾ-1 (ਖੋਜ-ਪੱਤਰ ਤੇ ਆਲੋਚਨਾ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. | ਮੇਰਾ ਥੀਏਟਰ ਤੇ ਇੱਕੀਵੀਂ ਸਦੀ | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |
| 5. | ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਿਕ, ਸਿਧਾਂਤਕ ਤੇ ਤਕਨੀਕੀ ਪਰਿਪੇਖ | ਨੈਸ਼ਨਲ ਬੁਕ ਸ਼ਾਪ, ਦਿੱਲੀ | 2018 |

**ਸੰਪਾਦਨ (ਪੰਜਾਬੀ ਤੇ ਅੰਗਰੇਜ਼ੀ ਵਿਚ)**

| | | | |
|---|---|---|---|
| 1. | ਵਿਸ਼ਵ ਪੰਜਾਬੀ ਸਾਹਿਤ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1981 |
| 2. | ਕਵਿਤਾ ਸਨਮੁਖ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1994 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |



Final Dummy

| | | | |
|---|---|---|---|
| 3. | ਕਥਾ ਸਨਮੁਖ | ਚੇਤਨਾ ਪ੍ਰਕਾਸ਼ਨ, ਲੁਧਿਆਣਾ | 2001 |
| 4. | ਕਥਾ ਸਨਮੁਖ-2 | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |
| 5. | ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ) | ਨਵਯੁੱਗ ਪਬਲਿਸ਼ਰਜ਼, ਦਿੱਲੀ | 1992 |
| 6. | Wind Song (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1978 |
| 7. | Wind Song-2 (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1984 |

**ਅੰਗਰੇਜ਼ੀ ਵਿਚ ਚੋਣਵੀਂ ਕਵਿਤਾ-ਹੋਰ ਕਵੀਆਂ ਨਾਲ ਸਾਂਝੀ**

| | | | |
|---|---|---|---|
| 1. | The Rebel Sound | Dave Book Centre, Nairobi, Kenya | 1968 |
| 2. | The Voices of Dissent | Seema Parkashan, Jalandhar India | 1972 |
| 3. | Indian Poetry Today (Volume One) | Indian Council for Cultural Relations, New Delhi | 1974 |
| 4. | Green Snow | Vesta Publications, Cornwall, Ontario, Canada | 1976 |
| 5. | Hundred Indian Poets | Oxford + IBH Publishing Company, India. | 1977 |

**ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ**

ਰਵਿੰਦਰ ਰਵੀ ਦੀ ਸਵੈ-ਜੀਵਨੀ, 7 ਵੀਡੀਓ-ਭਾਗਾਂ ਵਿਚ, ਵੇਖਣ/ਸੁਨਣ ਲਈ, ਹੇਠ ਲਿਖੇ ਵੈਬਸਾਈਟ ਉੱਤੇ ਜਾ ਕੇ, **Autobiography** ਭਾਗ ਵਿਚ ਪ੍ਰਾਪਤ ਕਰੋ : **www.ravinder-ravi.com**



Final Dummy

# ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ

1. ਯੂਕਲਿਪਟਸ ਤੇ ਹੈਮਿੰਗਵੇ: (ਦੋ ਕਹਾਣੀਆਂ ਦੇ ਪੜ੍ਹਤ-ਅਧਿਅਨ)
   ਲੇਖਿਕਾ : ਡਾ. ਦੇਵਿੰਦਰ ਕੌਰ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—1989

2. ਮੇਰਾ ਕਾਵਿ-ਨਾਟ ਲੋਕ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—1990
   ਦੂਜਾ ਐਡੀਸ਼ਨ : ਤ੍ਰਿਲੋਚਨ ਪਬਲਿਸ਼ਰਜ਼, ਚੰਡੀਗੜ੍ਹ—2008

3. ਕਵਿਤਾ ਸਨਮੁਖ : 25 ਕੁ ਕਵਿਤਾਵਾਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1994
   ਦੂਜਾ ਐਡੀਸ਼ਨ : ਨੈਸ਼ਨਲ ਬੁਕ ਸ਼ਾਪ, ਦਿੱਲੀ—2008

4. ਰਵਿੰਦਰ ਰਵੀ ਦਾ ਰਚਨਾ ਸੰਸਾਰ
   ਲੇਖਕ : ਪ੍ਰੋ. ਬ੍ਰਹਮ ਜਗਦੀਸ਼ ਸਿੰਘ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1999

5. ਕਥਾ ਸਨਮੁਖ : ਤਿੰਨ ਕਹਾਣੀਆਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ—2001

6. ਰਵਿੰਦਰ ਰਵੀ ਦੀ ਕਵਿਤਾ ਵਿਚ ਮਾਨਵੀ ਰਿਸ਼ਤੇ
   ਲੇਖਿਕਾ : ਡਾ. ਸੁਖਵਿੰਦਰ ਕੌਰ ਮੱਲ੍ਹੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ—2002

7. ਨਾਟਕਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2003

8. ਕਥਾਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2004





9. ਰਵਿੰਦਰ ਰਵੀ ਦੀ ਕਹਾਣੀ-ਕਲਾ
   ਲੇਖਿਕਾ : ਦਲਜਿੰਦਰ ਕੌਰ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2006

10. ਰਵਿੰਦਰ ਰਵੀ ਦਾ ਨਾਟ-ਚਿੰਤਨ
    ਲੇਖਕ : ਡਾ. ਸਤਨਾਮ ਸਿੰਘ ਜੱਸਲ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2007

11. ਕਵੀ ਰਵਿੰਦਰ ਰਵੀ
    ਸੰਪਾਦਕ : ਮਨਜੀਤ ਮੀਤ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2008

12. ਰਵਿੰਦਰ ਰਵੀ ਦੀ ਕਹਾਣੀ : ਸੱਭਿਆਚਾਰਕ ਪਰਿਪੇਖ
    ਲੇਖਕ : ਡਾ. ਗੁਰਜੰਟ ਸਿੰਘ
    ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ—2009

13. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਸੰਰਚਨਾਤਮਕ ਅਧਿਐਨ
    ਲੇਖਕ : ਮੁਨੀਸ਼ ਕੁਮਾਰ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2011

14. ਮੇਰਾ ਥੀਏਟਰ ਤੇ ਇੱਕੀਵੀਂ ਸਦੀ
    ਸੰਪਾਦਕ : ਰਵਿੰਦਰ ਰਵੀ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿਲੀ—2012

15. ਰਵਿੰਦਰ ਰਵੀ ਦਾ ਸਫ਼ਰਨਾਮਾ ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ
    ਲੇਖਿਕਾ : ਮਨਮੀਤ ਕੌਰ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2012

16. ਕਥਾ ਸਨਮੁਖ-2 ਪੰਜ ਕਹਾਣੀਆਂ ਦੇ ਪੜ੍ਹਤ-ਅਧਿਐਨ
    ਸੰਪਾਦਕ : ਰਵਿੰਦਰ ਰਵੀ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2012

17. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ "ਥੀਮ ਵਿਗਿਆਨਕ" ਵਿਸ਼ਲੇਸ਼ਣ
    ਲੇਖਿਕਾ : ਡਾ. ਰਵਿੰਦਰ ਕੌਰ ਬੇਦੀ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2014

18. ਰਵਿੰਦਰ ਰਵੀ ਦਾ ਸਾਹਿਤ-ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ
ਲੇਖਿਕਾ : ਡਾ. ਕਿਰਨਦੀਪ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2014

19. ਰਵਿੰਦਰ ਰਵੀ ਕਾਵਿ : ਸੱਭਿਆਚਾਰਕ ਤਣਾਓ-ਪਰਵਾਸੀ ਸੰਦਰਭ
ਲੇਖਿਕਾ : ਸਰਬਜੀਤ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2015

20. ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ
ਲੇਖਕ : ਡਾ. ਨਾਨਕ ਸਿੰਘ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2017

21. ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿ ਆਪਣੇ ਖਿਲਾਫ਼
(ਮੂਲ ਪਾਠ ਅਤੇ ਆਲੋਚਨਾ)
ਸੰਪਾਦਕ : ਮਨਜੀਤ ਸਿੰਘ (ਪ੍ਰੋ.), ਡਾ. ਜਸਪਾਲ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2017

22. ਮੇਰਾ ਕਾਵਿ-ਨਾਟਕੀ ਰੰਗਮੰਚ : ਇਤਿਹਾਸਕ, ਸਿਧਾਂਤਕ ਤੇ ਤਕਨੀਕੀ ਪਰਿਪੇਖ
ਲੇਖਕ : ਰਵਿੰਦਰ ਰਵੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2018

**ਨੋਟ** : 64 ਪੁਸਤਕਾਂ—ਰਵਿੰਦਰ ਰਵੀ ਦੀਆਂ ਜਾਂ ਉਸ ਉੱਤੇ ਪਿਛਲੇ 31 ਸਾਲਾਂ (1987-2018) ਵਿਚ ਨੈਸ਼ਨਲ ਬੁਕ ਸ਼ਾਪ, ਦਿੱਲੀ ਨੇ ਪ੍ਰਕਾਸ਼ਤ ਕੀਤੀਆਂ।



# ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ. ਐਚ. ਡੀ. ਪੱਧਰ ਦਾ ਖੋਜ-ਕਾਰਜ

## ਪੂਰਾ ਹੋ ਚੁੱਕਾ ਖੋਜ-ਕਾਰਜ

1. ਖੋਜਾਰਥੀ : ਸੁਖਵਿੰਦਰ ਕੌਰ ਮੱਲ੍ਹੀ
ਨਿਗਰਾਨ : ਡਾ. ਹਰਚੰਦ ਸਿੰਘ ਬੇਦੀ
ਵਿਸ਼ਾ : ਰਵਿੰਦਰ ਰਵੀ ਦੀ ਕਾਵਿ-ਰਚਨਾ ਵਿਚ ਮਾਨਵੀ ਰਿਸ਼ਤਿਆਂ ਦੇ ਵਿਭਿੰਨ ਪਾਸਾਰ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
ਇਹ ਖੋਜ-ਕਾਰਜ 2002 ਵਿਚ ਪੂਰਾ ਹੋਇਆ

2. ਖੋਜਾਰਥੀ : ਗੁਰਜੰਟ ਸਿੰਘ
ਨਿਗਰਾਨ : ਡਾ. ਸ. ਪ. ਸਿੰਘ
ਵਿਸ਼ਾ : ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਸੱਭਿਆਚਾਰਕ ਅਧਿਅਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
ਇਹ ਖੋਜ-ਕਾਰਜ, 2005 ਵਿਚ ਪੂਰਾ ਹੋਇਆ

3. ਖੋਜਾਰਥੀ : ਰਵਿੰਦਰ ਕੌਰ ਬੇਦੀ
ਨਿਗਰਾਨ : ਡਾ. ਮਨਜੀਤ ਸਿੰਘ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ-ਵਿਗਿਆਨਕ ਵਿਸ਼ਲੇਸ਼ਣ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
ਇਹ ਖੋਜ-ਕਾਰਜ, 2008-2009 ਵਿਚ ਪੂਰਾ ਹੋਇਆ

4. ਖੋਜਾਰਥੀ : ਕਿਰਨਦੀਪ ਕੌਰ
ਨਿਗਰਾਨ : ਡਾ. ਗੁਰਮੁਖ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਰਚਨਾ ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
ਇਹ ਖੋਜ-ਕਾਰਜ, 2013 ਵਿਚ ਪੂਰਾ ਹੋਇਆ

5. ਖੋਜਾਰਥੀ : ਨਾਨਕ ਸਿੰਘ
ਨਿਗਰਾਨ : ਡਾ. ਸੁਖਦੇਵ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ
ਯੂਨੀਵਰਸਿਟੀ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਭਾਰਤ
ਇਹ ਖੋਜ-ਕਾਰਜ, 2016 ਵਿਚ ਪੂਰਾ ਹੋਇਆ

6. ਖੋਜਾਰਥੀ : ਮੁਕੇਸ਼ ਲਤਾ
ਨਿਗਰਾਨ : ਡਾ. ਹਰਦਿਲਜੀਤ ਗੋਸਲ
ਵਿਸ਼ਾ : ਆਧੁਨਿਕਤਾ ਦੇ ਸੰਦਰਭ ਵਿਚ ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਅਧਿਐਨ
ਯੂਨੀਵਰਸਿਟੀ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਭਾਰਤ
—ਇਹ ਖੋਜ-ਕਾਰਜ 2017 ਵਿਚ ਪੂਰਾ ਹੋਇਆ।

### ਇਸ ਸਮੇਂ ਹੋ ਰਿਹਾ ਖੋਜ-ਕਾਰਜ

1. ਖੋਜਾਰਥੀ : ਸੁਰਿੰਦਰ ਕੰਬੋਜ
ਨਿਗਰਾਨ : ਡਾ. ਕਿਰਨਦੀਪ ਸਿੰਘ
ਵਿਸ਼ਾ : ਵਿਸ਼ਵੀਕਰਨ ਦੇ ਸੰਦਰਭ ਵਿਚ ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਅਧਿਐਨ
ਯੂਨੀਵਰਸਿਟੀ : ਲਵਲੀ ਪਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ, ਭਾਰਤ

2. ਖੋਜਾਰਥੀ : ਸਰਬਜੀਤ ਕੌਰ
ਨਿਗਰਾਨ : ਡਾ. ਅਵਤਾਰ ਸਿੰਘ
ਵਿਸ਼ਾ : ਰਵਿੰਦਰ ਰਵੀ ਕਾਵਿ ਵਿੱਚ ਅਸਤਿਤਵਵਾਦ
ਯੂਨੀਵਰਸਿਟੀ : ਲਵਲੀ ਪਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ, ਭਾਰਤ

3. ਖੋਜਾਰਥੀ : ਕਰਮਜੀਤ ਕੌਰ
ਨਿਗਰਾਨ : ਡਾ. ਸਤੀਸ਼ ਕੁਮਾਰ ਵਰਮਾ
ਵਿਸ਼ਾ : ਰਵਿੰਦਰ ਰਵੀ ਦੇ ਨਾਟਕਾਂ ਦਾ ਰੰਗਮੰਚਕੀ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ

4. ਖੋਜਾਰਥੀ : ਦੇਵਿੰਦਰ ਸਿੰਘ
ਨਿਗਰਾਨ : ਡਾ. ਸਤਿਨਾਮ ਸਿੰਘ ਜੱਸਲ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਅੰਤਰ-ਸੱਭਿਆਚਾਰਕ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ





## ਰਵਿੰਦਰ ਰਵੀ ਦੇ ਸਾਹਿਤ ਉੱਤੇ ਐਮ. ਫਿਲ. ਪੱਧਰ ਦਾ ਖੋਜ-ਕਾਰਜ

### ਪੂਰਾ ਹੋ ਚੁੱਕਾ ਖੋਜ-ਕਾਰਜ

1. ਖੋਜਾਰਥੀ : ਅਰਿੰਦਰ ਸਿੰਘ
ਨਿਗਰਾਨ : ਡਾ. ਸੁਰਿੰਦਰਪਾਲ ਸਿੰਘ
ਵਿਸ਼ਾ : ਰਵਿੰਦਰ ਰਵੀ ਦੀਆਂ ਕਹਾਣੀਆਂ ਵਿਚ ਪਰਵਾਸੀ ਚੇਤਨਾ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 1985-86 ਵਿਚ ਪੂਰਾ ਹੋਇਆ।

2. ਖੋਜਾਰਥੀ : ਮਨਜੀਤ ਕੌਰ
ਨਿਗਰਾਨ : ਡਾ. ਕੁਲਦੀਪ ਸਿੰਘ ਧੀਰ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਆਲੋਚਨਾਤਮਕ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
—ਇਹ ਖੋਜ-ਕਾਰਜ 1987-88 ਵਿਚ ਪੂਰਾ ਹੋਇਆ।

3. ਖੋਜਾਰਥੀ : ਜਸਪਾਲ ਕੌਰ
ਨਿਗਰਾਨ : ਡਾ. ਸੁਤਿੰਦਰ ਸਿੰਘ ਨੂਰ
ਵਿਸ਼ਾ : ਰਵਿੰਦਰ ਰਵੀ ਦੇ "ਪਿਆਸਾ ਬੱਦਲ" ਦਾ ਕਾਵਿ-ਅਧਿਅਨ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
—ਇਹ ਖੋਜ-ਕਾਰਜ 1991-92 ਵਿਚ ਪੂਰਾ ਹੋਇਆ।

4. ਖੋਜਾਰਥੀ : ਦਲਜਿੰਦਰ ਕੌਰ
ਨਿਗਰਾਨ : ਡਾ. ਕੁਲਦੀਪ ਸਿੰਘ ਧੀਰ
ਵਿਸ਼ਾ : ਰਵਿੰਦਰ ਰਵੀ ਦੀ ਕਹਾਣੀ-ਕਲਾ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
—ਇਹ ਖੋਜ-ਕਾਰਜ 2003-2004 ਵਿਚ ਪੂਰਾ ਹੋਇਆ।

5. ਖੋਜਾਰਥੀ : ਮੁਨੀਸ਼ ਕੁਮਾਰ
ਨਿਗਰਾਨ : ਡਾ. ਗੁਰਚਰਨ ਸਿੰਘ ਅਰਸ਼ੀ
ਵਿਸ਼ਾ : ਰਵਿੰਦਰ ਰਵੀ ਦੇ "ਸੂਰਜ ਨਾਟਕ" ਦਾ ਸੰਰੰਚਨਾਤਮਕ ਅਧਿਅਨ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
—ਇਹ ਖੋਜ-ਕਾਰਜ 2006 ਵਿਚ ਪੂਰਾ ਹੋਇਆ।

6. ਖੋਜਾਰਥੀ : ਸੁਰਿੰਦਰ ਕੁਮਾਰ
ਨਿਗਰਾਨ : ਡਾ. ਰਘਬੀਰ ਕੌਰ
ਵਿਸ਼ਾ : ਵਿਸ਼ਵੀਕਰਨ ਦੇ ਸੰਦਰਭ 'ਚ ਰਵਿੰਦਰ ਰਵੀ ਦੇ ਕਾਵਿ-ਨਾਟਕ "ਅੱਧੀ ਰਾਤ ਦੁਪਹਿਰ" ਤੇ "ਸਿਫ਼ਰ ਨਾਟਕ" ਦਾ ਅਧਿਐਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 2007-2008 ਵਿਚ ਪੂਰਾ ਹੋਇਆ।

7. ਖੋਜਾਰਥੀ : ਮਨਮੀਤ ਕੌਰ
ਨਿਗਰਾਨ : ਡਾ. ਮਨਜੀਤ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਸਫ਼ਰਨਾਮਾ, "ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ"
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ
—ਇਹ ਖੋਜ-ਕਾਰਜ 2009-10 ਸੈਸ਼ਨ ਵਿਚ ਪੂਰਾ ਹੋਇਆ।

8. ਖੋਜਾਰਥੀ : ਸਰਬਜੀਤ ਕੌਰ
ਨਿਗਰਾਨ : ਡਾ. ਅਵਤਾਰ ਸਿੰਘ
ਵਿਸ਼ਾ : ਪਰਵਾਸੀ ਪੰਜਾਬੀ ਕਵਿਤਾ ਵਿਚ ਸੱਭਿਆਚਾਰਕ ਤਣਾਉ (ਰਵਿੰਦਰ ਰਵੀ-ਕਾਵਿ ਦੇ ਸੰਦਰਭ ਵਿਚ)
ਯੂਨੀਵਰਸਿਟੀ : ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ
—ਇਹ ਖੋਜ-ਕਾਰਜ 2015 ਵਿਚ ਪੂਰਾ ਹੋਇਆ।

9. ਖੋਜਾਰਥੀ : ਹਰਪ੍ਰੀਤ ਕੁਮਾਰ
ਨਿਗਰਾਨ : ਸੱਤਨਾਮ ਸਿੰਘ ਜੱਸਲ
ਵਿਸ਼ਾ : ਰਵਿੰਦਰ ਰਵੀ ਦੇ ਨਾਟਕ : ਸਰੋਕਾਰ ਅਤੇ ਤਕਨੀਕ ("ਆਪੋ ਆਪਣੇ ਦਰਿਆ" ਦੇ ਪ੍ਰਸੰਗ ਵਿੱਚ)
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ, ਬਠਿੰਡਾ, ਪੰਜਾਬ, ਭਾਰਤ
—ਇਹ ਖੋਜ-ਕਾਰਜ ਅਪ੍ਰੈਲ, 2017 ਵਿਚ ਪੂਰਾ ਹੋਇਆ।

**ਐਮ. ਏ. (ਪੰਜਾਬੀ) ਭਾਗ ਦੂਜਾ ਦੇ ਚੌਥੇ ਪਰਚੇ ਲਈ ਪੂਰਾ ਹੋਇਆ ਖੋਜ-ਕਾਰਜ**

1. ਖੋਜਾਰਥੀ : ਪਰਮਦੀਪ ਭੁੱਲਰ
ਨਿਗਰਾਨ : ਪ੍ਰੋ. ਕੇਵਲ ਸਿੰਘ ਥਿੰਦ
ਵਿਸ਼ਾ : ਰਵਿੰਦਰ ਰਵੀ ਦਾ ਕਾਵਿ-ਨਾਟਕ : "ਬੀਮਾਰ ਸਦੀ"-ਇਕ ਅਧਿਅਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 1974-75 ਵਿਚ ਪੂਰਾ ਹੋਇਆ।



Final Dummy

# ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ

| | ਪੁਰਸਕਾਰ | ਵਲੋਂ (ਇਦਾਰਾ) | ਸਾਲ |
|---|---|---|---|
| 1. | ਸਾਲ 1965 ਦੀ ਸਰਬੋਤਮ ਕਾਵਿ-ਪੁਸਤਕ "ਬਿੰਦੂ" ਪੁਰਸਕਾਰ | ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, ਪੰਜਾਬ, ਭਾਰਤ | 1965 |
| 2. | ਸਾਲ 1965 ਦੀ ਸਰਬੋਤਮ ਕਾਵਿ-ਪੁਸਤਕ "ਬਿੰਦੂ" ਪੁਰਸਕਾਰ | ਪੰਜਾਬੀ ਦਰਬਾਰ, ਪੰਜਾਬ, ਭਾਰਤ | 1965 |
| 3. | ਪਿਛਲੇ ਪੰਦਰਾਂ ਸਾਲਾਂ ਵਿਚ ਨਵੀਆਂ ਲੀਹਾਂ ਪਾਉਣ ਵਾਲੀ ਸਰਬੋਤਮ ਨਾਟ-ਪੁਸਤਕ "ਬੀਮਾਰ ਸਦੀ" ਪੁਰਸਕਾਰ | ਪੰਜਾਬੀ ਲਿਟਰੇਰੀ ਫ਼ੋਰਮ, ਚੰਡੀਗੜ੍ਹ, ਭਾਰਤ | 1975 |
| 4. | ਸਾਲ 1974 ਦੀ ਸਰਬੋਤਮ ਕਾਵਿ-ਨਾਟ ਪੁਸਤਕ "ਬੀਮਾਰ ਸਦੀ" ਪੁਰਸਕਾਰ | ਪੰਜਾਬੀ ਦਰਬਾਰ, ਪੰਜਾਬ, ਭਾਰਤ | 1976 |
| 5. | ਸਾਲ 1979 ਦੀ ਸਰਬੋਤਮ ਗੱਦ-ਪੁਸਤਕ "ਸਿਮਰਤੀਆਂ ਦੇ ਦੇਸ਼" ਪੁਰਸਕਾਰ | ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, ਪੰਜਾਬ, ਭਾਰਤ | 1979 |
| 6. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ (ਬਦੇਸ਼ੀ) | ਭਾਸ਼ਾ ਵਿਭਾਗ, ਪੰਜਾਬ, ਭਾਰਤ | 1980 |
| 7. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ | ਪੰਜਾਬ ਆਰਟਸ ਕੌਂਸਲ, ਚੰਡੀਗੜ੍ਹ, ਭਾਰਤ | 1980 |
| 8. | ਈਸ਼ਵਰ ਚੰਦਰ ਨੰਦਾ ਪੁਰਸਕਾਰ 'ਅੱਧੀ ਰਾਤ ਦੁਪਹਿਰ' ਕਾਵਿ-ਨਾਟਕ ਵਾਸਤੇ | ਭਾਸ਼ਾ ਵਿਭਾਗ, ਪੰਜਾਬ, ਭਾਰਤ | 1983 |
| 9. | ਪ੍ਰੋਫ਼ੈਸਰ ਮੋਹਨ ਸਿੰਘ ਪੁਰਸਕਾਰ | ਪੰਜ ਦਰਿਆ ਪੰਜਾਬੀ ਅਕਾਦਮੀ, ਟਰਾਂਟੋ, ਕੈਨੇਡਾ | 1989 |
| 10. | ਕਰਤਾਰ ਸਿੰਘ ਧਾਲੀਵਾਲ ਪੁਰਸਕਾਰ | ਪੰਜਾਬੀ ਅਕਾਦਮੀ, ਲੁਧਿਆਣਾ, ਭਾਰਤ | 1992 |
| 11. | ਸਾਈਂ ਬੁੱਲ੍ਹੇ ਸ਼ਾਹ ਪੁਰਸਕਾਰ | ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ, ਡੈਨਮਾਰਕ | 1993 |
| 12. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ | ਪੰਜਾਬੀ ਸਾਹਿਤ ਸਭਾ, ਕੈਲੇਫੋਰਨੀਆਂ, ਅਮਰੀਕਾ | 1994 |



Final Dummy

| | | |
|---|---|---|
| 13. ਬਾਵਾ ਬਲਵੰਤ ਪੁਰਸਕਾਰ | ਸਾਹਿਤ ਵਿਚਾਰ ਕੇਂਦਰ (ਰਜਿ.), ਅੰਮ੍ਰਿਤਸਰ, ਪੰਜਾਬ, ਭਾਰਤ | 1994 |
| 14. ਪੋਇਟ ਆਫ਼ ਦ ਯੀਅਰ ਅਵਾਰਡ Poet of the Year Award | Alumni of The World University, Cornwall, Canada | 1996 |
| 15. Man of the Peace Award | ਅਦੀਬ ਇੰਟਰਨੈਸ਼ਨਲ, (ਸਾਹਿਰ ਕਲਚਰਲ ਅਕਾਦਮੀ), ਲੁਧਿਆਣਾ, ਭਾਰਤ | 1997 |
| 16. ਪ੍ਰੋ. ਪੂਰਨ ਸਿੰਘ ਦਹਿਸਦੀ (Millenium) ਪੁਰਸਕਾਰ | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2000 |
| 17. ਮਹਾਰਾਜਾ ਰਣਜੀਤ ਸਿੰਘ ਯਾਦਗਾਰੀ ਪੁਰਸਕਾਰ | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2001 |
| 18. ਸਮੁੱਚੀ ਸਾਹਿਤ-ਸੇਵਾ ਪੁਰਸਕਾਰ | ਇੰਡੋ-ਕਨੇਡੀਅਨ ਕਲਚਰਲ ਐਸੋਸੀਏਸ਼ਨ, ਸਰੀ, ਬੀ.ਸੀ. ਕੈਨੇਡਾ | 2005 |
| 19. ਜੀਵਨ-ਕਾਲ ਪ੍ਰਾਪਤੀ ਪੁਰਸਕਾਰ Life-Time Achievement Award | ਇਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਲਾਹੌਰ, ਪਾਕਿਸਤਾਨ | 2006 |
| 20. ਤਮਗ਼ਾ-ਏ-ਹੁਸਨ-ਏ-ਕਾਰਕਰਦਗੀ Pride of Performance Award | World Institute of Punjabi Literature and Heritage, Lahore, Pakistan | 2006 |
| 21. ਸੋਨ ਤਮਗ਼ਾ (Gold Medal) ਕਾਵਿ-ਨਾਟਕਾਂ ਵਾਸਤੇ | ਐਸੋਸੀਏਸ਼ਨ ਆਫ ਰਾਈਟਰਜ਼ ਐਂਡ ਆਰਟਿਸਟਸ, ਲਾਹੌਰ, ਪਾਕਿਸਤਾਨ | 2006 |
| 22. ਸੌ ਸਾਲਾ ਵਰ੍ਹੇ ਗੰਢ ਦਿਵਸ ਯਾਦਗਾਰੀ "ਵਿਲੱਖਣ ਪ੍ਰਾਪਤੀ ਪੁਰਸਕਾਰ" | ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ, ਬੀ.ਸੀ., ਕੈਨੇਡਾ | 2006 |
| 23. ਫੈਲੋਸ਼ਿਪ | ਪੰਜਾਬੀ ਅਕਾਦਮੀ, ਲਿਸਟਰ, ਇੰਗਲੈਂਡ | 2007 |
| 24. ਅੰਮ੍ਰਿਤਾ ਪ੍ਰੀਤਮ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ਼ ਡਿਸਟਿੰਕਸ਼ਨ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ, ਟਰਾਂਟੋ, ਕੈਨੇਡਾ | 2007 |



Final Dummy

| | | |
|---|---|---|
| 25. ਸਰਬ ਸ੍ਰੇਸ਼ਟ ਸਾਹਿਤਕਾਰ ਪੁਰਸਕਾਰ | ਪਰਵਾਸੀ ਮੀਡੀਆ ਗਰੁੱਪ, ਟਰਾਂਟੋ, ਕੈਨੇਡਾ | 2008 |
| 26. Honorary Life Time Membership Awrad | ਨਿਸਗਾ ਟੀਚਰਜ਼ ਯੂਨੀਅਨ, ਨਿਊ ਆਏਐਂਸ਼, ਬੀ.ਸੀ., ਕੈਨੈਡਾ | 2010 |
| 27. ਨਾਟ ਸ਼੍ਰੋਮਣੀ | ਪੰਜਾਬੀ ਨਾਟ ਅਕਾਦਮੀ, ਲੁਧਿਆਣਾ, ਭਾਰਤ | 2011 |
| 28. ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਕੇਂਦਰੀ ਪੰਜਾਬੀ ਲੇਖਕ ਸਭਾ, ਉੱਤਰੀ ਅਮਰੀਕਾ, ਸਰੀ, ਬੀ.ਸੀ., ਕੈਨੇਡਾ | 2011 |
| 29. ਜੀਵਨ-ਕਾਲ ਪ੍ਰਾਪਤੀ ਪੁਰਸਕਾਰ | (UBC) ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ, ਵੈਨਕੂਵਰ, ਕੈਨੇਡਾ | 2011 |
| 30. ਇਕਬਾਲ ਅਰਪਨ ਯਾਦਗਾਰੀ ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਅਰਪਨ ਲਿਖਾਰੀ ਸਭਾ, ਕੈਲਗਰੀ, ਅਲਬਰਟਾ, ਕੈਨੇਡਾ | 2012 |
| 31. ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਪੰਜਾਬੀ ਆਰਸੀ ਰਾਈਟਰਜ਼ ਕਲੱਬ, (ਕੈਨੇਡਾ) | 2013 |
| 32. ਬਲਵੰਤ ਗਾਰਗੀ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ਼ ਡਿਸਟਿੰਕਸ਼ਨ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ, ਟਰਾਂਟੋ, ਕੈਨੇਡਾ | 2015 |
| 33. ਕਰਤਾਰ ਸਿੰਘ ਦੁੱਗਲ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ ਡਿਸਟਿੰਕਸ਼ਨ (ਫਾਰ ਪੰਜਾਬੀ ਸ਼ਾਰਟ ਸਟੋਰੀਜ਼) ਪੁਸਤਕ : "ਮੇਰੀਆਂ ਸਾਰੀਆਂ ਕਹਾਣੀਆਂ" ਲਈ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ, ਟਰਾਂਟੋ, ਕੈਨੇਡਾ | 2017 |



Final Dummy

# ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ

| | ਸੰਸਥਾ | ਸਾਲ |
|---|---|---|
| 1. | ਪੰਜਾਬੀ ਲਿਖਾਰੀ ਸਭਾ, ਨੈਰੋਬੀ, ਕੀਨੀਆਂ | 1974 |
| 2. | ਮਾਸਕ 'ਦ੍ਰਿਸ਼ਟੀ', ਜਲੰਧਰ, ਪੰਜਾਬ, ਭਾਰਤ | 1976 |
| 3. | ਪੰਜਾਬੀ ਲਿਖਾਰੀ ਸਭਾ (ਰਜਿ.), ਜਗਤਪੁਰ, ਪੰਜਾਬ, ਭਾਰਤ | 1981 |
| 4. | ਮਾਸਕ 'ਅਕਸ' ਮੰਚ, ਨਵੀਂ ਦਿੱਲੀ, ਭਾਰਤ | 1993 ਤੇ 2001 |
| 5. | ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, ਭਾਰਤ | 1993 |
| 6. | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬ, ਭਾਰਤ | 1993 |
| 7. | ਇੰਟਰਨੈਸ਼ਨਲ ਲਿਟਰੇਰੀ ਐਂਡ ਕਲਚਰਲ ਫੋਰਮ, ਲਿਸਟਰ, ਇੰਗਲੈਂਡ (U.K.) | 1995 |
| 8. | ਮੇਲ ਮਿਲਾਪ ਸਾਹਿਤ ਸਭਾ, ਗਲਾਸਗੋ, ਸਕਾਟਲੈਂਡ (U.K.) | 2000 |
| 9. | ਭਾਸ਼ਾ ਵਿਭਾਗ, ਪੰਜਾਬ, ਭਾਰਤ | 2001 |
| 10. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬ, ਭਾਰਤ | 2001 |
| 11. | ਸਿਰਜਣਾ ਸੰਗਮ, ਪਟਿਆਲਾ, ਪੰਜਾਬ, ਭਾਰਤ | 2001 |
| 12. | ਪੰਜਾਬੀ ਲੇਖਕ ਸਭਾ, ਪਟਿਆਲਾ, ਪੰਜਾਬ, ਭਾਰਤ | 2001 |
| 13. | ਪੰਜਾਬੀ ਲਿਟਰੇਰੀ ਫੋਰਮ, ਪਟਿਆਲਾ ਪੰਜਾਬ, ਭਾਰਤ | 2001 |
| 14. | ਰਚਨਾ ਵਿਚਾਰ ਮੰਚ, ਨਾਭਾ, ਪੰਜਾਬ, ਭਾਰਤ | 2001 |
| 15. | ਲਾਇਲਪੁਰ ਖਾਲਸਾ ਕਾਲਜ, ਜਲੰਧਰ, ਪੰਜਾਬ, ਭਾਰਤ | 2002 |
| 16. | ਨਿਸਗਾ ਸਕੂਲ ਜ਼ਿਲ੍ਹਾ, ਨਿਊ ਆਏਐਂਸ਼, ਬੀ.ਸੀ. ਕੈਨੇਡਾ | 2003 |
| 17. | ਨਿਸਗਾ ਟੀਚਰਜ਼ ਯੂਨੀਅਨ, ਨਿਊ ਆਏਐਂਸ਼, ਬੀ.ਸੀ. ਕੈਨੇਡਾ | 2004 |
| 18. | ਵਿਸ਼ਵ ਪੰਜਾਬੀ ਅਕਾਦਮੀ, ਕੈਲੇਫੋਰਨੀਆ, ਅਮਰੀਕਾ | 2004 |
| 19. | ਪੰਜਾਬੀ ਪੱਤਰਕਾਰ ਸੰਸਥਾ, ਲਾਹੌਰ, ਪਾਕਿਸਤਾਨ | 2006 |
| 20. | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2006 |
| 21. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਜਲੰਧਰ, ਭਾਰਤ | 2006 |
| 22. | ਪੰਜਾਬੀ ਲਿਖਾਰੀ ਸਭਾ, ਜਗਤਪੁਰ (ਰਜਿ.),ਜ਼ਿਲ੍ਹਾ ਨਵਾਂ ਸ਼ਹਿਰ, ਭਾਰਤ | 2006 |
| 23. | ਅਦਾਰਾ ਵੀਯਨਜ਼ ਆਫ਼ ਪੰਜਾਬ, ਟੀ.ਵੀ., ਬਰੈਂਪਟਨ, ਕੈਨੇਡਾ | 2007 |
| 24. | ਰਚਨਾ ਵਿਚਾਰ ਮੰਚ, ਪੰਜਾਬ (ਰਜਿ.), ਨਾਭਾ | 2008 |
| 25. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬ, ਭਾਰਤ | 2008 |
| 26. | ਭਾਸ਼ਾ ਵਿਭਾਗ, ਪੰਜਾਬ, ਭਾਰਤ | 2008 |
| 27. | UBC ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ, ਏਸ਼ੀਅਨ ਲਾਇਬ੍ਰੇਰੀ ਵੈਨਕੂਵਰ, ਬੀ.ਸੀ., ਕੈਨੇਡਾ | 2010 |
| 28. | ਪੰਜਾਬੀ ਅਦਬੀ ਸੰਗਤ, ਸਰੀ, ਬੀ.ਸੀ., ਕੈਨੇਡਾ | 2013 |
| 29. | ਸੁੱਖੀ ਬਾਠ ਫਾਊਂਡੇਸ਼ਨ, ਸਰੀ, ਬੀ.ਸੀ., ਕੈਨੇਡਾ | 2014 |

# ਇਆਪਾ (I.A.P.A.A.) ਤੇ ਇਸ ਵਲੋਂ ਦਿੱਤੇ ਗਏ ਪੁਰਸਕਾਰ

ਇਆਪਾ (ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਪੰਜਾਬੀ ਆਥਰਜ਼ ਐਂਡ ਆਰਟਿਸਟਸ) ਦੀ ਸਥਾਪਨਾ ਮੈਂ, ਡਾ. ਗੁਰੂਮੇਲ, ਸੁਰਗੀ ਤਾਰਾ ਸਿੰਘ ਹੇਅਰ (ਸੰਪਾਦਕ: ਇੰਡੋ-ਕਨੇਡੀਅਨ ਟਾਇਮਜ਼), ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ ਅਤੇ ਭੁਪਿੰਦਰ ਧਾਲੀਵਾਲ ਆਦਿ ਨੂੰ ਨਾਲ ਲੈ ਕੇ, 3 ਜੁਲਾਈ, 1978 ਨੂੰ ਕੀਤੀ। ਇਸ ਸੰਸਥਾ ਵਲੋਂ 1981 ਵਿਚ ਮੇਰੀ ਸੰਪਾਦਨਾ ਹੇਠਾਂ 'ਵਿਸ਼ਵ ਪੰਜਾਬੀ ਸਾਹਿਤ' ਨਾਮ ਦੀ ਪੁਸਤਕ ਪ੍ਰਕਾਸ਼ਤ ਕੀਤੀ ਗਈ, ਜਿਸ ਵਿਚ 12 ਦੇਸ਼ਾਂ ਦੇ 100 ਕੁ ਪੰਜਾਬੀ ਲੇਖਕਾਂ ਦੀਆਂ ਲਿਖਤਾਂ ਸ਼ਾਮਿਲ ਕੀਤੀਆਂ ਗਈਆਂ ਸਨ।

ਲੋਕ ਮੰਚ ਨਾਲ ਜੁੜੇ ਜੋਗਿੰਦਰ ਬਾਹਰਲਾ ਨੂੰ ਇਸ ਸੰਸਥਾ ਵਲੋਂ 1979 ਵਿਚ ਸਨਮਾਨਤ ਕੀਤਾ ਗਿਆ। 1980 ਵਿਚ 500 ਡਾਲਰ ਦੇ ਪ੍ਰੋ. ਪਿਆਰਾ ਸਿੰਘ ਗਿੱਲ ਤੇ ਕਰਮ ਸਿੰਘ ਸੰਧੂ ਮੈਮੋਰੀਅਲ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ/ਪੱਤਰਕਾਰ/ਕਲਾਕਾਰ ਪੁਰਸਕਾਰ ਦੀ ਸਥਾਪਨਾ ਕੀਤੀ ਗਈ।

ਇਹ ਪੁਰਸਕਾਰ ਹੁਣ ਤਕ ਹੇਠ ਲਿਖੇ ਲੇਖਕਾਂ, ਪੱਤਰਕਾਰਾਂ ਤੇ ਕਲਾਕਾਰਾਂ ਨੂੰ ਦਿੱਤਾ ਜਾ ਚੁੱਕਾ ਹੈ :

| | | | |
|---|---|---|---|
| 1. | ਸੰਤ ਸਿੰਘ ਸੇਖੋਂ | ਭਾਰਤ | 1980 |
| 2. | ਫ਼ਖਰ ਜ਼ਮਾਨ | ਪਾਕਿਸਤਾਨ | 1981 |
| 3. | ਕਰਤਾਰ ਸਿੰਘ ਦੁੱਗਲ | ਭਾਰਤ | 1982 |
| 4. | ਸੋਹਨ ਕਾਦਰੀ | ਡੈਨਮਾਰਕ | 1982 |
| 5. | ਅਜੀਤ ਕੌਰ | ਭਾਰਤ | 1983 |
| 6. | ਤਰਸੇਮ ਸਿੰਘ ਪੁਰੇਵਾਲ | ਇੰਗਲੈਂਡ | 1983 |
| 7. | ਡਾ. ਸੁਰਜੀਤ ਸਿੰਘ ਸੇਠੀ | ਭਾਰਤ | 1984 |
| 8. | ਡਾ. ਦਲੀਪ ਕੌਰ ਟਿਵਾਣਾ | ਭਾਰਤ | 1985 |
| 9. | ਅੰਮ੍ਰਿਤਾ ਪ੍ਰੀਤਮ | ਭਾਰਤ | 1986 |
| 10. | ਡਾ. ਹਰਚਰਨ ਸਿੰਘ | ਭਾਰਤ | 1986 |
| 11. | ਅਫ਼ਜ਼ਲ ਅਹਿਸਨ ਰੰਧਾਵਾ | ਪਾਕਿਸਤਾਨ | 1986 |
| 12. | ਅਜਾਇਬ ਕਮਲ | ਕੀਨੀਆ | 1986 |
| 13. | ਡਾ. ਗੁਰੂਮੇਲ | ਅਮਰੀਕਾ | 1986 |
| 14. | ਦੇਵ | ਸਵਿਟਜ਼ਰਲੈਂਡ | 1986 |
| 15. | ਸ਼ਿਵਚਰਨ ਗਿੱਲ | ਇੰਗਲੈਂਡ | 1986 |



Final Dummy

| | | | |
|---|---|---|---|
| 16. | ਡਾ. ਹਰਿਭਜਨ ਸਿੰਘ | ਭਾਰਤ | 1987 |
| 17. | ਡਾ. ਜਸਬੀਰ ਸਿੰਘ ਆਹਲੂਵਾਲੀਆ | ਭਾਰਤ | 1988 |
| 18. | ਬਲਵੰਤ ਗਾਰਗੀ | ਭਾਰਤ | 1989 |
| 19. | ਹਰਦੇਵ ਸਿੰਘ (ਚਿਤਰਕਾਰ) | ਕੈਨੇਡਾ | 1989 |
| 20. | ਤਾਰਾ ਸਿੰਘ | ਭਾਰਤ | 1990 |
| 21. | ਗੁਲਜ਼ਾਰ ਸਿੰਘ ਸੰਧੂ | ਭਾਰਤ | 1990 |
| 22. | ਅਜਮੇਰ ਸਿੰਘ ਔਲਖ | ਭਾਰਤ | 1990 |
| 23. | ਡਾ. ਤੇਜਵੰਤ ਸਿੰਘ ਗਿੱਲ | ਭਾਰਤ | 1991 |
| 24. | ਅਮਰਜੀਤ ਸਿੰਘ (ਅਕਸ) | ਭਾਰਤ | 1992 |
| 25. | ਤਾਰਾ ਸਿੰਘ ਹੇਅਰ | ਕੈਨੇਡਾ | 1992 |
| 26. | ਡਾ. ਰਘਬੀਰ ਸਿੰਘ (ਸਿਰਜਣਾ) | ਭਾਰਤ | 1993 |
| 27. | ਡਾ. ਕੁਲਬੀਰ ਸਿੰਘ ਕਾਂਗ | ਭਾਰਤ | 1994 |
| 28. | ਡਾ. ਪ੍ਰੇਮ ਪ੍ਰਕਾਸ਼ ਸਿੰਘ | ਕੈਨੇਡਾ | 1994 |
| 29. | ਡਾ. ਜੋਗਿੰਦਰ ਸਿੰਘ ਪੁਆਰ | ਭਾਰਤ | 1995 |
| 30. | ਡਾ. ਮਨਜੀਤਪਾਲ ਕੌਰ | ਭਾਰਤ | 1996 |
| 31. | ਡਾ. ਸੁਤਿੰਦਰ ਸਿੰਘ ਨੂਰ | ਭਾਰਤ | 1997 |
| 32. | ਪ੍ਰੋ. ਬ੍ਰਹਮਜਗਦੀਸ਼ ਸਿੰਘ | ਭਾਰਤ | 1997 |
| 33. | ਡਾ. ਅਮਰਜੀਤ ਕੌਂਕੇ | ਭਾਰਤ | 1998 |
| 34. | ਇਲਿਆਸ ਘੁੰਮਣ | ਪਾਕਿਸਤਾਨ | 1998 |
| 35. | ਅਮਰ ਜਯੋਤੀ | ਨੀਦਰਲੈਂਡਜ਼ | 1998 |
| 36. | ਡਾ. ਅਖਤਰ ਹੁਸੈਨ ਅਖਤਰ | ਪਾਕਿਸਤਾਨ | 1999 |
| 37. | ਜਸਬੀਰ ਭੁੱਲਰ | ਭਾਰਤ | 2000 |
| 38. | ਅਜੀਤ ਰਾਹੀ | ਆਸਟ੍ਰੇਲੀਆ | 2000 |
| 39. | ਬਲਿਹਾਰ ਸਿੰਘ ਰੰਧਾਵਾ | ਇੰਗਲੈਂਡ | 2000 |
| 40. | ਹਰਭਜਨ ਸਿੰਘ ਹਲਵਾਰਵੀ | ਭਾਰਤ | 2000 |
| 41. | ਅਵਤਾਰ ਜੌੜਾ | ਭਾਰਤ | 2001 |
| 42. | ਡਾ. ਮਨਜੀਤ ਸਿੰਘ | ਭਾਰਤ | 2002 |
| 43. | ਪ੍ਰੋ. ਰਾਸ਼ਦ ਹਸਨ ਰਾਣਾ | ਪਾਕਿਸਤਾਨ | 2005 |



Final Dummy

| | | | |
|---|---|---|---|
| 44. | ਪ੍ਰੋ. ਆਸ਼ਿਕ ਰਹੀਲ | ਪਾਕਿਸਤਾਨ | 2006 |
| 45. | ਡਾ. ਵਨੀਤਾ | ਭਾਰਤ | 2007 |
| 46. | ਡਾ. ਸਾਹਿਬ ਸਿੰਘ | ਭਾਰਤ | 2008 |
| 47. | ਪ੍ਰਮਿੰਦਰਜੀਤ | ਭਾਰਤ | 2009 |
| 48. | ਕੇਵਲ ਧਾਲੀਵਾਲ | ਭਾਰਤ | 2010 |
| 49. | ਮਨਜੀਤ ਮੀਤ | ਕੈਨੇਡਾ | 2010 |
| 50. | ਗੁਰਦਿਆਲ ਕੰਵਲ | ਕੈਨੇਡਾ | 2010 |
| 51. | ਚਰਨ ਸਿੰਘ | ਕੈਨੇਡਾ | 2011 |
| 52. | ਡਾ. ਨਿਗਹਤ ਖੁਰਸ਼ੀਦ | ਪਾਕਿਸਤਾਨ | 2012 |
| 53. | ਕੇਵਲ ਧਾਲੀਵਾਲ<br>ਸ਼੍ਰੋਮਣੀ ਨਟ ਸਮਰਾਟ ਪੁਰਸਕਾਰ | ਭਾਰਤ | 2013 |
| 54. | ਕੇਵਲ ਧਾਲੀਵਾਲ<br>ਬਲਵੰਤ ਗਾਰਗੀ ਯਾਦਗਾਰੀ ਰੰਗਮੰਚ ਪੁਰਸਕਾਰ | ਭਾਰਤ | 2016 |
| 55. | ਕੇਵਲ ਧਾਲੀਵਾਲ<br>ਸ਼੍ਰੋਮਣੀ ਕਾਵਿ-ਨਾਟ-ਨਿਰਦੇਸ਼ਕ | ਭਾਰਤ | 2017 |
| 56. | ਕੇਵਲ ਧਾਲੀਵਾਲ<br>ਰੰਗਮੰਚ ਰਤਨ ਪੁਰਸਕਾਰ | ਭਾਰਤ | 2018 |

ਇਆਪਾ ਦੀ ਸ਼ਾਖ: 'ਸਾਹਿਤ ਵਿਚਾਰ ਮੰਚ, ਕੈਨੇਡਾ' ਵਲੋਂ ਹੇਠ ਲਿਖੇ ਸਾਹਿਤਕਾਰਾਂ/ਲੇਖਕਾਂ ਦਾ 'ਵਿਸ਼ਵ ਪੰਜਾਬੀ ਸਾਹਿਤਕਾਰ ਪੁਰਸਕਾਰ' ਨਾਲ ਸਨਮਾਨ ਕੀਤਾ ਗਿਆ। ਪੁਰਸਕਾਰ ਵਿਚ ਸਨਮਾਨ-ਚਿੰਨ੍ਹ, ਪੱਤਰ ਤੇ 500 ਡਾਲਰ ਸ਼ਾਮਿਲ ਹਨ।

| | | | |
|---|---|---|---|
| 1. | ਕੁਲਵੰਤ ਸਿੰਘ ਵਿਰਕ | ਭਾਰਤ | 1983 |
| 2. | ਕਪੂਰ ਸਿੰਘ ਘੁੰਮਣ | ਭਾਰਤ | 1984 |
| 3. | ਡਾ. ਮ. ਸ. ਰੰਧਾਵਾ | ਭਾਰਤ | 1985 |
| 4. | ਪ੍ਰੀਤਮ ਸਿੰਘ ਸਫ਼ੀਰ | ਭਾਰਤ | 1986-87 |
| 5. | ਕੇਵਲ ਧਾਲੀਵਾਲ<br>(ਸ਼੍ਰੋਮਣੀ ਵਿਸ਼ਵ ਰੰਗਕਰਮੀ ਪੁਰਸਕਾਰ) | ਭਾਰਤ | 2014 |

**-ਰਵਿੰਦਰ ਰਵੀ**

ਜੁਲਾਈ 31, 2017



# ਪੁਸਤਕ ਦਰਸ਼ਨ



# ਰਵਿੰਦਰ ਰਵੀ ਦੇ ਕਾਵਿ-ਨਾਟਕ *'ਚੱਕ੍ਰਵਯੂਹ ਤੇ ਪਿਰਾਮਿਡ' ਦਾ ਯੂਨਾਨੀ ਨਾਟ-ਸ਼ੈਲੀ ਦੇ ਪ੍ਰਸੰਗ ਵਿਚ ਅਧਿਐਨ

ਵਿਸ਼ਵ ਪੱਧਰ 'ਤੇ ਨਾਟਕ ਦੀ ਵਿਧਾ ਦੀ ਸ਼ਨਾਖ਼ਤ ਕਰਦਿਆਂ ਸਪਸ਼ਟ ਹੁੰਦਾ ਹੈ ਕਿ ਵਿਸ਼ਵ ਨਾਟਕ ਦੀਆਂ ਦੋ ਹੀ ਪ੍ਰਮੁੱਖ ਪਰੰਪਰਾਵਾਂ ਮੰਨੀਆਂ ਜਾਂਦੀਆਂ ਹਨ। ਭਾਰਤੀ ਨਾਟ-ਪਰੰਪਰਾ ਅਤੇ ਯੂਨਾਨੀ ਨਾਟ-ਪਰੰਪਰਾ। ਭਾਰਤੀ ਨਾਟ-ਪਰੰਪਰਾ ਦਾ ਸਿਖਰ ਕਾਲੀਦਾਸ ਦੀ ਪ੍ਰਸਿੱਧ ਰਚਨਾ 'ਅਭਿਗਿਆਨ ਸ਼ਕੁੰਤਲਮ' ਹੈ ਅਤੇ ਇਸ ਦੇ ਵਿਧੀ ਵਿਧਾਨ ਨੂੰ ਭਰਤ ਮੁਨੀ ਦਾ 'ਨਾਟਕ ਸ਼ਾਸਤਰ' ਨਿਰਧਾਰਿਤ ਕਰਦਾ ਹੈ। ਇਸੇ ਹੀ ਤਰ੍ਹਾਂ ਯੂਨਾਨੀ ਨਾਟ-ਪਰੰਪਰਾ ਦਾ ਸਿਖਰ 'ਈਡੀਪਸ ਰੈਕਸ' ਮੰਨਿਆ ਜਾਂਦਾ ਹੈ, ਜਿਸ ਦੇ ਵਿਧੀ ਵਿਧਾਨ ਨੂੰ ਅਰਸਤੂ ਦਾ 'ਕਾਵਿ-ਸ਼ਾਸਤਰ' (Poetics) ਨਿਰਧਾਰਿਤ ਕਰਦਾ ਹੈ। ਇਸ ਪ੍ਰਸੰਗ ਤਹਿਤ ਇਹ ਕਿਹਾ ਜਾ ਸਕਦਾ ਹੈ ਕਿ ਨਾਟ-ਖੇਤਰ ਵਿਚ ਪ੍ਰਾਚੀਨਤਮ ਅਤੇ ਕਲਾਸਿਕ ਪਰੰਪਰਾਵਾਂ ਕ੍ਰਮਵਾਰ ਯੂਨਾਟੀ ਨਾਟ-ਪਰੰਪਰਾ ਅਤੇ ਭਾਰਤੀ ਨਾਟ-ਪਰੰਪਰਾਵਾਂ ਹੀ ਰਹੀਆਂ ਹਨ। ਦੋਹਾਂ ਪਰੰਪਰਾਵਾਂ ਦੇ ਸਿਖਰ ਵਜੋਂ ਕ੍ਰਮਵਾਰ ਸੋਫ਼ੋਕਲੀਜ਼ ਅਤੇ ਕਾਲੀਦਾਸ ਨੂੰ ਸਵੀਕਾਰਿਆ ਗਿਆ ਹੈ, ਜਿਨ੍ਹਾਂ ਦੀਆਂ ਨਾਟ ਰਚਨਾਵਾਂ ਅੱਜ ਵੀ ਅਮਰ ਹਨ। ਇਹ ਗੱਲ ਵੱਖਰੀ ਹੈ ਕਿ ਦੋਵੇਂ ਪਾਸੇ ਉਂਨੇ ਹੀ ਵੱਡੇ ਨਾਟਕਕਾਰ ਮੌਜੂਦ ਹਨ। ਜਿਵੇਂ ਯੂਨਾਨੀ ਪਰੰਪਰਾ ਵਿਚ ਅਸਕਾਇਲਸ, ਯੂਰੀਪਡੀਜ਼ ਤੇ ਅਰਿਸਟੋਫੇਨੀਜ਼ ਅਤੇ ਸੰਸਕ੍ਰਿਤ ਪਰੰਪਰਾ ਵਿਚ ਭਾਸ, ਸ਼ੂਦਰਕ ਅਤੇ ਭਵਭੂਤੀ ਆਦਿ ਮੌਜੂਦ ਹਨ। ਅਸਲ ਵਿਚ ਪ੍ਰਾਚੀਨ ਯੂਨਾਨੀ ਨਾਟ-ਪਰੰਪਰਾ ਜਿਸ ਨੂੰ 'ਦੇਵਤਿਆਂ ਦਾ ਥੀਏਟਰ' ਕਿਹਾ ਜਾਂਦਾ ਹੈ, ਇਕ ਸ਼ਰਧਾ ਅਧਾਰਿਤ ਨਾਟ-ਪਰੰਪਰਾ ਸੀ। ਯੂਨਾਨ ਦੇ ਲੋਕ ਉਸ ਨੂੰ ਇਕ ਉਸਤਤਿ ਅਤੇ ਉਤਸਵ ਵਜੋਂ ਸਵੀਕਾਰਦੇ ਅਤੇ ਸਤਿਕਾਰਦੇ ਸਨ ਜਿਸ ਨੂੰ ਅੱਜ ਨਾਟਕ ਦੇ ਇਕ ਕਲਾਸਕੀ ਯੁੱਗ ਵਜੋਂ ਮਾਨਤਾ ਪ੍ਰਾਪਤ ਹੈ। ਈਸਾ ਤੋਂ ਪੰਜ ਸੌ ਸਾਲ ਪਹਿਲਾਂ ਦਾ ਇਹ ਸਮਾਂ ਰੰਗਮੰਚ ਦੇ ਇਤਿਹਾਸਕ ਦੌਰ ਵਿਚ ਸੋਨ-ਯੁੱਗ ਕਿਹਾ ਜਾ ਸਕਦਾ ਹੈ, ਜਿਸ ਦਾ ਮੂਲ ਸੋਮਾ ਧਰਮ, ਅਨੁਸ਼ਠਾਨ, ਦੈਵੀ ਸ਼ਕਤੀਆਂ ਅਤੇ ਦੇਵਤਿਆਂ ਦੀ

ਉਸਤਤਿ ਰਹੇ ਸਨ। ਯੂਨਾਨ ਦੇ ਲੋਕਾਂ ਲਈ 'ਨਾਟ-ਦਰਸ਼ਨ' ਦੇਵ ਦਰਸ਼ਨ ਦੇ ਬਰਾਬਰ ਸੀ। ਇਸ ਸਥਿਤੀ ਦਾ ਉਲੇਖ ਡਾ. ਕਮਲੇਸ਼ ਉੱਪਲ ਨੇ ਇੰਜ ਕੀਤਾ ਹੈ :

> ਯੂਨਾਨੀਆਂ ਲਈ ਥੀਏਟਰ ਇਕ ਇਬਾਦਤ ਸੀ, ਅਕੀਦਾ ਸੀ ਸਗੋਂ ਇਕ ਅਜਿਹਾ ਹਮਜੋਲੀ ਦੇਵਤਾ ਸੀ ਜਿਸ ਦੀ ਮੂਰਤ ਦੀ ਕਲਪਨਾ ਇਸ ਪ੍ਰਕਾਰ ਦੀ ਹੈ। ਲਾਲ ਹਸੰਦੜ ਮੁਖੜਾ, ਵਾਲਾਂ ਵਿਚ ਅੰਗੂਰਾਂ ਦਾ ਗੁੱਛਾ ਅਤੇ ਚਿਹਰੇ ਤੇ ਜਿਉਣ ਦੀ ਇੱਛਾ ਡਲ੍ਹਕਾਂ ਮਾਰਦੀ ਅਜਿਹਾ ਹੀ ਇਹ ਸਮਰਿੱਧੀ ਦਾ ਦੇਵਤਾ, ਜਿਸ ਦੀ ਪੂਰਾ-ਅਰਚਨਾਹ ਵਿਚੋਂ ਥੀਏਟਰ ਨੇ ਜਨਮ ਲਿਆ।[1]

ਉਪਰੋਕਤ ਪ੍ਰਸੰਗ ਯੂਨਾਨੀ ਲੋਕਾਂ ਦੀ ਨਾਟਕ ਪ੍ਰਤੀ ਚੇਤੰਨਤਾ ਅਤੇ ਪ੍ਰਸਿੱਧ ਦੇਵਤਾ ਡਾਇਓਨਸਿਸ ਦੀ ਕੀਰਤੀ ਦੇ ਗੁਣ ਗਾਇਨ ਕਰਨ ਦਾ ਗਵਾਹ ਹੈ। ਅਰਸਤੂ-ਚਿੰਤਨ ਤੋਂ ਪ੍ਰਾਪਤ ਹਵਾਲਿਆਂ ਅਨੁਸਾਰ ਯੂਨਾਨ ਵਿਚ ਨਾਟਕ ਦਾ ਆਰੰਭ 'ਡਿਥਰਿੰਥ' ਤੋਂ ਹੋਇਆ। ਇਹ ਇਕ ਕਿਸਮ ਦਾ ਸਮੂਹਿਕ-ਗਾਨ ਸੀ ਜੋ 'ਡਾਇਓਨਸਿਸ' ਦੇਵਤੇ ਦੀ ਪ੍ਰਸੰਸਾ ਵਿਚ ਗਾਇਆ ਜਾਂਦਾ ਸੀ। 'ਡਾਇਓਨਸਿਸ' ਦੇਵਤੇ ਦਾ ਧਾਰਮਿਕ ਉਤਸਵ ਯੂਨਾਨ ਦਾ ਪ੍ਰਸਿੱਧ ਉਤਸਵ ਹੈ। ਇਸ ਸਥਿਤੀ ਦਾ ਪਰਿਣਾਮ ਦਿੰਦਿਆਂ ਨਵਨਿੰਦਰਾ ਬਹਿਲ ਲਿਖਦੀ ਹੈ :

> ਛੇਵੀਂ ਸਦੀ ਈਸਾ ਪੂਰਵ ਵਿਚ ਪੀਸਿਸਟਰੇਟਸ (Peisistratus) ਰਾਹੀਂ ਇਸ ਦੇਵਤੇ ਦੀ ਪੂਜਾ (Eleutherea) ਵਿਚ ਪਹਿਲੀ ਵਾਰ ਕੀਤੀ ਗਈ। ਐਕਲੋਪੋਲਿਸ (Aclopolis) ਦੀ ਦੱਖਣੀ ਢਲਾਣ ਵਿਚ ਪਹਿਲਾਂ ਇਕ ਅਤੇ ਫਿਰ ਦੂਜੇ ਗਿਰਜੇ ਦੀ ਸਥਾਪਨਾ ਕੀਤੀ ਗਈ।[2]

ਡਾਇਓਨਸਿਸ ਦੇਵਤ ਦੇ ਆਗਮਨ ਦੀ ਹਾਮੀ ਭਰਦੀਆਂ ਇਹ ਸਤਰਾਂ ਇਸ ਗੱਲ ਦਾ ਵੀ ਪਰਿਣਾਮ ਬਣ ਜਾਂਦੀਆਂ ਹਨ ਕਿ ਛੇਵੀਂ ਸਦੀ ਈਸਾ ਪੂਰਵ ਤੋਂ ਪਹਿਲਾਂ ਇਸ ਦੇਵਤੇ ਦੀ ਮਹਿਮਾ ਦਾ ਕੋਈ ਵੱਡੇ ਪੱਧਰ 'ਤੇ ਗੁਣ-ਗਾਇਨ ਨਹੀਂ ਕੀਤਾ ਜਾਂਦਾ ਸੀ। ਇਸ ਦੇਵਤੇ ਨੂੰ ਜ਼ਿਆਦਾ ਪ੍ਰਸਿੱਧਤਾ ਛੇਵੀਂ ਸਦੀ ਈਸਾ ਪੂਰਵ ਵਿਚ ਹੀ ਮਿਲੀ ਅਤੇ ਪੂਜਾ ਸਥਾਨਾਂ ਲਈ ਪਹਾੜੀਆਂ ਦੀਆਂ ਢਲਾਣਾਂ ਨੂੰ ਵਰਤਿਆ ਗਿਆ। ਯੂਨਾਨੀ ਨਾਟ-ਸ਼ੈਲੀ ਵਿਚ ਦੋ ਪ੍ਰਸਿੱਧ ਨਾਟ ਰੂਪ ਹਨ, ਤ੍ਰਾਸਦੀ ਅਤੇ ਕਾਮਦੀ। ਤ੍ਰਾਸਦੀ ਨੂੰ ਕਾਮਦੀ ਨਾਲੋਂ ਯੂਨਾਨੀ ਸਾਹਿਤ ਵਿਚ


Final Dummy

ਉਚੇਰਾ ਸਥਾਨ ਹਾਸਿਲ ਹੈ। ਅਰਸਤੂ ਤ੍ਰਾਸਦੀ ਸੰਬੰਧੀ ਆਪਣੇ ਵਿਚਾਰ ਵਿਅਕਤ ਕਰਦਾ ਹੈ :

> ਤ੍ਰਾਸਦੀ ਕਿਸੇ ਗੰਭੀਰ, ਮੁਕੰਮਲ ਅਤੇ ਨਿਸ਼ਚਿਤ ਅਕਾਰ ਵਾਲੇ ਕਾਰਜ ਦੀ ਅਨੁਕ੍ਰਿਤੀ ਦਾ ਨਾਮ ਹੈ ਜਿਸ ਦਾ ਮਾਧਿਅਮ ਨਾਟਕ ਦੇ ਭਿੰਨ ਭਿੰਨ ਹਿੱਸਿਆਂ ਵਿਚ ਭਿੰਨ ਭਿੰਨ ਰੂਪਾਂ ਨਾਲ ਵਰਤੀ ਗਈ ਸਭ ਪ੍ਰਕਾਰ ਦੀ ਕਲਾਤਮਕ ਗਹਿਣਿਆਂ ਨਾਲ ਅਲੰਕ੍ਰਿਤ ਭਾਸ਼ਾ ਹੁੰਦੀ ਹੈ ਜੋ ਬਿਰਤਾਂਤਕ ਰੂਪ ਵਿਚ ਨਾ ਹੋ ਕੇ ਕਾਰਜ-ਵਪਾਰ ਰੂਪ ਵਿਚ ਹੁੰਦੀ ਹੈ ਅਤੇ ਜਿਸ ਵਿਚ ਕਰੁਣਾ ਅਤੇ ਤ੍ਰਾਸ ਰਾਹੀਂ ਇਨ੍ਹਾਂ ਮਨੋਵਿਕਾਰਾਂ ਦਾ ਉਚਿਤ ਨਿਰੇਚਨ ਕੀਤਾ ਜਾਂਦਾ ਹੈ।[3]

ਇਸ ਪ੍ਰਕਾਰ ਤ੍ਰਾਸਦੀ ਕਾਰਜ ਦਾ ਅਨੁਕਰਨ ਹੋ ਨਿੱਬੜਦੀ ਹੈ ਜਿਸ ਦਾ ਮਾਧਿਅਮ ਅਲੰਕ੍ਰਿਤ ਭਾਸ਼ਾ ਹੁੰਦੀ ਹੈ ਜੋ ਕਾਰਜ-ਵਪਾਰ ਰੂਪ ਵਿਚ ਆਪਣਾ ਕਾਰਜ ਕਰਦੀ ਹੈ। ਉਹ ਤੱਤ ਜਿਨ੍ਹਾਂ ਨਾਲ ਤ੍ਰਾਸਦੀ ਆਪਣਾ ਮੂਲ ਰੂਪ ਅਖ਼ਤਿਆਰ ਕਰਦੀ ਹੈ। ਅਰਸਤੂ ਉਨ੍ਹਾਂ ਦੀ ਤਫ਼ਸੀਲ ਇਸ ਪ੍ਰਕਾਰ ਪੇਸ਼ ਕਰਦਾ ਹੈ :

> ਤ੍ਰਾਸਦੀ ਦੇ ਛੇ ਅੰਗ ਲਾਜ਼ਮੀ ਹੁੰਦੇ ਹਨ ਜੋ ਉਸ ਦੇ ਸੁਹਜ ਦਾ ਨਿਰਣਾ ਕਰਦੇ ਹਨ-ਕਥਾਨਕ, ਚਰਿਤ੍ਰ-ਚਿਤਰਣ, ਪਦ-ਰਚਨਾ, ਵਿਚਾਰ-ਤੱਤ, ਦ੍ਰਿਸ਼-ਵਿਧਾਨ ਅਤੇ ਗੀਤ। ਇਨ੍ਹਾਂ ਵਿਚੋਂ ਦੋ ਅਨੁਕਰਣ ਦੇ ਮਾਧਿਅਮ ਹਨ, ਇਕ ਅਨੁਕਰਣ ਦੀ ਵਿਧੀ ਅਤੇ ਤਿੰਨ ਅਨੁਕਰਣ ਦੇ ਵਿਸ਼ੇ।[4]

ਅਰਸਤੂ ਦੁਆਰਾ ਦਰਸਾਏ ਗਏ ਇਹ ਤੱਤ ਤ੍ਰਾਸਦੀ ਦੀ ਸੰਪੂਰਨਤਾ ਵਿਚ ਸਹਾਈ ਹੁੰਦੇ ਹਨ। ਇਨ੍ਹਾਂ ਤੱਤਾਂ ਵਿਚੋਂ ਅਰਸਤੂ ਨੇ ਕਥਾਨਕ ਨੂੰ ਬਾਕੀ ਤੱਤਾਂ ਨਾਲੋਂ ਵਧੇਰੇ ਮਹੱਤਤਾ ਦਿੱਤੀ ਹੈ। ਇਨ੍ਹਾਂ ਛੇ ਤੱਤਾਂ ਵਿਚੋਂ ਉਸ ਨੇ ਦੋਹਾਂ ਨੂੰ ਅਨੁਕਰਣ ਦੇ ਮਾਧਿਅਮ, ਇਕ ਨੂੰ ਅਨੁਕਰਣ ਦੀ ਵਿਧੀ ਅਤੇ ਤਿੰਨ ਤੱਤਾਂ ਨੂੰ ਅਨੁਕਰਣ ਦੇ ਵਿਸ਼ਿਆਂ ਵਜੋਂ ਪਰਿਭਾਸ਼ਿਤ ਕੀਤਾ ਹੈ। ਉਸ ਦੇ ਆਪਣੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਕਥਾਨਕ ਤ੍ਰਾਸਦੀ ਦੀ ਜਿੰਦ ਜਾਨ ਹੁੰਦੀ ਹੈ। 'ਕੋਰਸ' ਦੇ ਰੂਪ ਵਿਚ ਗਾਇਆ ਜਾਣ ਵਾਲਾ ਸਮੂਹਿਕ-ਗਾਇਨ ਇਸ ਦਾ ਅਹਿਮ ਹਿੱਸਾ ਹੈ। ਯੂਨਾਨੀ ਨਾਟਕ ਦਾ ਪ੍ਰਥਮ ਅਭਿਨੇਤਾ 'ਥੈਸੀਪਸ' ਨੂੰ ਮੰਨਿਆ ਗਿਆ ਹੈ ਜੋ 'ਕੋਰਸ' ਦਾ ਗਾਇਨ ਕਰਦਾ ਹੋਇਆ ਅੱਗੇ ਆ ਕੇ ਪਾਤਰਾਂ ਨਾਲ ਸੰਵਾਦ ਰਚਾਉਣ ਲੱਗਾ। ਯੂਨਾਨੀ ਨਾਟਕ ਵਿਚ ਅਸਕਾਇਲਸ, ਸੋਫ਼ੋਕਲੀਜ਼,


Final Dummy

ਯੂਰੀਪਡੀਜ਼, ਮਾਇਨੋਂਡਰਜ਼ ਅਤੇ ਅਰਿਸਟੋਫੇਨੀਜ਼ ਪ੍ਰਮੁੱਖ ਦੁਖਾਂਤ/ਸੁਖਾਂਤ ਨਾਟਕ ਦੇ ਥੰਮ੍ਹ ਰਹੇ ਹਨ। ਇਨ੍ਹਾਂ ਨੇ ਆਪਣੀਆਂ ਨਾਟ ਰਚਨਾਵਾਂ ਦੁਆਰਾ ਯੂਨਾਨੀ ਨਾਟ-ਸ਼ੈਲੀ ਨੂੰ ਅਮੀਰ ਕੀਤਾ।

ਪੰਜਾਬੀ ਖਿੱਤੇ ਵਿਚ ਵੱਸਦੇ ਲੋਕਾਂ ਨੇ ਆਪਣੀਆਂ ਨਿੱਜੀ ਲੋੜਾਂ ਭਾਵ ਆਰਥਿਕ ਸਰੋਤਾਂ ਨੂੰ ਮਜ਼ਬੂਤ ਕਰਨ ਲਈ, ਭਵਿੱਖ ਦੀ ਬਿਹਤਰੀ ਲਈ ਪਰਵਾਸ ਕੀਤਾ ਤਾਂ ਉਹ ਜਿੱਥੇ ਜਾ ਕੇ ਰਿਹਾ, ਜਿੱਥੇ ਉਸ ਨੇ ਵਾਸ ਕੀਤਾ, ਉੱਥੋਂ ਦਾ ਉਹ ਪਰਵਾਸੀ ਬਾਸ਼ਿੰਦਾ ਅਖਵਾਇਆ। ਅੱਜ ਪੰਜਾਬੀ ਦੇਸ਼ ਦੇ ਦੋਨੇ-ਕੋਨੇ ਵਿਚ ਵੱਸੇ ਹੋਏ ਹਨ। ਵਿਸ਼ਵ ਦਾ ਇਕ ਪਿੰਡ ਵਿਚ ਤਬਦੀਲ ਹੋ ਜਾਣ ਸਦਕਾ ਦੂਰੀ ਦਾ ਵੀ ਕੋਈ ਬਹੁਤਾ ਰੋਲ ਨਹੀਂ ਰਿਹਾ ਕਿਉਂਕਿ ਇੰਟਰਨੈੱਟ ਨੇ ਸਭ ਨੂੰ ਇਕ ਦੂਜੇ ਨਾਲ ਜੋੜ ਦਿੱਤਾ ਹੈ। ਅਸੀਂ ਆਪਣੇ ਘਰ ਵਿਚ ਬੈਠ ਕੇ ਦੇਸ਼-ਵਿਦੇਸ਼ ਦੀਆਂ ਗਤੀਵਿਧੀਆਂ ਬਾਰੇ ਜਾਣ ਸਕਦੇ ਹਨ। ਇਸੇ ਤਰ੍ਹਾਂ ਪੰਜਾਬੀ ਖਿੱਤੇ ਦੇ ਪੜ੍ਹੇ-ਲਿਖੇ ਲੋਕ ਜੋ ਲਿਖਣ ਦੀ ਰੁਚੀ ਰੱਖਦੇ ਹਨ, ਉਨ੍ਹਾਂ ਨੇ ਵਿਦੇਸ਼ ਵਿਚ ਰਹਿੰਦਿਆਂ ਜਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕੀਤਾ ਉਨ੍ਹਾਂ ਨੂੰ ਸਾਹਿਤਿਕ ਕ੍ਰਿਤਾਂ ਦੇ ਜ਼ਰੀਏ ਸਾਡੇ ਤਕ ਪਹੁੰਚਾਇਆ ਜਾਂ ਫਿਰ ਇਉਂ ਕਹਿ ਲਈਏ ਕਿ ਆਪਣੇ ਅੰਦਰਲੇ ਉਦਰੇਵੇਂ ਨੂੰ ਲਿਖਤਾਂ ਦੇ ਜਾਮਾ ਪਹਿਨਾਉਂਦਿਆਂ ਸਾਨੂੰ ਵਿਦੇਸ਼ ਵਿਚ ਆਉਂਦੀਆਂ ਮੁਸ਼ਕਿਲਾਂ ਅਤੇ ਵਿਦੇਸ਼ੀ ਸਹੂਲਤਾਂ ਦੀ ਜਾਣਕਾਰੀ ਨਾਲ ਭਰਪੂਰ ਕੀਤਾ। ਵਿਦੇਸ਼ ਵਿਚ ਰਹਿੰਦਿਆਂ ਪੰਜਾਬੀਆਂ ਨੇ ਬਹੁਤ ਸਾਰਾ ਸਾਹਿਤ ਰਚਿਆ ਜਿਨ੍ਹਾਂ ਵਿਚੋਂ 'ਨਾਟਕ' ਆਪਣੀ ਅਲੱਗ ਪਹਿਚਾਣ ਸਥਾਪਿਤ ਕਰ ਚੁੱਕਾ ਹੈ। ਪਰਵਾਸੀ ਪੰਜਾਬੀ ਨਾਟਕ ਦੀ ਸ਼ੁਰੂਆਤ ਦੇ ਬਾਰੇ ਉਪਲੱਬਧ ਹਵਾਲਿਆਂ ਅਨੁਸਾਰ ਸਭ ਤੋਂ ਪਹਿਲਾਂ ਪੰਜਾਬੀ ਨਾਟਕ ਇੰਗਲੈਂਡ ਵਿਚ ਕਿਰਤ ਗਿਆਨੀ ਦਰਸ਼ਨ ਸਿੰਘ ਦਾ ਨਾਟਕ 'ਆਤੂ ਦਾ ਵਿਆਹ' ਖੇਡਿਆ। ਇਹ ਨਾਟਕ 1968 ਵਿਚ ਮੰਚਿਤ ਕੀਤਾ ਗਿਆ। ਕੈਨੇਡਾ ਵਿਚ ਪੰਜਾਬੀ ਰੰਗਮੰਚ ਦੀ ਸ਼ੁਰੂਆਤ 1972 ਵਿਚ ਪੰਜਾਬ ਕਲਚਰਲ ਐਸੋਸੀਏਸ਼ਨ ਵੱਲੋਂ ਕੀਤੇ ਨਾਟਕ 'ਤੀਜੀ ਪਾਸ' ਨਾਲ ਹੋਈ। ਪਰਵਾਸੀ ਪੰਜਾਬੀ ਨਾਟਕ ਦੇ ਵਿਰਸੇ ਤੋਂ ਵਰਤਮਾਨ ਤੱਕ ਦੇ ਵਿਕਾਸ ਰੁਖ ਨੇ ਪੰਜਾਬੀ ਨਾਟ ਜਗਤ ਵਿਚ ਕਈ ਨਵੇਂ ਪ੍ਰਤੀਮਾਨ ਸਥਾਪਿਤ ਕੀਤੇ ਹਨ। ਮੂਲ ਰੂਪ ਵਿਚ ਪਰਵਾਸੀ ਪੰਜਾਬੀ ਨਾਟਕ ਪਾਕਿਸਤਾਨ, ਇੰਗਲੈਂਡ, ਕੀਨੀਆ ਅਤੇ ਕੈਨੇਡਾ ਆਦਿ ਵਿਚ ਲਿਖਿਆ ਜਾ ਰਿਹਾ ਹੈ।

ਪਰਵਾਸੀ ਪੰਜਾਬੀ ਸਾਹਿਤਕਾਰਾਂ ਵਿਚ ਰਵਿੰਦਰ ਰਵੀ ਆਪਣੀਆਂ ਸਾਹਿਤਕ ਰਚਨਾਵਾਂ ਸਦਕਾ ਵਿਲੱਖਣ ਸਥਾਨ ਗ੍ਰਹਿਣ ਕਰ ਚੁੱਕਾ ਹੈ। ਇਸ ਤੋਂ ਪਹਿਲਾਂ ਉਹ ਗਿਆਰਾਂ ਕਾਵਿਨਾਟਕਾਂ ਦੀ ਸਿਰਜਨਾ ਕਰ ਚੁੱਕਾ ਹੈ। 'ਚੱਕ੍ਰਵਯੂਹ ਤੇ ਪਿਰਾਮਿਡ' ਉਸ ਦਾ ਬਾਰ੍ਹਵਾਂ ਕਾਵਿਨਾਟਕ ਹੈ। ਜਿਸ ਵਿਚ ਉਸ ਨੇ ਮਨੁੱਖੀ ਅਸਤਿਤਵ ਅਤੇ ਸਭਿਅਤਾ ਦੇ ਪ੍ਰਸੰਗ ਵਿਚ ਬਦਲ ਰਹੇ ਜੀਵਨ ਦੇ ਅਰਥਾਂ



ਦੀ ਗੱਲ ਤੋਰੀ ਹੈ। ਇਸ ਕਾਵਿਨਾਟਕ ਰਾਹੀਂ ਉਸ ਨੇ ਇਕੋ ਥੀਮ 'ਤੇ ਦਸ ਵੱਖ-ਵੱਖ ਨੁਕਤਿਆਂ ਨੂੰ ਵਿਚਾਰਨ ਦੇ ਅਸੰਭਵ ਕਾਰਜ ਨੂੰ ਸੰਭਵ ਕਰ ਦਿਖਾਇਆ ਹੈ। ਉਸ ਦਾ ਇਹ ਕਾਵਿਨਾਟਕ ਯੂਨਾਨੀ ਨਾਟ-ਸ਼ੈਲੀ ਦੇ ਬਹੁਤ ਨੇੜੇ ਹੈ ਅਤੇ ਉਸ ਦੀਆਂ ਕਈ ਵਿਧੀਆਂ ਨੂੰ ਅਪਣਾਉਂਦਾ ਨਜ਼ਰੀਂ ਪੈਂਦਾ ਹੈ। ਉਸ ਨੇ ਸਾਹਿਤ ਦੀ ਹਰ ਵਿਧਾ ਵਿਚ ਆਪਣਾ ਹੱਥ ਅਜ਼ਮਾਇਆ ਹੈ ਅਤੇ ਉਸ ਵਿਚ ਸਫਲਤਾ ਵੀ ਪ੍ਰਾਪਤ ਕੀਤੀ ਹੈ। ਇਸ ਤਰ੍ਹਾਂ ਉਹ ਇਕ ਬਹੁ-ਵਿਧਾਈ ਸਾਹਿਤਕਾਰ ਦੇ ਤੌਰ 'ਤੇ ਸਾਡੇ ਸਾਹਮਣੇ ਆਉਂਦਾ ਹੈ। ਰਵਿੰਦਰ ਰਵੀ ਨੇ ਹੁਣ ਤਕ ਸੋਲਾਂ ਕਾਵਿਨਾਟਕ ਲਿਖੇ ਹਨ। ਸਤਨਾਮ ਸਿੰਘ ਜੱਸਲ ਇਸ ਪਰਵਾਸੀ ਨਾਟਕਕਾਰ ਰਵਿੰਦਰ ਰਵੀ ਬਾਰੇ ਆਪਣੀ ਧਾਰਨਾ ਨੂੰ ਸਪਸ਼ਟ ਕਰਦੇ ਹੋਏ ਲਿਖਦੇ ਹਨ :

> ਰਵਿੰਦਰ ਰਵੀ ਦੇ ਪੰਜਾਬੀ ਨਾਟਕ ਵਿਚ ਪ੍ਰਵੇਸ਼ ਨਾਲ ਪੰਜਾਬੀ ਨਾਟਕ ਦਾ ਘੇਰਾ ਹੋਰ ਚੌੜਾ ਹੁੰਦਾ ਹੈ। ਰਵਿੰਦਰ ਰਵੀ ਪ੍ਰਵਾਸ ਵਿਚ ਵਿਚਰਦਿਆਂ, ਜਿਥੇ ਰੰਗਮੰਚ ਵਿਚ ਨਵੀਆਂ ਤਕਨੀਕਾਂ ਨੂੰ ਲਿਆਉਂਦਾ ਹੈ ਉਥੇ ਵਿਸ਼ਿਆਂ ਦੇ ਸੰਬੰਧ ਵਿਚ ਵੀ ਵਿਲੱਖਣ ਮਸਲਿਆਂ ਨੂੰ ਸਾਡੇ ਸਾਹਮਣੇ ਲਿਆਉਂਦਾ ਹੈ।[5]

ਵਿਦੇਸ਼ ਵਿਚ ਰਹਿੰਦਿਆਂ ਰਵਿੰਦਰ ਰਵੀ ਨੇ ਬਹੁਤ ਕੁਝ ਨਵਾਂ ਸਿੱਖਿਆ ਅਤੇ ਗ੍ਰਹਿਣ ਕੀਤਾ ਹੈ ਜਿਸ ਦਾ ਝਲਕਾਰਾ ਸਾਨੂੰ ਉਸ ਦੀਆਂ ਸਾਹਿਤ ਰਚਨਾਵਾਂ ਵਿਚੋਂ ਵੇਖਣ ਨੂੰ ਮਿਲਦਾ ਹੈ। ਕਾਵਿ-ਨਾਟ ਨੂੰ ਨਵੀਆਂ ਤਕਨੀਕਾਂ ਨਾਲ ਕਿਸ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ, ਕਿਵੇਂ ਇਸ ਦੇ ਸੁਹਜ ਵਿਚ ਵਾਧਾ ਕੀਤਾ ਜਾ ਸਕਦਾ ਹੈ। ਰਵਿੰਦਰ ਰਵੀ ਇਸ ਬਾਰੇ ਖੂਬ ਜਾਣਦਾ ਹੈ ਕਿਉਂਕਿ ਉਸ ਨੇ ਆਪਣੇ ਸਮਕਾਲ ਵਿਚ ਰਚੇ ਜਾ ਰਹੇ ਵਿਦੇਸ਼ੀ ਸਾਹਿਤ ਤੋਂ ਬਹੁਤ ਕੁਝ ਅਰਜਿਤ ਕੀਤਾ ਹੈ।

'ਚੱਕ੍ਰਵਯੂਹ ਤੇ ਪਿਰਾਮਿਡ' ਉਸ ਦਾ ਬਹੁਤ ਹੀ ਚਰਚਿਤ ਕਾਵਿਨਾਟਕ ਹੈ। ਇਸ ਕਾਵਿਨਾਟਕ ਦਾ ਕਥਾਨਕ ਜਟਿਲ ਹੈ। ਕਥਾਨਕ ਦਸ (10) ਦ੍ਰਿਸ਼ਾਂ ਦੇ ਵਿਚ ਪੇਸ਼ ਕੀਤਾ ਹੈ। ਸਾਰੇ ਦ੍ਰਿਸ਼ਾਂ ਵਿਚ ਕਾਰਜ-ਵਿਹਾਰ ਵੱਖਰਾ ਹੈ ਪਰੰਤੂ ਪਿਛੇ ਇਹ ਇਕ ਕੇਂਦਰੀ ਨੁਕਤੇ ਨਾਲ ਬੱਝੇ ਪ੍ਰਤੀਤ ਹੁੰਦੇ ਹਨ। ਇਨ੍ਹਾਂ ਦੀ ਮੂਲ ਸੁਰ ਇਕੋ ਹੈ। ਇਸ ਸਥਿਤੀ ਦੇ ਸੰਦਰਭ ਵਿਚ ਉਸ ਦੇ ਨਾਟਕ ਵਿਚਲੀਆਂ ਉਹ ਸਤਰਾਂ ਜੋ ਕਥਾਨਕ ਨੂੰ ਇਕਜੁੱਟਤਾ ਬਣਾਈ ਰੱਖਣ ਵਿਚ ਸਹਾਈ ਹੁੰਦੀਆਂ ਹਨ। ਇਸ ਪ੍ਰਕਾਰ ਹਨ :

ਐ ਸੂਰਜ ਦੀ ਚੇਤੰਨ ਸ਼ੁਆਓ
ਐ ਵਿਸ਼ਵ ਵਿਚ ਵਗਦੀ ਹਵਾਓ

ਗੂੜ੍ਹੀ ਨੀਂਦਰ 'ਚ ਸੁੱਤਾ ਹੈ ਮਾਨਵ
ਇਸ ਨੂੰ ਆਪਣੀ ਤਬਾਹੀ ਵਿਖਾਓ[6]

ਕਥਾਨਕ ਵਿਚਲੀ ਕੇਂਦਰੀ ਵਿਸ਼ੇ 'ਤੇ ਇਕਸੁਰਤਾ ਅਤੇ ਵਧੇਰੇ ਵਿਸ਼ਿਆਂ ਨੂੰ ਆਪਣੇ ਵਿਚ ਸਮੋ ਕੇ ਪੇਸ਼ ਕਰਨ ਦੀ ਕਲਾ ਨਾਟਕਕਾਰ ਦੀ ਪਰਿਪੱਕ ਸ਼ਖ਼ਸੀਅਤ ਦਾ ਝਲਕਾਰਾ ਪਾਉਂਦੀ ਹੈ। 'ਚੱਕ੍ਰਵਯੂਹ ਤੇ ਪਿਰਾਮਿਡ' ਕਾਵਿਨਾਟਕ ਦੀ ਲੇਖਣੀ ਇਕ ਵੱਖਰੀ ਕਿਸਮ ਦੀ ਹੈ। ਇਸ ਕਾਵਿਨਾਟਕ ਵਿਚ ਪੇਸ਼ ਹੋਏ ਮਨੁੱਖੀ ਦਰਦ ਨੂੰ ਨਾਟਕਕਾਰ ਨੇ ਕੋਰਸ ਵਿਧੀ ਰਾਹੀਂ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ :

ਨਾ ਅਸੀਂ ਰੋਏ, ਨਾ ਅਸੀਂ ਕੂਏ
ਨਾ ਅਸੀਂ ਪਾਏ ਵੈਣ
ਪੰਜ ਦਰਿਆ ਅਸੀਂ ਪਲਕੀਂ ਪਾਏ
ਡੁੱਬ ਗਏ ਸਾਡੇ ਨੈਣ
ਚੁੱਪ ਚੁੱਪ ਲੋਕੀ ਅੰਦਰੋਂ ਅੰਦਰ
ਲੋਥਾਂ ਦੇ ਅੰਬਾਰ
ਆਪਣੇ ਕੋਲੋਂ ਚੁੱਕ ਨਾ ਹੋਵੇ,
ਆਪਣੀ ਜਿੰਦ ਦਾ ਭਾਰ।[7]

ਕੋਰਸ ਵਿਧੀ ਰਾਹੀਂ ਨਾਟਕਕਾਰ ਨੇ ਫ਼ਿਰਕਾਪ੍ਰਸਤੀ ਦੀ ਲੁੱਟ, ਦਹਿਸ਼ਤਗਰਦੀ, ਕੋਝੀ ਸਿਆਸਤ ਦੀਆਂ ਚਾਲਾਂ ਤੋਂ ਬੇਖ਼ਬਰ ਆਮ ਲੋਕਾਂ ਦੀ ਬਾਤ ਨੂੰ ਦਰਸ਼ਕਾਂ ਦੇ ਸਾਹਵੇਂ ਪੇਸ਼ ਕੀਤਾ ਹੈ ਜੋ ਆਪਣੇ ਘਰ-ਬਾਰ ਹੁੰਦਿਆਂ ਵੀ ਆਪਣੇ ਦੇਸ਼ਾਂ ਵਿਚ ਬੇਗਾਨਗੀ ਦਾ ਸੰਤਾਪ ਹੰਢਾਉਣ ਲਈ ਮਜ਼ਬੂਰ ਹੋਏ ਪਏ ਹਨ। ਯੂਨਾਨੀ ਨਾਟ-ਪਰੰਪਰਾ ਵਿਚ 'ਪਦ-ਰਚਨਾ' ਨੂੰ ਪ੍ਰਮੁੱਖ ਸਥਾਨ ਹਾਸਿਲ ਹੈ। ਇਹ ਨਾਟਕਕਾਰ ਦੀ ਬੌਧਿਕਤਾ ਨੂੰ ਪਰਖਣ ਵਾਲੀ ਇਕਾਈ ਹੁੰਦੀ ਹੈ। ਨਾਟਕਕਾਰ ਲਈ ਵੀ ਇਹ ਚੁਣੌਤੀ ਭਰਿਆ ਕਾਰਜ ਹੁੰਦਾ ਹੈ ਕਿ ਉਹ ਕਿਸ ਪ੍ਰਕਾਰ ਦੀ ਸ਼ਬਦਾਵਲੀ ਦਾ ਗਠਨ ਕਰੇ ਜੋ ਸਰੋਤਿਆਂ/ਦਰਸ਼ਕਾਂ ਨੂੰ ਕੀਲਣ ਦੀ ਸਮਰੱਥਾ ਰੱਖ ਸਕਦੀ ਹੋਵੇ। ਮਿਸਾਲ ਦੇ ਰੂਪ ਵਿਚ ਇਸ ਕਾਵਿ ਪੰਕਤੀ ਨੂੰ ਦੇ ਦੇਖਿਆ ਜਾ ਸਕਦਾ ਹੈ :

ਇਹ ਜੀਵਨ ਹੈ ਲੋੜ ਦਾ ਰਿਸ਼ਤਾ
ਬਾਕੀ ਸਭ ਰਿਸ਼ਤੇ ਨੇ ਕੂੜ
ਧੁੰਦ-ਧੂੰਆਂ ਹੈ ਚਾਰ-ਚੁਫੇਰੇ
ਹਰ ਰਿਸ਼ਤੇ ਦੀ ਉੱਡੇ ਧੂੜਾਂ।[8]



ਸ਼ਬਦ-ਜੜ੍ਹਤ ਜਿਹੀ ਸੁਹਜ ਭਰਪੂਰ ਕਿਰਿਆ ਦਾ ਗੁਣ ਕਾਵਿ-ਨਾਟਕਕਾਰ ਲਈ ਲਾਜ਼ਮੀ ਹੈ। ਇਸ ਤੋਂ ਬਿਨਾਂ ਉਹ ਆਪਣੇ ਨਾਟਕ ਦਾ ਪ੍ਰਭਾਵ ਪਾਉਣ ਵਿਚ ਅਸਮਰੱਥ ਰਹੇਗਾ। ਸ਼ਬਦਾਵਲੀ ਇਕ ਅਜਿਹੀ ਕੁੰਜੀ ਹੈ ਜੋ ਸਰੋਤੇ/ਦਰਸ਼ਕ ਦੀਆਂ ਦਿਮਾਗੀ ਗੁੰਝਲਾਂ ਨੂੰ ਸੁਲਝਾਉਣ ਦਾ ਮਾਦਾ ਰੱਖਦੀ ਹੋਈ ਉਸ 'ਤੇ ਟਕੋਰ ਕਰਦੀ ਹੈ। ਇਸ ਕਾਵਿਨਾਟਕ ਵਿਚ 'ਚਰਿੱਤਰ-ਚਿਤਰਣ' ਨੂੰ ਬਹੁਤ ਮਹੱਤਤਾ ਨਾਲ ਦਰਸਾਇਆ ਗਿਆ ਹੈ। ਭਾਵੇਂ ਇਹ ਚਰਿੱਤਰ ਯੂਨਾਨੀ ਨਾਟ-ਸ਼ੈਲੀ ਦੀ ਪਰੰਪਰਾ ਦੇ ਅਨੁਕੂਲ ਨਹੀਂ ਹਨ ਪਰੰਤੂ ਨਵੇਂ ਸੰਦਰਭਾਂ ਵਿਚ ਪੇਸ਼ ਹੁੰਦੇ ਹੋਏ ਵੀ ਇਹ ਕੁਝ ਅਲੋਕਾਰ ਕੀਰਤੀਮਾਨ ਸਥਾਪਿਤ ਕਰਦੇ ਨਜ਼ਰੀਂ ਪੈਂਦੇ ਹਨ। ਇਸ ਕਾਵਿਨਾਟਕ ਵਿਚ ਚਰਿੱਤਰਾਂ ਦੇ ਨਾਮਕਰਨ ਵਜੋਂ 'ਸੂਤਰਧਾਰ', 'ਇਕ', 'ਦੋ', 'ਮੁੰਡਾ', 'ਕੁੜੀ', 'ਮਰਦ', 'ਔਰਤ', 'ਕਲਾਕਾਰ' ਆਦਿ ਦੇ ਰੂਪ ਵਿਚ ਹੀ ਪੇਸ਼ ਕੀਤਾ ਗਿਆ ਹੈ ਪਰ ਇਹ ਆਪਣੇ ਕਾਰ-ਵਿਹਾਰ ਦੀ ਨੁਮਾਇੰਦਗੀ ਕਰਦੇ ਹਨ। ਮਿਸਾਲ ਦੇ ਤੌਰ 'ਤੇ ਇਹ ਕਾਵਿ-ਸਤਰਾਂ ਦੇਖੀਆਂ ਜਾ ਸਕਦੀਆਂ ਹਨ :

ਮਰਦ : ਯੁੱਗ ਨੂੰ ਹੀ ਹੈ, ਯੁੱਗ ਦਾ ਸਰਾਪ
ਇਸ ਯੁੱਗ ਦੀ ਨਾ ਮਾਂ, ਨਾ ਬਾਪ।
ਔਰਤ : ਯੁੱਗ ਦੀ ਸੁਣ ਤੇ ਯੁੱਗ ਦੀ ਕਰ
ਇਸ ਯੁੱਗ ਤੋਂ ਨਾ ਏਨਾ ਡਰ।

ਮਰਦ ਅਤੇ ਔਰਤ ਦਾ ਇਹ ਆਪਸੀ ਸੰਵਾਦ ਡੂੰਘੇ ਅਰਥਾਂ ਦਾ ਧਾਰਨੀ ਹੈ। ਇਸ ਵਿਚ ਜਿਥੇ ਖੀਣ ਹੋ ਰਹੀਆਂ ਕਦਰਾਂ ਕੀਮਤਾਂ ਦੀ ਗੱਲ ਹੋ ਰਹੀ ਹੈ, ਉਥੇ ਅਗਾਂਹਵਧੂ ਹੱਲਾਸ਼ੇਰੀ ਸਦਕਾ ਬਿਨਾਂ ਕਿਸੇ ਡਰ ਕੁਝ ਕਰ ਸਕਣ ਦੀ ਪ੍ਰੇਰਨਾ ਵੀ ਮਿਲਦੀ ਹੈ। ਇਸ ਕਾਵਿਨਾਟਕ ਵਿਚ 'ਵਿਚਾਰ-ਤੱਤ' ਦੀ ਪ੍ਰਧਾਨਤਾ ਹੈ। ਇਸ ਪੂਰੇ ਕਾਵਿਨਾਟਕ ਵਿਚ ਇਕੋ ਵਿਚਾਰ ਦੀ ਵਿਭਿੰਨ ਨਜ਼ਰੀਏ ਤੋਂ ਵਿਚਾਰ ਚਰਚਾ ਹੋਈ ਹੈ, ਜਿਸ ਵਿਚ ਵਿਸ਼ਵੀਕਰਨ, ਸਭਿਅਤਾ, ਸਭਿਆਚਾਰ, ਰਿਸ਼ਤਾ-ਨਾਤਾ ਪ੍ਰਣਾਲੀ, ਵਿਵਿਧ ਪ੍ਰਕਾਰ ਦੇ ਸੰਕਟ, ਮਨੁੱਖੀ ਜੀਵਨ ਦਾ ਅਸਤਿਤਵ ਆਦਿ ਸ਼ੁਮਾਰ ਹਨ। ਇਸ ਕਾਵਿਨਾਟਕ ਦੀ 'ਕੁੜੀ' ਪਾਤਰ ਦੀਆਂ ਇਹ ਕਾਵਿ ਪੰਕਤੀਆਂ ਨਾਟਕੀ ਵਿਚਾਰ ਨੂੰ ਗਹਿਨ ਅਰਥ ਪ੍ਰਦਾਨ ਕਰਦੀਆਂ ਹਨ। ਜਿਵੇਂ :

ਕੁੜੀ : ਹਰ ਮਰਦ ਵਿਚ ਬਾਪ ਦਾ ਚਿੰਤਨ-
ਰਿਸ਼ਤਾ ਪਰ ਟੱਬਰ ਦਾ ਮੰਥਨ
ਇਕ, ਦੂਜੇ ਦੇ ਨਾਲ ਨੇ ਚੱਲਦੇ,
ਰਿਸ਼ਤੇ ਪਰਵਾਰਾਂ ਵਿਚ ਪਲਦੇ

ਬੀਰਜ-ਬੈਂਕ ’ਚੋਂ ਬੀਰਜ ਮਿਲਦਾ
ਰਿਸ਼ਤਾ ਬੀ ਦੇ ਨਾਲ ਨਹੀਂ ਚੱਲਦਾ।

ਵਿਚਾਰ-ਤੱਤ ਦੀ ਪ੍ਰਧਾਨਤਾ ਕਾਵਿ ਨਾਟਕਕਾਰ ਦੀ ਬੌਧਿਕਤਾ ਨੂੰ ਪ੍ਰਗਟਾਉਂਦੀ ਹੈ। ਸਮਕਾਲ ਵਿਚ ਵਿਸ਼ਵੀਕਰਨ ਦੀ ਪ੍ਰਕਿਰਿਆ ਵਿਚ ਗ੍ਰਸੇ ਜਾਣ ਕਰਕੇ ਸਾਰੀਆਂ ਵਸਤਾਂ, ਰਿਸ਼ਤਾ-ਨਾਤਾ ਪ੍ਰਣਾਲੀ ਆਦਿ ਅਰਥਹੀਣ ਹੋ ਗਈਆਂ ਹਨ। ਇਨ੍ਹਾਂ ਵਿਚਲੀ ਆਪਸੀ ਸਾਂਝ ਹੁਣ ਲਗਭਗ ਖਤਮ ਹੋ ਚੁੱਕੀ ਹੈ। ਰਿਸ਼ਤੇ, ਮੋਹ ਪਿਆਰ ਨਾਲ ਨਿਭਦੇ ਹਨ ਪਰੰਤੂ ਅਜੋਕੇ ਦੌਰ ਵਿਚ ਟੈਸਟ-ਟਿਊਬ ਬੇਬੀ ਦੀ ਮਦਦ ਸਦਕਾ ਜਿਥੇ ਸੰਤਾਨ ਸੁੱਖ ਪਾਇਆ ਜਾ ਰਿਹਾ ਹੈ, ਉੱਥੇ ਮਨੁੱਖ ਪਿਆਰ ਤੋਂ ਵਾਂਝਿਆਂ ਰਹਿ ਬੇਗਾਨਗੀ ਦਾ ਸ਼ਿਕਾਰ ਵੀ ਹੋ ਰਿਹਾ ਹੈ। ਨਾਟਕ ਜਾਂ ਕਾਵਿਨਾਟਕ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ‘ਗੀਤ’ ਅਹਿਮ ਭੂਮਿਕਾ ਨਿਭਾਉਂਦਾ ਹੈ। ਨਾਟਕਕਾਰ ਨੇ ਆਪਣੇ ਕਾਵਿਨਾਟਕ ਵਿਚ ਰਵਾਨਗੀ ਨੂੰ ਬਰਕਰਾਰ ਰੱਖਣ ਲਈ ਇਸ ਵਿਧੀ ਦਾ ਖੁੱਲ੍ਹ ਕੇ ਪ੍ਰਯੋਗ ਕੀਤਾ ਹੈ। ਉਸ ਨੇ ਪੈਸੇ ਦੇ ਨਸ਼ੇ ਵਿਚ ਧੁੱਤ, ਸੰਸਾਰੀਕਰਨ ਦਾ ਸ਼ਿਕਾਰ, ਧਾਰਮਿਕ ਕਰਮਕਾਂਡਾਂ ਵਿਚ ਗ੍ਰਸੀ ਜੀਵਨ ਸ਼ੈਲੀ ਨੂੰ ਗੀਤ ਰਾਹੀਂ ਇਉਂ ਪ੍ਰਸਤੁਤ ਕੀਤਾ ਹੈ :

ਪਿੰਡ, ਬ੍ਰਹਮੰਡ ਸਭ ਮੈਥੋਂ ਥੱਲੇ
ਮੈਂ ਮਾਨਵ ਮੇਰਾ ਪਹਿਲਾ ਨੰਬਰ
ਮਸਤੀ, ਮਸਤ, ਮਸਤ
ਮਸਤੀ, ਮਸਤ ਕਲੰਦਰ
ਮੈਂ ਮਾਨਵ ਮੇਰਾ ਪਹਿਲਾ ਨੰਬਰ।[9]

ਮਾਨਵ ਦੇ ਪੂਰੀ ਦੁਨੀਆ ’ਤੇ ਕਾਬਜ਼ ਹੋਣ ਦੇ ਭਰਮ ਨੂੰ ਇਸ ਗੀਤ-ਵਿਧੀ ਦੀ ਮਦਦ ਸਦਕਾ ਕਾਵਿਨਾਟਕਕਾਰ ਨੇ ਖੂਬ ਪੇਸ਼ ਕੀਤਾ ਹੈ। ਤਕਨੋਲੋਜੀ ਦੀ ਮਦਦ ਸਦਕਾ ਉਹ ਬ੍ਰਹਿਮੰਡ ਦੇ ਕਈ ਰਹੱਸਾਂ ਨੂੰ ਜਾਣ ਚੁੱਕਾ ਹੈ ਪਰੰਤੂ ਇਸ ਤਰ੍ਹਾਂ ਕਰਨ ਨਾਲ ਉਹ ਸਰਵ-ਵਿਆਪੀ ਨਹੀਂ ਹੋ ਸਕਦਾ, ਸਗੋਂ ਆਪਣੀ ਸੋਚ ਦੇ ਕੋਝੇਪਣ ਨੂੰ ਹੀ ਪੇਸ਼ ਕਰ ਰਿਹਾ ਹੈ। ਤਕਨੀਕ ਦੀ ਮਦਦ ਸਦਕਾ ਉਸ ਨੇ ਬਹੁਤ ਕੁਝ ਪਾਇਆ ਪਰੰਤੂ ਜੀਵਨ ਜਿਉਣ ਦੇ ਅਸਲੀ ਅਰਥ ਗੁਆ ਚੁੱਕਾ ਹੈ। ਇਹ ਗੀਤ ਉਸ ਦੀ ਫੋਕੀ ਸ਼ੁਹਰਤ ਦਾ ਪਰਿਮਾਣ ਹੈ। ਸੰਗੀਤ ਅਤੇ ਰੌਸ਼ਨੀ ਵੀ ਨਾਟਕ ਦੇ ਸੁਹਜ ਵਿਚ ਵਾਧਾ ਕਰਦੇ ਹਨ। ਵਾਤਾਵਰਨ ਨੂੰ ਮੁੱਖ ਰੱਖਦਿਆਂ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਦ੍ਰਿਸ਼ ਬਦਲੀ ਵਿਚ ਰੌਸ਼ਨੀ ਦੀ ਮਦਦ ਲਈ ਜਾਂਦੀ ਹੈ ਅਤੇ ਅਕਹਿ ਪੀੜਾ ਨੂੰ ਸੰਗੀਤ ਦੀ ਮਦਦ



ਨਾਲ ਪੇਸ਼ ਕੀਤਾ ਜਾਂਦਾ ਹੈ। ਮਿਸਾਲ ਦੇ ਤੌਰ ’ਤੇ ਨਿਰਦੇਸ਼ਕੀ ਟਿੱਪਣੀ ਦੇਖੀ ਜਾ ਸਕਦੀ ਹੈ।

(ਪਿਛੋਕੜ ’ਚੋਂ ਇਕ ਉਦਾਸ ਜਿਹੀ ਧੁਨ ਉੱਭਰਦੀ ਹੈ। ‘ਇਕ’ ਤੋਂ ‘ਦੋ’ ਇਕ ਦੂਜੇ ਵਲਾਂ ਪਹਿਲਾਂ ਆਪਣਿਆਂ ਤੇ ਫੇਰ ਬੇਗਾਨਿਆਂ ਵਾਂਗ ਦੇਖਦੇ ਹਨ। ਅਜਨਬੀ ਬਣ ਜਾਂਦੇ ਹਨ। ਪਿਛੋਕੜ ’ਚੋਂ ਇਸ ਸਮੇਂ ਭਿਆਨਕ ਵਿਸਫੋਟ ਦੇ ਧੁਨੀ ਪ੍ਰਭਾਵ ਉਭਰਦੇ ਹਨ ਤੇ ਉਨ੍ਹਾਂ ਦੇ ਖਾਮੋਸ਼ ਹੁੰਦਿਆਂ ਹੀ ਹੇਠ ਲਿਖੇ ਬੋਲ ਅਤੇ ਬੋਲਾਂ ਦੇ ਅੰਤ ਉਪਰੰਤ ਉਨ੍ਹਾਂ ਦੀਆਂ ਪ੍ਰਤੀਧੁਨੀਆਂ ਉੱਭਰਦੀਆਂ ਹਨ।)

...ਨਜ਼ਰ ਧੁੰਦਲੀ, ਸੋਚ ਗੰਧਲੀ
ਟੁੱਟ ਰਿਹਾ ਤੇ ਸੜ ਰਿਹਾ
ਸ਼ਹਿਰ ਵਿਚ ਸੁਆਰਥ।[10]

ਇਸੇ ਪ੍ਰਕਾਰ ‘ਰੌਸ਼ਨੀ’ ਦੀ ਉਦਾਹਰਨ ਵੀ ਨਿਰਦੇਸ਼ਕੀ ਟਿੱਪਣੀ ਵਿਚੋਂ ਦੇਖੀ ਜਾ ਸਕਦੀ ਹੈ :

ਮੰਚ ਉੱਤੇ ਰੌਸ਼ਨੀ ਹੁੰਦੀ ਹੈ ਤਾਂ ‘ਇਕ’ (ਮੁੰਡਾ ਵੇਸਵਾ) ਅਤੇ ‘ਦੋ’ (ਕੁੜੀ ਵੇਸਵਾ) ਇਕ ਦੂਜੇ ਦੀਆਂ ਨਾੜਾਂ ਵਿਚ ਕਿਸੇ ਨਸ਼ੀਲੇ ਪਦਾਰਥ ਦੇ ਟੀਕੇ ਲਗਾਉਂਦੇ ਹੋਏ ਵਿਖਾਈ ਦਿੰਦੇ ਹਨ। ਮੈਰੇਵਾਨਾ ਤੇ ਸਿਗਰਟ ਦੇ ਕਸ਼ ਲਾਉਂਦੇ ਹਨ। ਹੱਸਦੇ ਚੀਕਾਂ ਮਾਰਦੇ ਹਨ।[11]

ਇਨ੍ਹਾਂ ਵਿਧੀਆਂ ਦੀ ਮਦਦ ਸਦਕਾ ਜਿੱਥੇ ਨਾਟਕ ਦੇ ਸੁਹਜ ਵਿਚ ਵਾਧਾ ਹੁੰਦਾ ਹੈ, ਉੱਥੇ ਇਹ ਕਾਵਿ-ਨਾਟ ਕ੍ਰਿਤ ਨੂੰ ਸੰਵੇਦਨਸ਼ੀਲ ਅਤੇ ਪ੍ਰਭਾਵਸ਼ਾਲੀ ਵੀ ਬਣਾਉਂਦੀਆਂ ਹਨ। ਯੂਨਾਨੀ ਨਾਟ-ਪਰੰਪਰਾ ਵਿਚ ਸੋਫੋਕਲੀਜ਼ ਦੇ ਆਗਮਨ ਨਾਲ ਜਿੱਥੇ ਪਾਤਰਾਂ ਦੀ ਗਿਣਤੀ ਤਿੰਨ ਹੋਈ, ਉੱਥੇ ਉਸ ਨੇ ‘ਦ੍ਰਿਸ਼’ ਨੂੰ ਵੀ ਮਾਨਤਾ ਦਿੱਤੀ। ਯੂਨਾਨੀ ਨਾਟਕਾਂ ਵਿਚ ‘ਦ੍ਰਿਸ਼’ ਦੀ ਬਹੁਤ ਮਹੱਤਤਾ ਹੈ। ਇਸੇ ਪ੍ਰਕਾਰ ਰਵਿੰਦਰ ਰਵੀ ਨੇ ਆਪਣੇ ਇਸ ਕਾਵਿਨਾਟਕ ਵਿਚ ਰੰਗਮੰਚੀ ਤਕਨੀਕਾਂ ਨੂੰ ਬਾਖੂਬੀ ਵਰਤਦਿਆਂ ‘ਦ੍ਰਿਸ਼-ਵਿਧਾਨ’ ਨੂੰ ਵੀ ਬਣਦਾ ਸਥਾਨ ਦਿੱਤਾ ਹੈ। ਇਸ ਦੀ ਝਲਕ ਉਸ ਦੀ ਨਿਰਦੇਸ਼ਕੀ ਟਿੱਪਣੀ ਵਿਚੋਂ ਦੇਖੀ ਜਾ ਸਕਦੀ ਹੈ :

(ਮਿਸਰੀ ਲਿੱਪੀ ਜਾਂ ਲਿਖਣ-ਪ੍ਰਬੰਧ (Hieroglyphics) ਵਿਚ ਲਿਖੀ ਇਬਾਰਤ ਅਤੇ ਕੰਧ-ਚਿੱਤਰ ਵਿਖਾਈ ਦਿੰਦੇ ਹਨ। ਤਾਬੂਤਾਂ ਅਤੇ ਮੰਮੀਆਂ (Mummies) ਦੇ ਦ੍ਰਿਸ਼ ਵਿਖਾਈ ਦਿੰਦੇ ਹਨ।)

ਮੰਮੀਆਂ, ਅੱਖਰਾਂ ਕੰਧ-ਚਿਤਰਾਂ ਵਿਚ,
ਸੁਲਘਣ ਸਮਿਆਂ ਦੇ ਨਿਸ਼ਾਨ
ਹਰ ਇਤਿਹਾਸ ਦੇ ਜੀਵਨ ਕਾਂਡ
ਲਿਖਦਾ ਆਇਆ ਹੈ ਇਨਸਾਨ।[12]

ਦ੍ਰਿਸ਼-ਵਿਧਾਨ ਦੀ ਮਦਦ ਨਾਲ ਦਰਸ਼ਕ ਘਟਿਤ ਹੋ ਰਹੇ ਵਰਤਾਰੇ ਨੂੰ ਅਸਾਨੀ ਨਾਲ ਸਮਝ ਜਾਂਦਾ ਹੈ। ਦ੍ਰਿਸ਼ ਦੀ ਵਰਤੋਂ ਨਾਟਕ ਦੇ ਸੁਹਜ ਵਿਚ ਵਾਧਾ ਕਰਦੀ ਹੈ। ਇਸ ਦੀ ਮਦਦ ਨਾਲ ਕਾਵਿਨਾਟਕ/ਨਾਟਕ ਦਾ ਕਲਾਤਮਿਕ ਪੱਖ ਹੋਰ ਮਜ਼ਬੂਤ ਹੁੰਦਾ ਹੈ।

ਉਪਰੋਕਤ ਚਰਚਾ ਦੀ ਲੋਅ ਵਿਚ ਕਿਹਾ ਜਾ ਸਕਦਾ ਹੈ ਕਿ ਰਵਿੰਦਰ ਰਵੀ ਦਾ ਇਹ ਕਾਵਿਨਾਟਕ ਯੂਨਾਨੀ ਨਾਟ-ਸ਼ੈਲੀ ਦੇ ਵਧੇਰੇ ਨੇੜੇ ਢੁੱਕਦਾ ਪ੍ਰਤੀਤ ਹੁੰਦਾ ਹੈ ਕਿਉਂਕਿ ਇਹ ਕਾਵਿ-ਨਾਟ ਯੂਨਾਨੀ ਨਾਟ-ਸ਼ੈਲੀ ਦੀਆਂ ਵਧੇਰੇ ਜੁਗਤਾਂ ਨੂੰ ਅਪਣਾਉਂਦਾ ਹੈ। ਕਾਵਿ-ਨਾਟ ਵਿਚਲਾ ਕੋਰਸ ਨਾਟਕੀ ਪ੍ਰਭਾਵ ਨੂੰ ਬਣਾਈ ਰੱਖਦਾ ਹੈ। ਕਥਾਨਕ ਦੇ ਪੱਖ ਤੋਂ ਜੇਕਰ ਗੱਲ ਕੀਤੀ ਜਾਵੇ ਤਾਂ ਇਸ ਕਾਵਿ-ਨਾਟ ਦਾ ਕਥਾਨਕ ਬਹੁ-ਵਿਧਾਵੀ ਪ੍ਰਤੀਤ ਹੁੰਦਾ ਹੈ। ਕੇਂਦਰੀ ਥੀਮ ਦੇ ਅੰਤਰਗਤ ਕਈ ਹੋਰ ਵਿਸ਼ੇ ਵੀ ਉਜਾਗਰ ਹੁੰਦੇ ਹਨ। ਇਸ ਤਰ੍ਹਾਂ ਕਾਵਿ-ਨਾਟ ਸਮੇਂ, ਸਥਾਨ ਆਦਿ ਦੇ ਪੱਖ ਤੋਂ ਡੋਲਦਾ ਨਜ਼ਰੀਂ ਪੈਂਦਾ ਹੈ ਪਰੰਤੂ ਦਰਸ਼ਕਾਂ ਨੂੰ ਕਾਰਜ-ਵਿਉਹਾਰ ਸਦਕਾ ਆਪਣੇ ਉਦੇਸ਼ ਨੂੰ ਪਹੁੰਚਾਉਣ ਵਿਚ ਸਫਲ ਰਹਿੰਦਾ ਹੈ। ਇਸੇ ਤਰ੍ਹਾਂ ਚਰਿਤ੍ਰ-ਚਿਤਰਨ ਵੀ ਯੂਨਾਨੀ ਨਾਟ-ਸ਼ੈਲੀ ਤੋਂ ਹਟ ਕੇ ਹੈ। ਇਤਿਹਾਸਕ ਪਾਤਰਾਂ ਨੂੰ ਛੱਡ ਸਧਾਰਨ ਪਾਤਰਾਂ ਨੂੰ ਵਧੇਰੇ ਤਰਜੀਹ ਦਿੱਤੀ ਗਈ ਹੈ ਪਰ ਅਜੋਕੇ ਪ੍ਰਸੰਗ ਵਿਚ ਵਿਚਾਰਨ ਕਾਰਨ ਮੂਲ ਸਮੱਸਿਆ ਨੂੰ ਪੇਸ਼ ਕਰਦਾ ਦਿਖਾਈ ਦਿੰਦਾ ਹੈ। ਵਿਚਾਰ-ਤੱਤ, ਦ੍ਰਿਸ਼-ਵਿਧਾਨ, ਗੀਤ ਆਦਿ ਨੂੰ ਵੀ ਵਿਸ਼ਵੀਕਰਨ ਦੀ ਪ੍ਰਕਿਰਿਆ ਨਾਲ ਜੋੜ ਕੇ ਹੀ ਪੇਸ਼ ਕੀਤਾ ਗਿਆ ਹੈ। ਇਸ ਕਾਵਿ-ਨਾਟਕ ਦੀ ਕਾਰਜ ਸ਼ੈਲੀ ਵਿਚ ਨਿਰੰਤਰਤਾ ਬਰਕਰਾਰ ਰਹਿੰਦੀ ਹੈ। ਇਸ ਨੂੰ ਮਹਾਂਕਾਵਿਕ-ਤ੍ਰਾਸਦੀ ਦੇ ਰੂਪ ਵਾਲਾ ਕਾਵਿ-ਨਾਟਕ ਵੀ ਕਿਹਾ ਜਾ ਸਕਦਾ ਹੈ। ਰਵਿੰਦਰ ਰਵੀ ਨੇ ਆਪਣੇ ਕਾਵਿਨਾਟਕ 'ਚੱਕ੍ਰਵਯੂਹ ਤੇ ਪਿਰਾਮਿਡ' ਵਿਚ ਮਨੁੱਖੀ ਅਸਤਿਤਵ, ਇਕੱਲਤਾ, ਬੇਗਾਨਗੀ, ਰਿਸ਼ਤਿਆਂ ਦੀ ਟੁੱਟ ਭੱਜ, ਅਜਨਬੀਕਰਨ, ਮਹਾਂਨਗਰੀ ਚੇਤਨਾ, ਜੀਵਨ ਦੇ ਅਸਤਿਤਵੀ ਸਰੋਕਾਰ, ਮਸ਼ੀਨੀਕਰਨ ਆਦਿ ਦੇ ਪ੍ਰਭਾਵ ਤੋਂ ਪੈਦਾ ਹੋਈ ਨਿਰਾਸਤਾ ਨੂੰ ਚਿਤਰਿਆ ਹੈ ਜੋ ਇਕ ਪ੍ਰਕਾਰ ਸਮਾਜਿਕ ਤ੍ਰਾਸਦੀ ਨੂੰ ਪ੍ਰਗਟਾਉਂਦੀ ਹੈ। ਇਸ ਤਰ੍ਹਾਂ ਉਸ ਨੇ ਸਟਾਕ ਮਾਰਕਿਟ ਦੇ ਤਹਿਸ-ਨਹਿਸ ਹੋਣ ਉਪਰੰਤ ਪੈਦਾ ਹੋਈਆਂ ਰਾਜਸੀ, ਆਰਥਿਕ, ਸਮਾਜਿਕ ਕਦਰਾਂ-ਕੀਮਤਾਂ ਨੂੰ ਖੁੱਲ੍ਹ ਕੇ ਬਿਆਨਿਆ ਹੈ। ਦਹਿਸ਼ਤਗਰਦੀ, ਬਾਲ-ਵੇਸਵਾ, ਰਿਫਿਊਜ਼ੀਆਂ ਦੀ ਦਾਸਤਾਨ, ਗੈਂਗ-ਯੁੱਧ, ਮਨੋਰੰਜਨ ਤੇ ਹੋਰ ਕਾਰੋਬਾਰੀ ਪਰਦੇ ਹੇਠ ਪਨਪ ਰਹੇ ਜੁਰਮਾਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਪਰੰਪਰਾਗਤ ਰਿਸ਼ਤਿਆਂ ਦੇ ਵਿਚ ਆਈ ਕੁੜੱਤਣ ਅਤੇ ਦੇਹ-ਆਨੰਦ ਨੂੰ ਆਰਥਿਕ ਲੋੜਾਂ 'ਤੇ ਆਸ਼ਰਿਤ ਹੁੰਦਿਆਂ ਦੇਖਦਿਆਂ ਕਈ ਧਾਰਨਾਵਾਂ ਪੇਸ਼ ਕੀਤੀਆਂ ਹਨ। ਉਸ ਨੇ ਸਿਰਲੇਖ 'ਚੱਕ੍ਰਵਯੂਹ ਤੇ ਪਿਰਾਮਿਡ' ਵਿਚ ਚੱਕ੍ਰਵਯੂਹ ਨੂੰ ਮਨੁੱਖੀ ਹੋਂਦ-ਨਿਹੋਂਦ (ਅਸਤਿਤਵੀ ਸਰੋਕਾਰਾਂ) ਅਤੇ



Final Dummy

ਪਿਰਾਮਿਡ ਨੂੰ ਸਭਿਅਤਾ, ਪਿਤਾ-ਪੁਰਖੀ ਪਰੰਪਰਾਵਾਂ, ਮਰਿਆਦਾ, ਸੰਸਥਾਵਾਂ ਆਦਿ ਸ਼ਬਦਾਂ ਨੂੰ ਅਰਥਾਂ ਦੇ ਰੂਪ ਵਿਚ ਵਰਤਿਆ ਹੈ।

## ਹਵਾਲੇ ਤੇ ਟਿੱਪਣੀਆਂ

1. ਡਾ. ਕਮਲੇਸ਼ ਉੱਪਲ, ਪ੍ਰਾਚੀਨ ਯੂਨਾਨੀ ਰੰਗਮੰਚ, ਖੋਜ ਪਤ੍ਰਿਕਾ, 'ਨਾਟ-ਸ਼ੈਲੀਆਂ' ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ, 1997, ਪੰਨਾ 12
2. ਡਾ. ਨਵਨਿੰਦਰਾ ਬਹਿਲ, ਨਾਟਕੀ ਸਾਹਿਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016, ਪੰਨਾ 03
3. ਨਗੇਂਦਰ, ਅਰਸਤੂ ਦਾ ਕਾਵਿ-ਸ਼ਾਸਤਰ, ਹਰਿਭਜਨ ਸਿੰਘ (ਅਨੁ.), ਐਸ. ਚਾਂਦ ਐਂਡ ਕੰਪਨੀ, ਨਵੀਂ ਦਿੱਲੀ, 1964 ਪੰਨਾ 58
4. ਉਹੀ, ਪੰਨਾ 16
5. ਡਾ. ਸਤਨਾਮ ਸਿਘ ਜੱਸਲ, ਰਵਿੰਦਰ ਰਵੀ ਦਾ ਨਾਟ-ਚਿੰਤਨ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2007, ਪੰਨਾ 14
6. ਰਵਿੰਦਰ ਰਵੀ, ਚੱਕ੍ਰਵਯੂਹ ਤੇ ਪਿਰਾਮਿਡ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2010, ਪੰਨਾ 31
7. ਰਵਿੰਦਰ ਰਵੀ, ਚੱਕ੍ਰਵਯੂਹ ਤੇ ਪਿਰਾਮਿਡ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2010, ਪੰਨਾ 87
8. ਉਹੀ, ਪੰਨਾ 97
9. ਰਵਿੰਦਰ ਰਵੀ, ਚੱਕ੍ਰਵਯੂਹ ਤੇ ਪਿਰਾਮਿਡ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2010, ਪੰਨਾ 71
10. ਰਵਿੰਦਰ ਰਵੀ, ਚੱਕ੍ਰਵਯੂਹ ਤੇ ਪਿਰਾਮਿਡ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2010, ਪੰਨਾ 58
11. ਉਹੀ, ਪੰਨਾ 94
12. ਉਹੀ, ਪੰਨਾ 35

ਖੋਜਾਰਥੀ
**ਨਿਸ਼ਾਨ ਸਿੰਘ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਇਹ ਪਰਚਾ 9, 10, 11 ਜਨਵਰੀ, 2019 ਨੂੰ, ਪੰਜਾਬੀ ਯੂਨੀਵਰਸਿਟੀ ਵਿਖੇ ਹੋਈ "ਵਿਸ਼ਵ ਪੰਜਾਬੀ ਸਾਹਿਤ ਕਾਨਫਰੰਸ" ਵਿੱਚ ਪੜ੍ਹਿਆ ਗਿਆ।)

*ਪੁਸਤਕ : ਚੱਕ੍ਰਵਯੂਹ ਤੇ ਪਿਰਾਮਿਡ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, 32-ਬੀ, ਪਲੱਈਅਰ ਗਾਰਡਨ ਮਾਰਕਿਟ, ਚਾਂਦਨੀ ਚੌਕ, ਦਿੱਲੀ-110006
ਪ੍ਰਕਾਸ਼ਨ-ਸਾਲ : 2010



Final Dummy

# "ਫੇਸਬੁੱਕ ਕਵਿਤਾ-2018" ਡੂੰਘੇ ਅਰਥਾਂ ਵਾਲੀ ਸ਼ਾਇਰੀ

ਮਾਰਚ 1961 ਵਿਚ ਆਕਾਸ਼ਵਾਣੀ ਜਲੰਧਰ ਦੇ ਇਕ ਕਮਰੇ ਵਿਚ ਰਿਕਾਰਡਿੰਗ ਲਈ ਇਕੱਠੇ ਹੋਏ ਕੁਝ ਲੇਖਕ ਦੋਸਤ ਇਕ ਦੂਜੇ ਦਾ ਹਾਲ-ਚਾਲ ਪੁੱਛ ਰਹੇ ਸਨ।

"ਲਓ ਬਈ ਮਿੱਤਰੋ ! ਆਪਣੀ ਕਵਿਤਾ ਦੀ ਕਿਤਾਬ ਛਪਣੀ ਸ਼ੁਰੂ ਹੋ ਗਈ। ਮਹੀਨੇ ਕੁ 'ਚ ਤਿਆਰ ਹੋ ਜਾਵੇਗੀ।" ਰਵਿੰਦਰ ਰਵੀ ਨੇ ਐਲਾਨ ਕੀਤਾ।

"ਵਾਹ ! ਨਾਂ ਕੀ ਰੱਖਿਆ ?" ਮੈਂ ਪੁੱਛਿਆ।

"ਦਿਲ ਦਰਿਆ ਸਮੁੰਦਰੋਂ ਡੂੰਘੇ।" ਰਵੀ ਨੇ ਸਭ ਨੂੰ ਦੱਸਿਆ।

ਇਹ ਸ਼ੁਰੂਆਤ ਸੀ। 'ਦਿਲ ਦਰਿਆ ਸਮੁੰਦਰੋਂ ਡੂੰਘੇ' ਵਿਚ ਰਵੀ ਰਚਿਤ ਰਵਾਇਤੀ ਰੰਗ ਦੀਆਂ ਪਿਆਰ ਅਤੇ ਚੜ੍ਹਦੀ ਰੁੱਤ ਦੇ ਹਾਵਾਂ-ਭਾਵਾਂ ਰੰਗੀਆਂ ਕਵਿਤਾਵਾਂ ਸੰਕਲਿਤ ਸਨ। ਇਸ ਪਹਿਲੇ ਕਾਵਿ-ਸੰਗ੍ਰਹਿ ਨਾਲ ਰਵੀ ਦੀ ਕਲਮ ਦਾ ਕਾਵਿ ਸੋਮਾ ਫੁੱਟ ਤੁਰਿਆ ਅਤੇ ਨਿਰੰਤਰ ਵਗਦਾ ਰਿਹਾ। ਫਲਸਰੂਪ ਪਿਛਲੇ ਵਰ੍ਹੇ 2018 ਵਿਚ ਰਵੀ ਰਚਿਤ 22ਵਾਂ ਕਾਵਿ-ਸੰਗ੍ਰਹਿ 'ਫੇਸਬੁੱਕ ਕਵਿਤਾ-2018' ਛਪ ਚੁੱਕਿਆ ਹੈ। 'ਫੇਸਬੁੱਕ ਕਵਿਤਾ-2018' (ਕੀਮਤ : 250 ਰੁਪਏ, ਨੈਸ਼ਨਲ ਬੁੱਕ ਸ਼ਾਪ, ਦਿੱਲੀ) ਤੋਂ ਪਹਿਲਾਂ ਕਵਿਤਾ ਤੋਂ ਇਲਾਵਾ ਰਵੀ ਨੇ ਅਨੇਕਾਂ ਕਾਵਿ-ਨਾਟ, ਕਹਾਣੀ-ਸੰਗ੍ਰਹਿ ਅਤੇ ਸਫ਼ਰਨਾਮੇ ਰਚੇ ਅਤੇ ਪ੍ਰਕਾਸ਼ਿਤ ਕਰਵਾਏ ਹਨ। ਰਵੀ ਨੂੰ ਉਸ ਦੇ ਸਮਕਾਲੀ ਲੇਖਕਾਂ ਵਿਚੋਂ ਸਭ ਤੋਂ ਵੱਧ ਪੁਸਤਕਾਂ ਦਾ ਰਚੇਤਾ ਕਹਿ ਦੇਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਹੱਥਲੀ ਪੁਸਤਕ ਵਿਚ ਰਵਿੰਦਰ ਰਵੀ ਰਚਿਤ 44 ਫੇਸਬੁੱਕ ਕਵਿਤਾਵਾਂ ਅਤੇ ਬਾਰਾਂ ਹੋਰ ਕਵਿਤਾਵਾਂ ਸੰਕਲਿਤ ਹਨ। ਉਮਰ ਦੇ ਇਸ ਪੜਾਅ ਅਤੇ ਇਸ ਸੰਗ੍ਰਹਿ ਤਕ ਪੁੱਜਦਿਆਂ ਉਸ ਅੰਦਰਲਾ ਕਵੀ ਇਕ ਨਿਪੁੰਨ ਕਵੀ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਪ੍ਰਯੋਗਸ਼ੀਲਤਾ, ਨਵੀਨਤਾ, ਆਧੁਨਿਕਤਾ, ਉੱਤਰ-ਆਧੁਨਿਕਤਾ ਅਤੇ ਅਸਤਿਤਵਵਾਦ ਰੂਪੀ ਕਈ ਧਾਰਾਵਾਂ ਰੂਪ ਰੰਗ ਗ੍ਰਹਿਣ ਕਰਨ ਉਪਰੰਤ ਉਹ ਅਸਲ ਜ਼ਿੰਦਗੀ ਅਤੇ ਜੀਵਨ ਦੀ ਕਵਿਤਾ ਵੱਲ ਪਰਤ ਆਇਆ ਹੈ।

ਪੰਜਾਬ (ਭਾਰਤ) ਤੋਂ ਤੁਰ ਕੇ ਕੀਨੀਆ ਵਿਚ ਵਿਚਰਦਿਆਂ ਕੈਨੇਡਾ



ਪਹੁੰਚਿਆ ਰਵੀ ਇਕ ਵਿਸ਼ਵ ਯਾਤਰੀ ਬਣ ਕੇ ਘਾਟ-ਘਾਟ ਦਾ ਪਾਣੀ ਪੀ ਚੁੱਕਾ ਹੈ ਅਤੇ ਆਪਣੀ ਜਾਗਦੀ ਅੱਖ ਨਾਲ ਵਿਸ਼ਵ ਵਰਤਾਰੇ ਨੂੰ ਦੇਖਣ, ਜਾਣਨ ਅਤੇ ਸਮਝਣ ਕਾਰਨ ਉਸ ਦਾ ਅਨੁਭਵ ਅਤਿ ਵਿਸ਼ਾਲ ਅਤੇ ਸੂਖ਼ਮ ਰੂਪ ਵਿਚ ਪ੍ਰਗਟ ਹੁੰਦਾ ਹੈ। ਭਾਵਾਂ ਅਤੇ ਵਿਚਾਰਾਂ ਦੀ ਅਮੀਰੀ ਦੇ ਨਾਲ-ਨਾਲ ਰਵੀ ਦੀ ਕਵਿਤਾ ਦਾ ਰੂਪ ਨਿਖਰ ਕੇ ਸੁਲਝਿਆ, ਸੰਵਰਿਆ ਅਤੇ ਰਵਾਨੀ ਗ੍ਰਹਿਣ ਕਰ ਗਿਆ ਹੈ।

ਰਵੀ ਰਚਿਤ ਨਿੱਕੀਆਂ ਕਵਿਤਾਵਾਂ ਵੀ ਆਪਣੇ ਆਪ ਵਿਚ ਵਧੇਰੇ ਡੂੰਘੇ ਤੇ ਵਿਸ਼ਾਲ ਅਰਥ ਛੁਪਾਈ ਬੈਠੀਆਂ ਹਨ। ਪ੍ਰਮਾਣ ਹਿੱਤ ਕਵਿਤਾਵਾਂ ਹਾਜ਼ਰ ਹਨ :

**ਸਿਰਜਣਾ**

ਸ਼ੋਰ ਦੀ ਭਾਸ਼ਾ ਵਿਚੋਂ ਲੰਘੇ,
ਚੁੱਪ ਦੀ ਭਾਸ਼ਾ ਸਹਿ ਗਏ।
ਆਪਣੇ ਜੇਡੀ ਕਥਦੇ ਕਥਦੇ
ਬ੍ਰਹਿਮੰਡ ਜੇਡੀ ਕਹਿ ਗਏ।

**ਪੱਤਰ ਤੇ ਦਰਿਆ**

ਪੱਤਾ, ਪੱਤਾ ਬਿਰਖ
ਪਾਣੀਏਂ ਕਿਰੇ ਪਿਆ।
ਹਰ ਪੱਤਰ ਦਾ
ਆਪੋ ਆਪਣਾ ਹੈ ਦਰਿਆ !!!

ਸ਼ੋਰ ਦੀ ਭਾਸ਼ਾ ਅਤੇ ਸਵੈਕਥਨ ਦੀ ਗੱਲ ਕਰਦਾ ਹੋਇਆ ਕਵੀ ਸਗਲ ਬ੍ਰਹਿਮੰਡ ਦੀ ਗੱਲ ਕਹਿ ਜਾਣ ਦਾ ਦਾਅਵਾ ਕਰ ਜਾਂਦਾ ਹੈ ਪਰ ਚੁੱਪ ਦੀ ਭਾਸ਼ਾ ਕਿਸੇ ਵਿਰਲੇ ਨੂੰ ਹੀ ਸੁਣਦੀ ਅਤੇ ਸਮਝ ਪੈਂਦੀ ਹੈ। ਪਿਆਰ ਅਨੁਭਵ ਸਬੰਧੀ ਕੁਝ ਕਹਿੰਦਾ ਹੋਇਆ ਰਵੀ ਅਤਿ ਸੰਵੇਦਨਸ਼ੀਲ ਰੂਪ ਵਿਚ ਪ੍ਰਗਟ ਹੁੰਦਾ ਹੈ, ਜਦੋਂ ਉਹ ਲਿਖਦਾ ਹੈ :

ਤੇਰਾ ਛੂਹਣਾ ਹੀ, ਮੇਰੇ ਲਈ,
ਤੇਰੇ ਬੋਲ ਹਨ।
ਤੂੰ ਖ਼ਾਮੋਸ਼ ਰਹਿ ਕੇ ਹੀ,
ਮੇਰੀਆਂ ਅੱਖਾਂ ਵਿਚ ਵੇਖਿਆ ਕਰ,
ਛੂਹਿਆ ਕਰ,
ਮੁਹੱਬਤ
ਸ਼ਬਦਾਂ ਦੀ ਮੁਹਤਾਜ਼ ਨਹੀਂ ਹੁੰਦੀ।

ਫੇਸਬੁੱਕ 'ਤੇ ਪੈਂਦੀਆਂ ਸਾਂਝਾਂ ਦੋਸਤੀਆਂ ਅਤੇ ਪਿਆਰ ਦੀ ਪ੍ਰੀਭਾਸ਼ਾ ਦੱਸਦਾ ਹੋਇਆ ਕਵੀ ਆਧੁਨਿਕ ਜੀਵਨ ਢੰਗ ਦੇ ਕਰੂਰ ਸੱਚ ਦਾ ਪ੍ਰਗਟਾ ਵਿਅੰਗਮਈ ਸ਼ਬਦਾਂ ਵਿਚ ਕਰਦਾ ਹੈ :

ਫੇਸਬੁੱਕ ਦਾ ਇਸ਼ਕ ਅਨੋਖਾ,
ਬੁੱਢੜਾ ਵੀ ਰਾਂਝਾ ਬਣ ਜਾਵੇ।
ਸੁੰਦਰਤਾ ਜਦ ਸਿਰ ਚੜ੍ਹ ਬੋਲੇ,
ਧੀ ਵਰਗੀ, ਮਹਿਬੂਬ ਬਣਾਵੇ।
ਟਿੱਪਣੀ ਵਿਚ 'ਭੈਣ ਜੀ' ਆਖੇ
ਕਲਪਨਾ ਦੇ ਵਿਚ ਸੇਜ ਹੰਢਾਵੇ।
ਬਹੁਅਰਥੇ ਸ਼ਬਦਾਂ ਦੀ ਵਰਤੋਂ,
ਫੁੱਲ ਵਿਚ ਗੰਦੀ ਨਜ਼ਰ ਛੁਪਾਵੇ।
ਇਸ ਜੋਗੀ ਦਾ ਕੈਸਾ ਜੋਗ,
ਤਸਵੀਰਾਂ ਸੰਗ ਨੇਤਰ ਭੋਗ।

ਅਜੋਕੇ ਯੁੱਗ ਵਿਚ ਮੁੰਡੇ-ਕੁੜੀਆਂ ਦੀ ਪਰਪਸਰ ਨੇੜਤਾ ਅਤੇ ਖੁੱਲ੍ਹ ਨੂੰ ਦੇਖਕੇ ਵੱਡੀ ਉਮਰ ਦੇ ਜਾਂ ਬੁੱਢੇ ਹੋ ਗਏ ਵਿਅਕਤੀਆਂ ਨੂੰ ਆਪਣੀ ਜਵਾਨੀ ਵੇਲੇ ਦੀ ਵਰਜਿਤ ਉਮਰ ਦੀ ਯਾਦ ਆਉਂਦੀ ਹੈ ਤਾਂ ਉਹ ਸੋਚਦੇ ਅਤੇ ਤਾਂਘਦੇ ਹਨ ਕਿ ਉਹ ਵੀ ਇਸ ਆਧੁਨਿਕ ਯੁੱਗ ਵਿਚ ਜੰਮੇ ਹੁੰਦੇ। ਰਵੀ ਰਚਿਤ ਇਕ ਨਿੱਕੀ ਕਵਿਤਾ 'ਨਵਾਂ ਜਨਮ' ਪ੍ਰੌੜ ਹੋ ਚੁੱਕੇ ਵਿਅਕਤੀਆਂ ਦੀ ਅੰਤਰ-ਆਤਮਾ ਅਕਾਂਖਿਆ ਨੂੰ ਬੋਲ ਪ੍ਰਦਾਨ ਕਰਦੀ ਹੈ :

**ਨਵਾਂ ਜਨਮ**

ਫੇਸਬੁੱਕ ਦੀਆਂ ਸੁੰਦਰ ਨਾਰਾਂ,
ਤਸਵੀਰਾਂ ਵਿਚ ਜਿਵੇਂ ਬਹਾਰਾਂ,
ਮਹਿਕ ਸੁੰਦਰਤਾ ਚਾਰ ਚੁਫੇਰੇ
ਖੜਕਦੀਆਂ ਹਰ ਦਿਲ ਵਿਚ ਤਾਰਾਂ।
ਜੀ ਕਰਦਾ ਕਿ ਹੰਢੀ ਦੇਹ ਲਾਹ, ਨਵੇਂ ਜਿਸਮ ਵਿਚ
ਜਨਮ ਨਵਾਂ ਮੈਂ ਅੱਜ ਕੋਈ ਧਾਰਾਂ !!!

'ਫੇਸਬੁੱਕ ਕਵਿਤਾ' ਵਿਚ ਸੰਕਲਿਤ ਕੁਝ ਕੁ ਨਿੱਕੀਆਂ ਅਤੇ ਅਤਿ ਨਿੱਕੀਆਂ ਕਵਿਤਾਵਾਂ ਆਧੁਨਿਕ ਜੀਵਨ ਯਥਾਰਥ ਅਤੇ ਅਟੱਲ ਸੱਚ ਦਾ ਪ੍ਰਗਟਾ ਹਨ। ਮਿਸਾਲ ਵਜੋਂ :



**ਤਿੜਕੇ ਸ਼ੀਸ਼ੇ**

ਨਾ ਪਿੰਡ ਹੀ ਬਣੇ ਨਾ ਬ੍ਰਹਿਮੰਡ।
ਸਵੈ ਤੇ ਪਰ ਵਿਚ ਵੰਡੇ,
ਸ਼ੀਸ਼ੇ ਤਿੜਕ ਗਏ !!!

ਹੱਥਲੀ ਪੁਸਤਕ ਵਿਚ ਪੰਨਾ 65 ਤਕ ਫੇਸਬੁੱਕ ਕਵਿਤਾਵਾਂ ਹਨ ਅਤੇ ਪੰਨਾ 67ਤੋਂ 98 ਤਕ ਕੁਝ ਫੁਟਕਲ ਕਵਿਤਾਵਾਂ ਤੇ ਗੀਤ। ਇਸ ਭਾਗ ਵਿਚ 'ਅੱਖ ਦਾ ਵਾਲ', 'ਬੇਨਾਮ', 'ਕਵਣ ਤੁਹਾਡਾ ਦੇਸ਼', 'ਦਿਲ ਦਾ ਮਾਮਲਾ', 'ਅਲਵਿਦਾ ਦਾ ਮੌਸਮ' ਕਾਵਿ-ਨਾਟ 'ਆਪੋ ਆਪਣੇ ਦਰਿਆ' ਦਾ ਥੀਮ-ਗੀਤ, 'ਹੋਂਦ ਨਿਹੋਂਦ' ਲਈ ਲਿਖਿਆ ਮਾਹੀਆ, 'ਸਿਆਸੀ ਦੰਦ ਕਥਾ' ਲਈ ਲਿਖੀ ਕਵੀਸ਼ਰੀ ਆਦਿ ਸੰਕਲਿਤ ਹਨ।

ਇਸ ਤੋਂ ਅਗਾਂਹ 'ਸੁਖਨ ਜਿਨ੍ਹਾਂ ਦੇ ਪੱਲੇ' ਸਿਰਲੇਖ ਅਧੀਨ ਰਵੀ ਕਾਵਿ ਬਾਰੇ ਜਸਪਾਲ ਘਈ ਰਚਿਤ ਪ੍ਰਸੰਸਾਤਮਕ ਲੇਖ ਦਰਜ ਹੈ। ਇਸ ਉਪਰੰਤ ਪੰਨਾ 101 ਤੋਂ 124 ਤਕ ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ, ਕਾਵਿਨਾਟਕਾਂ, ਕਹਾਣੀ-ਸੰਗ੍ਰਹਿਆਂ ਅਤੇ ਫੁਟਕਲ ਪੁਸਤਕਾਂ ਦਾ ਵੇਰਵਾ, ਰਵੀ ਦੇ ਸਾਹਿਤ 'ਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ ਦਾ ਵੇਰਵਾ, ਪੀਐੱਚ.ਡੀ. ਪੱਧਰ ਦਾ ਖੋਜ ਕਾਰਜ, ਐੱਮ.ਫਿਲ ਪੱਧਰ ਦਾ ਖੋਜ ਕਾਰਜ, ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ, ਸਨਮਾਨਾਂ ਦਾ ਵੇਰਵਾ ਆਦਿ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਪ੍ਰਕਾਸ਼ਿਤ ਹੈ।

ਅੰਤਲੇ ਭਾਗ 'ਪੁਸਤਕ ਦਰਸ਼ਨ' ਸਿਰਲੇਖ ਅਧੀਨ ਰਵੀ ਰਚਿਤ ਦੋ ਪੁਸਤਕਾਂ ਦੇ ਅਖ਼ਬਾਰਾਂ ਵਿਚ ਛਪੇ ਰੀਵਿਊ ਪ੍ਰਕਾਸ਼ਿਤ ਹਨ। ਇਹ ਟਿੱਪਣੀਆਂ ਅਤੇ ਰੀਵਿਊ ਨਾ ਵੀ ਛਾਪੇ ਜਾਂਦੇ ਤਾਂ ਕਾਵਿ-ਸੰਗ੍ਰਹਿ ਦਾ ਕੱਦ ਨੀਵਾਂ ਨਹੀਂ ਸੀ ਹੋਣਾ, ਪਰ ਪ੍ਰਚਾਰ ਦਾ ਯੁੱਗ ਹੈ।

ਇਸ ਕਾਵਿ-ਸੰਗ੍ਰਹਿ ਵਿਚ ਪ੍ਰਕਾਸ਼ਿਤ ਕਵਿਤਾਵਾਂ ਕਵੀ ਦੇ ਕਾਵਿਕ ਕੱਦ-ਕਾਠ ਦੀਆਂ ਸ਼ਾਖਸੀ ਹਨ। ਉਮਰ ਦੇ ਅੱਠ ਦਹਾਕੇ ਪਾਰ ਕਰ ਚੁੱਕੇ ਕਵੀ ਦੀਆਂ ਕਵਿਤਾਵਾਂ ਦੇ ਇਸ ਸੰਗ੍ਰਹਿ ਦਾ ਅਧਿਐਨ ਉਸ ਦੀ ਕਲਮ ਤੋਂ ਪੰਜਾਬੀ ਜਗਤ ਨੂੰ ਹੋਰ ਵੀ ਸ੍ਰੇਸ਼ਟ ਅਤੇ ਉੱਚ ਕੋਟੀ ਦੀਆਂ ਰਚਨਾਵਾਂ ਦੀ ਆਸ ਬਣਾਉਂਦਾ ਹੈ।

ਰੀਵਿਊਕਾਰ : **ਡਾ. ਸੁਰਿੰਦਰ ਗਿੱਲ**
ਸੰਪਰਕ : 9915473505

**"ਪੰਜਾਬੀ ਟ੍ਰਿਬਿਊਨ"**, ਚੰਡੀਗੜ੍ਹ, ਭਾਰਤ
ਅਗਸਤ 4, 2019